ਚੌਦਵਾਂ ਸਾਲ
PARDES TIMES
14th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ) | ਮਾਂ ਬੋਲੀ ਨੂੰ ਸਮਰਪਿਤ | pardestimes | ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 14 No. 343 March 25, 2020 | E-mali : info@pardestimes.com | Ph 510-938-7771 | Ph 530-315-1020

# ਅਮਰੀਕਾ 'ਚ ਵੱਡੇ ਪੱਧਰ 'ਤੇ ਲਾਕਅਪ ਦੇ ਬਾਵਜੂਦ ਕਰੋਨਾ ਦਾ ਕਹਿਰ ਜਾਰੀ

## ਪੂਰੀ ਦੁਨੀਆਂ ਵਿਚ ਕਰੋਨਾ ਦੀ ਹਾਹਾਕਾਰ, ਅਮਰੀਕਾ ਵਿਚ 400 ਤੋਂ ਵੱਧ ਮੌਤਾਂ, ਹਜਾਰਾਂ ਪ੍ਰਭਾਵਿਤ

ਵਾਸ਼ਿੰਗਟਨ- ਅਮਰੀਕੀ ਆਬਾਦੀ ਦਾ ਤੀਜਾ ਹਿੱਸਾ ਇਸ ਵੇਲੇ ਲਾਕਅਪ ਅਧੀਨ ਹੈ। ਨਿਊਯਾਰਕ, ਸ਼ਿਕਾਗੋ ਤੇ ਲਾਸ ਏਂਜਲਸ 'ਚ ਵੀ ਤਾਲਾਬੰਦੀ ਹੈ ਪਰ ਪੀੜਤਾਂ ਦੀ ਗਿਣਤੀ ਫਿਰ ਵੀ ਅਮਰੀਕਾ ਵਿਚ ਵਧਦੀ ਹੀ ਜਾ ਰਹੀ ਹੈ। ਨਿਊਯਾਰਕ ਦੇ ਮੇਅਰ ਨੇ ਕਿਹਾ ਹੈ ਕਿ ਸ਼ਹਿਰ ਵਿਚ ਦਸ ਦਿਨਾਂ 'ਚ ਵੈਂਟੀਲੇਟਰ ਮੁੱਕ ਜਾਣਗੇ। ਇਕ ਖ਼ਰਬ ਡਾਲਰ ਦੀ ਸੈਨੇਟ ਦੀ ਤਜਵੀਜ਼ ਪਾਸ ਨਹੀਂ ਹੋ ਸਕੀ ਹੈ ਕਿਉਂਕਿ ਡੈਮੋਕਰੈਟਾਂ ਨੇ ਇਸ ਨੂੰ ਸਮਰਥਨ ਨਹੀਂ ਦਿੱਤਾ। ਇਸ ਨਾਲ ਨਿਵੇਸ਼ਕ ਹੋਰ ਘਬਰਾ ਗਏ ਹਨ।



**ਚੀਨ ਵੱਲੋਂ ਦੇਰ ਨਾਲ ਜਾਣਕਾਰੀ ਦੇਣ ਤੋਂ ਨਾਰਾਜ਼ ਹਾਂ: ਟਰੰਪ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਚੀਨ ਵੱਲੋਂ 'ਕਰੋਨਾਵਾਇਰਸ' ਮਹਾਮਾਰੀ ਦੀ ਜਾਣਕਾਰੀ ਦੇਰੀ ਨਾਲ ਸਾਂਝੀ ਕੀਤੇ ਜਾਣ ਅਤੇ ਆਪਣੀ 'ਆਕੜ' ਕਾਰਨ ਅਮਰੀਕੀ ਮੈਡੀਕਲ ਮਾਹਿਰਾਂ ਦਾ ਦੌਰਾ ਕਰਵਾਉਣ ਤੋਂ ਨਾਂਹ ਕਰਨ ਤੋਂ ਥੋੜ੍ਹੇ ਨਾਰਾਜ਼ ਹਨ। ਵ੍ਹਾਈਟ ਹਾਊਸ 'ਚ ਐਤਵਾਰ ਪ੍ਰੈੱਸ ਕਾਨਫਰੰਸ ਦੌਰਾਨ ਕਰੋਨਾਵਾਇਰਸ ਸਬੰਧੀ ਪ੍ਰਬੰਧਾਂ ਬਾਰੇ ਬੋਲਦਿਆਂ ਸ੍ਰੀ ਟਰੰਪ ਨੇ ਕਿਹਾ, ''ਉਨ੍ਹਾਂ ਵੱਲੋਂ ਸਾਨੂੰ ਇਸ ਬਾਰੇ ਦੱਸਿਆ ਜਾਣਾ ਚਾਹੀਦਾ ਸੀ।'' ਉਨ੍ਹਾਂ ਕਿਹਾ, 'ਮੈਂ ਚੀਨ ਤੋਂ ਥੋੜ੍ਹਾ ਨਾਰਾਜ਼ ਹਾਂ। ਮੈਂ ਤੁਹਾਡੇ ਪ੍ਰਤੀ ਇਮਾਨਦਾਰ ਹੋਵਾਂਗਾ, ਕਿਉਂਕਿ ਜਿੰਨਾ ਮੈਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਪਸੰਦ ਕਰਦਾ ਹਾਂ ਓਨਾ ਹੀ ਦੇਸ਼ ਦਾ ਸਤਿਕਾਰ ਅਤੇ ਪ੍ਰਸ਼ੰਸਾ ਕਰਦਾ ਹਾਂ।'' ਅਮਰੀਕਾ ਵਿੱਚ ਮੌਜੂਦਾ ਸਮੇਂ 31,057 ਤੋਂ ਵੱਧ ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ ਜਿਨ੍ਹਾਂ ਵਿੱਚ 400 ਮੌਤਾਂ ਵੀ ਸ਼ਾਮਲ ਹਨ। ਸ੍ਰੀ ਟਰੰਪ ਨੇ ਕਿਹਾ ਕਿ ਚੀਨ ਵਿੱਚ ਇਹ ਮਹਾਮਾਹੀ ਫੈਲਣ ਤੋਂ ਤੁਰੰਤ ਬਾਅਦ ਉਹ ਚੀਨ ਵਿੱਚ ਅਮਰੀਕਾ ਤੋਂ ਮੈਡੀਕਲ ਟੀਮ ਉੱਥੇ ਭੇਜਣਾ ਚਾਹੁੰਦੇ ਸਨ ਪਰ ਚੀਨ ਵੱਲੋਂ ਇਸ ਦੀ ਆਗਿਆ ਨਹੀਂ ਦਿੱਤੀ ਗਈ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਚੀਨੀ ਰਾਸ਼ਟਰ-ਪਤੀ ਸ਼ੀ ਜਿਨਪਿੰਗ ਨੂੰ ਅਮਰੀਕਾ ਦੀ ਮੈਡੀਕਲ ਟੀਮ ਚੀਨ ਭੇਜਣ ਦੀ ਪੇਸ਼ਕਸ਼ ਕੀਤੀ ਸੀ ਪਰ ਉਨ੍ਹਾਂ ਵੱਲੋਂ ਆਪਣੇ ਦੇਸ਼ ਦੀ ਸਾਖ ਨੂੰ ਖੋਰਾ ਲੱਗਣ ਦੇ ਡਰੋਂ 'ਆਕੜ' ਕਾਰਨ ਮੈਡੀਕਲ ਟੀਮ ਨੂੰ ਦੌਰਾ ਕਰਨ ਦੀ ਇਜ਼ਾਜਤ ਨਹੀਂ ਦਿੱਤੀ। ਉਨ੍ਹਾਂ ਵੱਲੋਂ ਦੇਸ਼ ਦੇ ਅੰਦਰੂਨੀ ਹਾਲਾਤ ਬਾਰੇ ਸਾਨੂੰ ਬਹੁਤ ਪਹਿਲਾਂ ਦੱਸਿਆ ਜਾਣਾ ਚਾਹੀਦਾ ਸੀ।

**ਰੋਮ-** ਕਰੋਨਾਵਾਇਰਸ ਮਹਾਮਾਰੀ ਨੂੰ ਰੋਕਣ ਲਈ ਆਲਮੀ ਪੱਧਰ 'ਤੇ ਮਿਸਾਲੀ ਉਪਰਾਲੇ ਕੀਤੇ ਜਾ ਰਹੇ ਹਨ। ਕਈ ਮੁਲਕਾਂ ਤੇ ਸ਼ਹਿਰਾਂ ਨੇ 'ਤਾਲਾਬੰਦੀ' ਦਾ ਐਲਾਨ ਕੀਤਾ ਹੈ। ਮੌਤਾਂ ਦੀ ਗਿਣਤੀ 15000 ਦਾ ਅੰਕੜਾ ਛੂਹ ਰਹੀ ਹੈ। ਜਰਮਨੀ 'ਚ ਦੋ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਰੋਕ ਲਾਈ ਜਾ ਰਹੀ ਹੈ। ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਵੀ ਖ਼ੁਦ ਨੂੰ ਇਕਾਂਤ 'ਚ ਰੱਖ ਰਹੀ ਹੈ ਕਿਉਂਕਿ ਉਹ ਇਕ ਕਰੋਨਾ ਪਾਜ਼ੇਟਿਵ ਡਾਕਟਰ ਦੇ ਸੰਪਰਕ ਵਿਚ ਆਈ ਸੀ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਕਿਹਾ ਹੈ ਕਿ ਪਤਾ ਨਹੀਂ ਕਿੰਨੇ ਦਹਾਕਿਆਂ ਬਾਅਦ ਉਨ੍ਹਾਂ ਦੇ ਮੁਲਕ ਨੂੰ ਐਨਾ ਵੱਡਾ ਆਰਥਿਕ ਝਟਕਾ ਲੱਗਾ ਹੈ। ਮੁਲਕ ਨੂੰ 1930 ਵਰਗੀ ਮਹਾਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਨਿਊਜ਼ੀਲੈਂਡ ਨੇ ਚਾਰ ਹਫ਼ਤਿਆਂ ਦੀ ਤਾਲਾਬੰਦੀ ਦਾ ਐਲਾਨ ਕੀਤਾ ਹੈ। ਹਾਂਗਕਾਂਗ ਸਾਰੇ ਗ਼ੈਰ ਰਿਹਾਇਸ਼ੀ ਵਿਅਕਤੀਆਂ ਦਾ ਦਾਖ਼ਲਾ ਮੁਲਕ ਵਿਚ ਬੰਦ ਕਰ ਰਿਹਾ ਹੈ। ਨਵੇਂ ਚੁੱਕੇ ਜਾ ਰਹੇ ਕਦਮ ਦੁਨੀਆ ਭਰ ਵਿਚ ਫ਼ੈਲ ਰਹੇ ਸਹਿਮ ਨੂੰ ਉਜਾਗਰ ਕਰਦੇ ਹਨ। ਟੋਕੀਓ ਓਲੰਪਿਕ ਮੁਲਤਵੀ ਹੋਣ ਦੇ ਆਸਾਰ ਵਧਦੇ ਜਾ ਰਹੇ ਹਨ। ਕੈਨੇਡਾ ਨੇ ਅਥਲੀਟ ਨਾ ਭੇਜਣ ਦਾ ਫ਼ੈਸਲਾ ਕੀਤਾ ਹੈ। ਅਮਰੀਕਾ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਰੋਨਾਵਾਇਰਸ ਦਾ ਕੇਂਦਰ ਬਣੀਆਂ ਥਾਵਾਂ 'ਤੇ ਹਜ਼ਾਰਾਂ ਐਮਰਜੈਂਸੀ ਹਸਪਤਾਲ ਬੈੱਡ ਤਿਆਰ ਕਰਨ ਦਾ ਹੁਕਮ ਦਿੱਤਾ ਹੈ। ਯੂਰੋਪ ਕਰੋਨਾਵਾਇਰਸ ਦਾ ਕੇਂਦਰ ਬਿੰਦੂ ਬਣਿਆ ਹੋਇਆ ਹੈ। ਇਟਲੀ ਵਿਚ ਐਤਵਾਰ 651 ਮੌਤਾਂ ਹੋਈਆਂ ਹਨ ਤੇ ਅੰਕੜਾ 5500 ਨੂੰ ਅੱਪੜ ਗਿਆ ਹੈ। ਯੂਰੋਪੀ ਮੁਲਕ ਲੋਕਾਂ ਦੀ ਆਵਾਜਾਈ ਸੀਮਤ ਕਰਨ ਲਈ ਸਖ਼ਤ ਕਦਮ ਚੁੱਕ ਰਹੇ ਹਨ। ਇਟਲੀ, ਸਪੇਨ, ਫਰਾਂਸ, ਗਰੀਸ ਤਾਲਾਬੰਦੀ ਕਰ ਚੁੱਕੇ ਹਨ। ਇਸ ਨਾਲ ਸੈਰ-ਸਪਾਟਾ ਸਨਅਤ ਬਿਲਕੁਲ ਸੁੰਗੜ ਗਈ ਹੈ।

ਇਟਲੀ ਵਿਚ ਪੁਲੀਸ ਸੜਕਾਂ ਤੇ ਬੀਚਾਂ 'ਤੇ ਘੁੰਮ ਰਹੀ ਹੈ ਤਾਂ ਕਿ ਲੋਕਾਂ ਨੂੰ ਬਾਹਰ ਨਿਕਲਣ ਤੋਂ ਰੋਕਿਆ ਜਾ ਸਕੇ। ਪੋਪ ਨੇ ਵੀ ਆਨਲਾਈਨ ਹੋ ਕੇ ਇਟਲੀ ਦੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਲਈ ਕਿਹਾ ਹੈ। ਸਪੇਨ ਵੀ ਐਮਰਜੈਂਸੀ ਨੂੰ 15 ਦਿਨ ਹੋਰ ਵਧਾਉਣ ਦੀ ਤਿਆਰੀ ਕਰ ਰਿਹਾ ਹੈ। ਮੁਲਕ ਵਿਚ ਐਤਵਾਰ ਨੂੰ 400 ਮੌਤਾਂ ਹੋਈਆਂ ਹਨ ਤੇ ਕੁੱਲ ਗਿਣਤੀ 1720 ਹੋ ਗਈ ਹੈ। ਇਸ ਤੋਂ ਜਾਪਦਾ ਹੈ ਕਿ ਤਾਲਾਬੰਦੀ ਦਾ ਬਹੁਤਾ ਫ਼ਰਕ ਨਹੀਂ ਪਿਆ। ਓਪੇਰਾ ਸਟਾਰ ਪਲੈਸਿਡੋ ਡੋਮਿੰਗੋ ਵੀ ਕਰੋਨਾ ਪਾਜ਼ੇਟਿਵ ਹਨ। ਫ਼ਰਾਂਸ 'ਚ 674 ਮੌਤਾਂ ਹੋਈਆਂ ਹਨ।

ਕੁਝ ਇਲਾਕਿਆਂ ਵਿਚ ਕਰਫਿਊ ਲਾਇਆ ਗਿਆ ਹੈ। ਜਿਵੇਂ-ਜਿਵੇਂ ਬੀਮਾਰੀ ਵੱਧ ਰਹੀ ਹੈ, ਡਾਕਟਰਾਂ ਨੂੰ ਫ਼ੈਸਲਾ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਕਿ ਕਿਸ ਨੂੰ ਬਚਾਇਆ ਜਾਵੇ ਤੇ ਕਿਸ ਨੂੰ ਛੱਡਿਆ ਜਾਵੇ। ਇਹ ਉਨ੍ਹਾਂ ਲਈ ਮਾਨਸਿਕ ਬੋਝ ਬਣ ਰਿਹਾ ਹੈ। ਚੀਨ 'ਚ ਸੋਮਵਾਰ ਸਥਾਨਕ ਪੱਧਰ 'ਤੇ ਕੋਈ ਨਵਾਂ ਕੇਸ ਨਹੀਂ ਆਇਆ ਪਰ 39 ਬਾਹਰਲੇ ਕੇਸ ਹਨ।

**ਇਟਲੀ ਵਰਗੀ ਸਥਿਤੀ ਹੁੰਦੀ ਜਾ ਰਹੀ ਹੈ ਬਰਤਾਨੀਆ ਦੀ**

ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਅੱਜ ਚਿਤਾਵਨੀ ਦਿੰਦਿਆਂ ਕਿਹਾ ਕਿ ਮੁਲਕ ਦੇ ਹਾਲਾਤ ਇਟਲੀ ਵਰਗੇ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਉਸ ਸਥਿਤੀ ਵੱਲ ਹੀ ਵੱਧ ਰਹੇ ਹਾਂ ਤੇ ਕੁਝ ਹਫ਼ਤੇ ਬਾਅਦ ਅਜਿਹਾ ਹੋਣ ਦੀ ਸੰਭਾਵਨਾ ਬਣ ਰਹੀ ਹੈ।

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann | MANN@GGIABA.COM | Gurcharan Singh Mann
Mann Insurance Brokers Inc.
4123 Dyer St., #230, Union City, CA 94587

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਚਾਹੀਦੀ ਹੋਵੇ
ਕਾਰ, ਘਰ, ਬਿਜਨਸ, ਹੜ੍ਹਾਂ ਦੀ ਇੰਸ਼ੋਰੈਂਸ
ਇਕੋ ਦਿਨ ਵਿਚ ਇਸ਼ੋਰੈਂਸ ਲਵੋ। ਬਹੁਤ ਸਾਲਾਂ ਤੋਂ ਤਜਰਬੇਕਾਰ ਤੇ ਬਹੁਤ ਹੀ ਮਿਲਣਸਾਰ ਸ. ਮਨਜੀਤ ਸਿੰਘ ਨੂੰ ਇਕ ਵਾਰ ਫੋਨ ਜ਼ਰੂਰ ਕਰੋ।
Auto, Home, Business, Flood Insurance (1 Day Event)
Manjit Singh 916-391-7447
Fax- 916-391-7337
7212 Florin Mall Drive Sacramento, CA 95823
Email: punjabinsurance@Juno.com
Notary Public
Broker Lic #0C53799

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44808 S. Grimmer Blvd # 208 Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Allstate. You're in good hands.
Avninder Singh
Insurance Specialist, CA Lic. # 0822501
Auto · Home · Life · Health · Business · Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545




# ਮਰਦਮਸ਼ੁਮਾਰੀ ਇਕ ਸਧਾਰਨ ਅਤੇ ਗੁਪਤ ਰੱਖੇ ਜਾਣ ਵਾਲੇ 9 ਸਵਾਲਾਂ ਦਾ ਸਰਵੇਖਣ ਹੈ

ਕਮਿਊਨਿਟੀ ਦੀ ਗਿਣਤੀ
ਪਰਿਵਾਰਾਂ ਦੀ ਗਿਣਤੀ
ਹਰੇਕ ਵਿਅਕਤੀ ਦੀ ਗਿਣਤੀ

ਅੱਜ ਹੀ
ਮਰਦਮਸ਼ੁਮਾਰੀ
ਵਿਚ ਸ਼ਾਮਲ ਹੋਵੋ

CENSUS CALIFORNIA ALL 2020

CaliforniaCensus.org

# ਪੰਜਾਬ ਤੇ ਚੰਡੀਗੜ੍ਹ ’ਚ ਕਰਫਿਊ ਸਖਤੀ ਨਾਲ ਲਾਗੂ

ਚੰਡੀਗੜ੍ਹ- ਕਰੋਨਾਵਾਇਰਸ ਮਹਾਮਾਰੀ ਤੋਂ ਲੋਕਾਂ ਨੂੰ ਬਚਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੂਰੇ ਪੰਜਾਬ ’ਚ ਕਰਫਿਊ ਲਾਉਣ ਦਾ ਹੁਕਮ ਦਿੱਤਾ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਕੋਵਿਡ-19 ਦੇ ਟਾਕਰੇ ਲਈ ਇਹ ਸਖ਼ਤ ਫੈਸਲਾ ਲਿਆ ਹੈ। ਮੁੱਖ ਸਕੱਤਰ ਕਰਨ ਅਵਤਾਰ ਸਿੰਘ ਅਤੇ ਡੀਜੀਪੀ ਦਿਨਕਰ ਗੁਪਤਾ ਨਾਲ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ ਮੁੱਖ ਮੰਤਰੀ ਨੇ ਕਰਫਿਊ ਲਾਗੂ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ, ’’ਡਿਪਟੀ ਕਮਿਸ਼ਨਰਾਂ ਨੂੰ ਕਰਫਿਊ ਲਾਗੂ ਕਰਨ ਦੇ ਸਾਰੇ ਅਧਿਕਾਰ ਦਿੱਤੇ ਗਏ ਹਨ। ਜਿਸ ਵੀ ਵਿਅਕਤੀ ਨੂੰ ਛੋਟ ਦੀ ਲੋੜ ਹੈ, ਉਸ ਨੂੰ ਵਿਸ਼ੇਸ਼ ਮੰਤਵ ਅਤੇ ਤੈਅ ਸਮੇਂ ਲਈ ਛੋਟ ਦਿੱਤੀ ਜਾਵੇ।’’





ਕਰੋਨਾਵਾਇਰਸ ਦੇ ਵਧਦੇ ਪ੍ਰਕੋਪ ਨੂੰ ਦੇਖਦਿਆਂ ਅਣਮਿੱਥੇ ਸਮੇਂ ਲਈ ਲਾਈਆਂ ਜਾ ਰਹੀਆਂ ਬੰਦਸ਼ਾਂ ਦੇ ਨਤੀਜੇ ਵਜੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਕੈਪਟਨ ਨੇ ਕਈ ਤਰ੍ਹਾਂ ਦੀਆਂ ਰਿਆਇਤਾਂ ਦਾ ਵੀ ਐਲਾਨ ਕੀਤਾ ਹੈ। ਲੋੜਵੰਦਾਂ ਨੂੰ ਖਾਣੇ, ਰਹਿਣ ਅਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 20 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਡਿਪਟੀ ਕਮਿਸ਼ਨਰਾਂ ਅਤੇ ਐਸਡੀਐਮਜ਼ ਨੂੰ ਲੋੜਵੰਦਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਵੀ ਕਿਹਾ ਗਿਆ ਹੈ। ਉਨ੍ਹਾਂ ਸੂਬੇ ਵਿੱਚ ਬਿਜਲੀ, ਪਾਣੀ ਅਤੇ ਸੀਵਰੇਜ ਆਦਿ ਦੇ ਬਿੱਲਾਂ ਦੀ ਆਖਰੀ ਤਰੀਕ ਮੁਲਤਵੀ ਕਰਨ ਦਾ ਵੀ ਐਲਾਨ ਕੀਤਾ।

ਕੋਵਿਡ-19 ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਦੇ ਹਿੱਸੇ ਵਜੋਂ ਸੂਬਾ ਸਰਕਾਰ ਨੇ ਘਰੇਲੂ ਇਕਾਂਤਵਾਸ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਕਾਨੂੰਨੀ ਕਾਰਵਾਈ ਵੀ ਆਰੰਭੀ ਹੈ। ਮੁੱਖ ਮੰਤਰੀ ਨੇ ਪਹਿਲਾਂ ਟਵੀਟ ਕੀਤਾ, ’’ਹਰੇਕ ਦੀ ਭਲਾਈ ਲਈ ਸਾਰੇ ਉਪਾਅ ਕੀਤੇ ਜਾ ਰਹੇ ਹਨ। ਹਾਲਾਂਕਿ ਮੈਂ ਖੁਸ਼ ਹਾਂ ਕਿ ਹਰ ਕੋਈ ਸਹਿਯੋਗ ਦੇ ਰਿਹਾ ਹੈ ਪਰ ਮੈਂ ਕੁਝ ਜਣਿਆਂ ਨੂੰ ਕੋਵਿਡ ਖਿਲਾਫ਼ ਚੁੱਕੇ ਕਦਮਾਂ ਦੇ ਰਾਹ ਵਿੱਚ ਅੜਿੱਕਾ ਨਹੀਂ ਬਣਨ ਦੇਵਾਂਗਾ।’’

ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਕਿਹਾ ਕਿ ਕੈਪਟਨ ਨੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਨੂੰ ਆਦੇਸ਼ ਦਿੱਤੇ ਹਨ ਕਿ ਸਾਰੀਆਂ ਨਗਰ ਨਿਗਮਾਂ, ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਪਾਣੀ ਤੇ ਸੀਵਰੇਜ ਦੇ ਬਿੱਲਾਂ ਦੀ ਆਖਰੀ ਤਰੀਕ ਮੁਲਤਵੀ ਕਰ ਦਿੱਤੀ ਜਾਵੇ ਜਦਕਿ ਪ੍ਰਾਪਰਟੀ ਟੈਕਸ ਵਿੱਚ ਮੁਆਫੀ ਦੀ ਸਕੀਮ 31 ਮਈ ਤੱਕ ਵਧਾ ਦਿੱਤੀ ਗਈ ਹੈ। ਇਸ ਦੌਰਾਨ ਸਾਰੇ ਘਰੇਲੂ, ਵਪਾਰਕ ਅਤੇ ਛੋਟੇ ਬਿਜਲੀ ਉਦਯੋਗਿਕ ਖਪਤਕਾਰਾਂ ਦੇ 10 ਹਜ਼ਾਰ ਰੁਪਏ ਤੱਕ ਦੇ ਮਹੀਨਾKਦੋ ਮਹੀਨਿਆਂ ਦੇ ਬਿਜਲੀ ਬਿੱਲ ਜੋ 20 ਮਾਰਚ ਜਾਂ ਬਾਅਦ ’ਚ ਭਰੇ ਜਾਣੇ ਸਨ, ਵਿੱਚ 15 ਅਪਰੈਲ ਤੱਕ ਵਾਧਾ ਕਰ ਦਿੱਤਾ ਗਿਆ ਹੈ। ਪੰਜਾਬ ਰਾਜ ਬਿਜਲੀ ਨਿਗਮ ਨੂੰ ਖਪਤਕਾਰਾਂ ਤੋਂ ਦੇਰੀ ਨਾਲ ਅਦਾਇਗੀ ਕਰਨ ’ਤੇ ਲਗਦੇ ਚਾਰਜ ਨਾ ਵਸੂਲਣ ਲਈ ਆਖਿਆ ਹੈ ਜਿਸ ਨਾਲ 35 ਲੱਖ ਖਪਤਕਾਰਾਂ ਨੂੰ ਫਾਇਦਾ ਪਹੁੰਚੇਗਾ। ਮੁੱਖ ਮੰਤਰੀ ਨੇ ਟਰਾਂਸਪੋਰਟ ਵਿਭਾਗ ਨੂੰ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ ਅਧੀਨ ਸਾਰੇ ਟੈਕਸਾਂ ਦੀ ਆਖਰੀ ਤਰੀਕ 30 ਅਪਰੈਲ ਤੱਕ ਵਧਾਉਣ ਦੇ ਹੁਕਮ ਦਿੱਤੇ ਹਨ। ਸਰਕਾਰੀ ਅਤੇ ਪ੍ਰਾਈਵੇਟ ਵਾਹਨਾਂ ਨੂੰ ਇਸ ਸਮੇਂ ਦੌਰਾਨ ਚੱਲਣ ਦੀ ਆਗਿਆ ਨਹੀਂ ਹੋਵੇਗੀ ਜਿਸ ਕਰ ਕੇ ਇਨ੍ਹਾਂ ਨੂੰ ਉਸ ਸਮੇ ਤੱਕ ਮੋਟਰ ਵਹੀਕਲ ਟੈਕਸ ਤੋਂ 100 ਫੀਸਦੀ ਛੋਟ ਮਿਲੇਗੀ। ਇਨ੍ਹਾਂ ਤੋਂ ਇਲਾਵਾ 15 ਮਾਰਚ ਤੋਂ 15 ਅਪਰੈਲ ਤਕ ਨਵਿਆਉਣ/ਪਾਸ ਹੋਣ ਵਾਲੇ ਵਾਹਨਾਂ ’ਤੇ ਦੇਰੀ ਲਈ ਕੋਈ ਜੁਰਮਾਨਾ ਨਹੀਂ ਵਸੂਲਿਆ ਜਾਵੇਗਾ। ਇਸ ਔਖੀ ਘੜੀ ਵਿੱਚ ਕਿਸਾਨਾਂ ਦੀ ਮਦਦ ਵੱਲ ਹੱਥ ਵਧਾਉਂਦਿਆਂ ਸਹਿਕਾਰਤਾ ਵਿਭਾਗ ਨੇ ਉਨ੍ਹਾਂ ਦੀਆਂ ਫਸਲਾਂ ’ਤੇ ਦੰਡ ਵਿਆਜ ਦੋ ਮਹੀਨਿਆਂ (ਮਾਰਚ-ਅਪਰੈਲ) ਲਈ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ। ਇਹ ਕਿਸਾਨ 30 ਅਪਰੈਲ ਤੱਕ ਫਸਲੀ ਕਰਜ਼ੇ ਅਦਾ ਕਰ ਸਕਣਗੇ।

# ਅਗਲੇ ਸਾਲ ਹੋਣ ਵਾਲੀਆਂ ਓਲੰਪਿਕ ਖੇਡਾਂ ਦਾ ਮੁਲਤਵੀ ਹੋਣਾ ਤੈਅ- ਜਾਪਾਨ

ਟੋਕੀਓ- ਕੈਨੇਡਾ ਕਰੋਨਾਵਾਇਰਸ ਕਾਰਨ ਟੋਕੀਓ ਓਲੰਪਿਕ ਤੋਂ ਹਟ ਗਿਆ, ਜਿਸ ਮਗਰੋਂ ਜਾਪਾਨ ਦੇ ਪ੍ਰਧਾਨ ਮੰਤਰੀ ਨੇ ਅੱਜ ਸਵੀਕਾਰ ਕੀਤਾ ਕਿ ਖੇਡਾਂ ਮੁਲਤਵੀ ਹੋਣਾ ’ਤੈਅ’ ਹੈ। ਹਾਲਾਂਕਿ ਕੌਮਾਂਤਰੀ ਓਲੰਪਿਕ ਕਮੇਟੀ (ਆਈਓਸੀ) ਨੇ ਚਾਰ ਹਫ਼ਤਿਆਂ ਦੇ ਅੰਦਰ ਫ਼ੈਸਲਾ ਲੈਣ ਦਾ ਐਲਾਨ ਕੀਤਾ ਹੈ। ਆਸਟਰੇਲੀਆ ਨੇ ਵੀ ਆਪਣੇ ਖਿਡਾਰੀਆਂ ਨੂੰ ਟੋਕੀਓ ਓਲੰਪਿਕ-2021 ਦੀਆਂ ਤਿਆਰੀਆਂ ਕਰਨ ਲਈ ਕਿਹਾ ਹੈ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ 24 ਜੁਲਾਈ ਤੋਂ 9 ਅਗਸਤ ਦਰਮਿਆਨ ਹੋਣ ਵਾਲਾ ਇਹ ਖੇਡ ਕੁੰਭ ਮੁਲਤਵੀ ਹੋਵੇਗਾ। ਜਾਪਾਨ ਅਤੇ ਓਲੰਪਿਕ ਦੇ ਅਧਿਕਾਰੀ ਲਗਾਤਾਰ ਕਹਿੰਦੇ ਆਏ ਹਨ ਕਿ ਖੇਡਾਂ ਸਮੇਂ ਸਿਰ ਹੋਣ-ਗੀਆਂ, ਪਰ ਦੁਨੀਆਂ ਭਰ ਤੋਂ ਖੇਡ ਫੈਡਰੇਸ਼ਨਾਂ ਅਤੇ ਖਿਡਾਰੀਆਂ ਦੇ ਵਿਰੋਧ ਮਗਰੋਂ ਉਨ੍ਹਾਂ ਦਾ ਰੁਖ਼ ਬਦਲ ਗਿਆ ਹੈ। ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨੇ ਸੰਸਦ ਵਿੱਚ ਕਿਹਾ ਕਿ ਜਾਪਾਨ ਖੇਡਾਂ ਦੀ ਸਫਲਤਾ ਲਈ ਦ੍ਰਿੜ੍ਹ ਹੈ। ਉਸਨੇ ਹਾਲਾਂਕਿ ਕਿਹਾ, ’’ਜੇਕਰ ਮੁਸ਼ਕਲ ਹਾਲਾਤ ਜਾਰੀ ਰਹਿੰਦੇ ਹਨ ਤਾਂ ਖਿਡਾਰੀਆਂ ਦੀ ਸੁਰੱਖਿਆ ਨੂੰ ਤਰਜੀਹ ਦਿੰਦਿਆਂ ਖੇਡਾਂ ਮੁਲਤਵੀ ਕਰਨ ਦਾ ਫ਼ੈਸਲਾ ਅਟੱਲ ਜਾਪਦਾ ਹੈ।’’

ਦੂਜੇ ਪਾਸੇ ਕੌਮਾਂਤਰੀ ਓਲੰਪਿਕ ਕਮੇਟੀ ਨੇ ਐਤਵਾਰ ਨੂੰ ਕਿਹਾ ਕਿ ਦੁਨੀਆਂ ਭਰ ਵਿੱਚ ਕੋਵਿਡ-19 ਦੀ ਦਹਿਸ਼ਤ ਦੇ ਮੱਦੇਨਜ਼ਰ ਓਲੰਪਿਕ ਮੁਲਤਵੀ ਕਰਨਾ ਇੱਕੋ-ਇੱਕ ਬਦਲ ਹੈ, ਪਰ ਟੋਕੀਓ ਓਲੰਪਿਕ ਨੂੰ ਰੱਦ ਕਰਨਾ ਇਸਦੇ ਏਜੰਡੇ ਵਿੱਚ ਨਹੀਂ ਹੈ। ਆਈਓਸੀ ਦੇ ਪ੍ਰਧਾਨ ਥੌਮਸ ਬਾਕ ਨੇ ਕਿਹਾ ਕਿ ਇਸ ਬਾਰੇ ਫ਼ੈਸਲਾ ਚਾਰ ਹਫ਼ਤਿਆਂ ਦੇ ਅੰਦਰ ਲਿਆ ਜਾਵੇਗਾ। ਉਸਨੇ ਖਿਡਾਰੀਆਂ ਨੂੰ ਇੱਕ ਖੁੱਲ੍ਹੇ ਪੱਤਰ ਵਿੱਚ ਲਿਖਿਆ, “ਇਨਸਾਨ ਸਭ ਤੋਂ ਉਪਰ ਹੈ, ਖੇਡਾਂ ਕਰਵਾਉਣ ਤੋਂ ਵੀ।” ਉਸਨੇ ਕਿਹਾ, “ਅਸੀਂ ਪਹਿਲਾਂ ਵੀ ਸੰਕੇਤ ਦਿੱਤਾ ਹੈ ਕਿ ਅਸੀਂ ਵੱਖ-ਵੱਖ ਬਦਲਾਂ ਬਾਰੇ ਵਿਚਾਰ ਕਰ ਰਹੇ ਹਾਂ। ਟੋਕੀਓ ਓਲੰਪਿਕ-2020 ਦੀ ਅੰਤਿਮ ਤਰੀਕ ਤੈਅ ਕਰਨਾ ਅਜੇ ਜਲਦਬਾਜ਼ੀ ਹੋਵੇਗੀ।” ਉਨ੍ਹਾਂ ਕਿਹਾ ਕਿ ਆਈਓਸੀ ਸਬੰਧਿਤ ਧਿਰਾਂ ਅਤੇ ਸਿਹਤ ਵਿਭਾਗ ਦੇ ਸੰਪਰਕ ਵਿੱਚ ਹੈ। ਬਾਕ ਨੇ ਕਿਹਾ, ’’ਸਾਨੂੰ ਯਕੀਨ ਹੈ ਕਿ ਅਗਲੇ ਚਾਰ ਹਫ਼ਤਿਆਂ ਵਿੱਚ ਕੋਈ ਹੱਲ ਨਿਕਲ ਆਵੇਗਾ। ਖੇਡਾਂ ਰੱਦ ਕਰਨਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ ਅਤੇ ਇਸ ਨਾਲ ਕਿਸੇ ਦਾ ਭਲਾ ਨਹੀਂ ਹੋਵੇਗਾ, ਇਸ ਲਈ ਇਹ ਸਾਡੇ ਏਜੰਡੇ ਵਿੱਚ ਨਹੀਂ ਹੈ।’’



ਕੈਨੇਡਾ ਦੀ ਓਲੰਪਿਕ ਕਮੇਟੀ ਨੇ ਕਿਹਾ, ’’ਮਾਮਲਾ ਸਿਰਫ਼ ਖਿਡਾਰੀਆਂ ਦੀ ਸਿਹਤ ਦਾ ਹੀ ਨਹੀਂ ਬਲਕਿ ਲੋਕਾਂ ਦੀ ਸਿਹਤ ਦਾ ਹੈ। ਕੋਵਿਡ-19 ਕਾਰਨ ਸਾਡੇ ਖਿਡਾਰੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਕੈਨੇਡਿਆਈ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਵੇਖਦਿਆਂ ਉਨ੍ਹਾਂ ਦਾ ਤਿਆਰੀ ਜਾਰੀ ਰੱਖਣਾ ਸੰਭਵ ਨਹੀਂ ਹੋਵੇਗਾ।” ਇਸ ਤੋਂ ਪਹਿਲਾਂ ਅਮਰੀਕਾ ਅਤੇ ਫਰਾਂਸ ਦੀਆਂ ਤੈਰਾਕੀ ਫੈਡਰੇਸ਼ਨਾਂ, ਅਮਰੀਕਾ ਅਤੇ ਸਪੇਨ ਦੀਆਂ ਅਥਲੈਟਿਕਸ ਫੈਡਰੇਸ਼ਨਾਂ, ਨਾਰਵੇ ਓਲੰਪਿਕ ਕਮੇਟੀ, ਫਰਾਂਸ ਅਥਲੈਟਿਕਸ ਅਤੇ ਮਸ਼ਹੂਰ ਮੌਜੂਦਾ ਅਤੇ ਸਾਬਕਾ ਖਿਡਾਰੀ ਕਹਿ ਚੁੱਕੇ ਹਨ ਕਿ ਅਜਿਹੇ ਹਾਲਾਤ ਵਿੱਚ ਓਲੰਪਿਕ ਨਹੀਂ ਹੋਣੀ ਚਾਹੀਦੀ।

ਚਾਰ ਵਾਰ ਦੇ ਓਲੰਪਿਕ ਚੈਂਪੀਅਨ ਦੌੜਾਕ ਅਤੇ ਲੰਬੀ ਛਾਲ ਦੇ ਅਥਲੀਟ ਕਾਰਲ ਲੂਈਸ ਨੇ ਕਿਹਾ ਕਿ ਉਹ ਖੇਡਾਂ ਮੁਲਤਵੀ ਕਰਨ ਦੇ ਹੱਕ ਵਿੱਚ ਹਨ। ਉਨ੍ਹਾਂ ਕਿਹਾ, “ਅਜਿਹੇ ਮਾਹੌਲ ਵਿੱਚ ਖਿਡਾਰੀਆਂ ਲਈ ਤਿਆਰੀ ਕਰਨਾ ਮੁਸ਼ਕਲ ਹੈ। ਮੈਨੂੰ ਲਗਦਾ ਹੈ ਕਿ ਖੇਡਾਂ ਦੋ ਸਾਲਾਂ ਮਗਰੋਂ ਕਰਵਾਉਣੀਆਂ ਚਾਹੀਦੀਆਂ ਹਨ। ਪੇਈਚਿੰਗ ਵਿੱਚ 2022 ਵਿੱਚ ਸਰਦ-ਰੁੱਤ ਓਲੰਪਿਕ ਦੇ ਨਾਲ। ਇਸ ਨੂੰ ਓਲੰਪਿਕ ਸਾਲ ਬਣਾ ਦੇਣਾ ਚਾਹੀਦਾ ਹੈ।”

ਇਸ ਦੌਰਾਨ ਵਿਸ਼ਵ ਅਥਲੈਟਿਕਸ ਦੇ ਪ੍ਰਧਾਨ ਸਿਬੈਸਟੀਅਨ ਕੂ ਨੇ ਬਾਕ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜੁਲਾਈ ਵਿੱਚ ਓਲੰਪਿਕ ਖੇਡਾਂ ਹੋਣੀਆਂ ਨਾ ਤਾਂ ਸੰਭਵ ਹੈ ਅਤੇ ਨਾ ਹੀ ਢੁਕਵਾਂ ਹੈ। ਉਨ੍ਹਾਂ ਕਿਹਾ, ’’ਕੋਈ ਵੀ ਨਹੀਂ ਚਾਹੁੰਦਾ ਕਿ ਓਲੰਪਿਕ ਮੁਲਤਵੀ ਹੋਵੇ ਪਰ ਅਸੀਂ ਖਿਡਾਰੀਆਂ ਦੀ ਸੁਰੱਖਿਆ ਦੀ ਕੀਮਤ ’ਤੇ ਖੇਡਾਂ ਨਹੀਂ ਕਰਵਾ ਸਕਦੇ।’’

ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨੇ ਵੀ ਆਈਓਸੀ ਨੂੰ ਇਸ ਸਬੰਧੀ ਤੁਰੰਤ ਫ਼ੈਸਲਾ ਲੈਣ ਲਈ ਕਿਹਾ ਹੈ। ਆਈਓਸੀ ਹੁਣ ਤੱਕ ਲਗਾਤਾਰ ਕਹਿੰਦੀ ਆਈ ਹੈ ਕਿ ਖੇਡਾਂ 24 ਜੁਲਾਈ ਨੂੰ ਸ਼ੁਰੂ ਹੋਣਗੀਆਂ, ਹਾਲਾਂਕਿ ਕੋਵਿਡ-19 ਦੇ ਮੱਦੇਨਜ਼ਰ ਦੁਨੀਆਂ ਭਰ ਵਿੱਚ ਟੂਰਨਾਮੈਂਟ ਰੱਦ ਕਰ ਦਿੱਤੇ ਗਏ ਹਨ। ਚਾਰੇ ਪਾਸਿਓਂ ਹੋ ਰਹੀ ਆਲੋਚਨਾ ਮਗਰੋਂ ਆਈਓਸੀ ਨੇ ਆਖ਼ਿਰਕਾਰ ਸਵੀਕਾਰ ਕੀਤਾ ਕਿ ਓਲੰਪਿਕ ਨੂੰ ਮੁਲਤਵੀ ਕਰਨ ਦੀ ਸੰਭਾਵਨਾ ’ਤੇ ਵਿਚਾਰ ਕੀਤਾ ਜਾ ਸਕਦਾ ਹੈ।

# ਇਕਾਂਤਵਾਸ ਲਈ ਵਰਤੀਆਂ ਜਾਣਗੀਆਂ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ

ਅੰਮ੍ਰਿਤਸਰ- ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਹੈ ਕਿ ਕਰੋਨਾਵਾਇਰਸ ਮਹਾਮਾਰੀ ਦੇ ਚੱਲਦਿਆਂ ਲੋੜ ਪੈਣ ’ਤੇ ਪੀੜਤਾਂ ਨੂੰ ਵੱਖ ਰੱਖਣ ਲਈ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਨੂੰ ਸਹਿਯੋਗ ਦਿੱਤਾ ਜਾਵੇਗਾ। ਇਸ ਸਬੰਧ ਵਿਚ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਲੋੜ ਪੈਣ ’ਤੇ ਗੁਰਦੁਆਰਿਆਂ ਦੀਆਂ ਸਰਾਵਾਂ ਨੂੰ ਵੀ ਮਰੀਜ਼ਾਂ ਨੂੰ ਵੱਖ ਰੱਖਣ ਲਈ ਵਰਤਿਆ ਜਾਵੇਗਾ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਵਿਚ ਦੇਸ਼-ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਆਖਿਆ ਸੀ ਕਿ ਇਸ ਔਖੀ ਘੜੀ ਵਿਚ ਗੋਲਕ ਨੂੰ ਲੋੜਵੰਦਾਂ ਲਈ ਵਰਤਿਆ ਜਾਵੇ। ਲੋੜ ਅਨੁਸਾਰ ਲੰਗਰ ਲਾਏ ਜਾਣ, ਦਵਾਈਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਹੋਰ ਲੋੜਾਂ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਗੁਰੂ ਘਰਾਂ ਦੀਆਂ ਸਰਾਵਾਂ ਮਰੀਜ਼ਾਂ ਨੂੰ ਰੱਖਣ ਵਾਸਤੇ ਆਖਿਆ ਸੀ।

ਜਥੇਦਾਰ ਵਲੋਂ ਕੀਤੀ ਅਪੀਲ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸਿੱਖ ਸੰਸਥਾ ਦੇ ਪ੍ਰਬੰਧ ਹੇਠਲੇ ਹਸਪਤਾਲ ਤੋਂ ਇਲਾਵਾ ਸਰਾਵਾਂ ਨੂੰ ਵੀ ਮਰੀਜ਼ਾਂ ਨੂੰ ਵੱਖ ਰੱਖਣ ਲਈ ਵਰਤਿਆ ਜਾਵੇਗਾ। ਮੌਜੂਦਾ ਸਥਿਤੀ ਨੂੰ ਦੇਖਦਿਆਂ ਲੋੜਵੰਦਾਂ ਨੂੰ ਗੁਰੂ ਘਰ ਤੋਂ ਲੰਗਰ ਵੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮਹਾਮਾਰੀ ਕਾਰਨ ਸਮੁੱਚੇ ਵਿਸ਼ਵ ’ਚ ਚਿੰਤਾ ਦਾ ਮਾਹੌਲ ਹੈ।

ਅਜਿਹੀ ਸਥਿਤੀ ਵਿਚ ਸ਼੍ਰੋਮਣੀ ਕਮੇਟੀ ਸਰਕਾਰ ਅਤੇ ਪ੍ਰਸ਼ਾਸਨ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਵਲੋਂ ਪਹਿਲਾਂ ਹੀ ਮੈਡੀਕਲ ਕਾਲਜ ਵੱਲਾ ਵਿਖੇ ਪੀੜਤਾਂ ਨੂੰ ਰੱਖਣ ਲਈ ਵੱਖਰੇ ਵਾਰਡ ਦਾ ਪ੍ਰਬੰਧ ਕੀਤਾ ਗਿਆ ਹੈ। ਹੁਣ ਨਾਲ ਹੀ ਗੁਰਦੁਆਰਿਆਂ ਦੀਆਂ ਸਰਾਵਾਂ ਵੀ ਤਿਆਰ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਲੋੜਵੰਦਾਂ ਲਈ ਲੰਗਰ ਵੀ ਤਿਆਰ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮਨੁੱਖਤਾ ਨਾਲ ਹਮਦਰਦੀ ਰਖਦਿਆਂ ਲੋਕ ਸੇਵਾ ਲਈ ਵਚਨਬੱਧ ਹੈ।

**ਸ਼੍ਰੋਮਣੀ ਕਮੇਟੀ ਨੇ 26 ਨੂੰ ਅੰਤ੍ਰਿੰਗ ਕਮੇਟੀ ਦੀ ਬੈਠਕ ਸੱਦੀ**

ਰੋਨਾਵਾਇਰਸ ਕਾਰਨ ਸ਼੍ਰੋਮਣੀ ਕਮੇਟੀ ਨੇ ਬਜਟ ਸਬੰਧੀ ਫ਼ੈਸਲਾ ਲੈਣ ਲਈ ਇਕ ਨੁਕਾਤੀ ਏਜੰਡੇ ’ਤੇ 26 ਮਾਰਚ ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸੱਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ 72 ਘੰਟਿਆਂ ਦੇ ਨੋਟਿਸ ’ਤੇ ਅੰਤ੍ਰਿੰਗ ਕਮੇਟੀ ਦੀ ਇਹ ਮੀਟਿੰਗ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲ੍ਹਾ ਵਿਚ ਹੋਵੇਗੀ। ਇਸ ਦੌਰਾਨ ਸਿਰਫ਼ ਅੰਤ੍ਰਿੰਗ ਕਮੇਟੀ ਦੇ ਮੈਂਬਰ ਤੇ ਅਧਿਕਾਰੀ ਹੀ ਸ਼ਾਮਲ ਹੋਣਗੇ।



# ਸੰਪਾਦਕੀ

## ਕਰੋਨਾ ਦੀ ਦਹਿਸ਼ਤ ਤੋਂ ਬਚਣਾ ਜ਼ਰੂਰੀ

ਕਰੋਨਾਵਾਇਰਸ ਨੇ ਸਾਰੀ ਦੁਨੀਆਂ 'ਚ ਦਹਿਸ਼ਤ ਫੈਲਾਉਣ ਤੋਂ ਬਾਅਦ ਭਾਰਤ ਨੂੰ ਵੀ ਲਪੇਟ ਵਿਚ ਲੈ ਲਿਆ ਹੈ। ਦੁਨੀਆਂ ਸਦੀਆਂ ਤੋਂ ਵਾਇਰਸ ਤੋਂ ਪੈਦਾ ਹੁੰਦੀਆਂ ਬਿਮਾਰੀਆਂ ਦਾ ਸਾਹਮਣਾ ਕਰਦੀ ਆਈ ਹੈ। ਪਿਛਲੇ 20 ਸਾਲਾਂ ਦੌਰਾਨ ਸਵਾਈਨ ਫਲੂ-ਸਾਰਸ ਨੇ ਵੀ ਦੁਨੀਆਂ ਵਿਚ ਵੱਡੇ ਪੱਧਰ ਦਾ ਕਹਿਰ ਢਾਹਿਆ। ਇਸ ਬਿਮਾਰੀ ਵਿਚ ਮੌਤ ਦਰ ਕਾਫ਼ੀ ਜ਼ਿਆਦਾ ਸੀ। ਕਰੋਨਾਵਾਇਰਸ ਸਾਰਸ-ਮਰਸ ਪਰਿਵਾਰ ਦੇ ਵਾਇਰਸ ਦਾ ਨਵਾਂ ਰੂਪ ਹੈ। ਇਹ ਵਾਇਰਸ ਆਪਣੀ ਬਣਤਰ ਵਿਚ ਬਦਲਾਓ ਲਿਆਉਣ ਕਰਕੇ ਜ਼ਿਆਦਾ ਘਾਤਕ ਹੈ। ਜਿੱਥੇ ਸਾਰਸ ਦੇ ਫੈਲਣ ਦੀ ਰਫ਼ਤਾਰ ਕਾਫ਼ੀ ਘੱਟ ਸੀ, ਉੱਥੇ ਕਰੋਨਾਵਾਇਰਸ ਦੇ ਫੈਲਣ ਦੀ ਰਫ਼ਤਾਰ ਕਾਫ਼ੀ ਤੇਜ਼ ਹੈ। ਸਭ ਤੋਂ ਜ਼ਿਆਦਾ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹ ਵਾਇਰਸ ਹਵਾ ਰਾਹੀਂ ਨਹੀਂ ਫੈਲਦਾ। ਕੋਈ ਵੀ ਇਸ ਵਾਇਰਸ ਤੋਂ ਤਦ ਬਿਮਾਰ ਹੁੰਦਾ ਹੈ ਜਦ ਉਹ ਪਹਿਲਾਂ ਤੋਂ ਹੀ ਇਸ ਵਾਇਰਸ ਨਾਲ ਬਿਮਾਰ ਹੋਏ ਬੰਦੇ ਦੇ ਨਜ਼ਦੀਕ ਜਾਂਦਾ ਹੈ ਅਤੇ ਬਿਮਾਰ ਬੰਦੇ ਦੀ ਖੰਘ ਜਾਂ ਛਿੱਕਾਂ ਨਾਲ ਕਰੋਨਾ ਦੇ ਜਰਮ ਬਾਹਰ ਆਉਣ 'ਤੇ ਉਸ ਸਿਹਤਮੰਦ ਬੰਦੇ ਦੇ ਹੱਥਾਂ, ਮੂੰਹ ਜਾਂ ਹੋਰ ਅੰਗਾਂ ਉੱਤੇ ਡਿੱਗਦੇ ਹਨ। ਇਸ ਤਰ੍ਹਾਂ ਮਾਸਕ ਲਾਉਣ ਦੀ ਜ਼ਰੂਰਤ ਇਸ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਹੈ, ਨਾ ਕਿ ਸਿਹਤਮੰਦ ਲੋਕਾਂ ਨੂੰ। ਇਸ ਵਾਇਰਸ ਦੀ ਲੰਬਾਈ ਦੂਸਰੇ ਵਾਇਰਸ ਨਾਲੋਂ ਜ਼ਿਆਦਾ ਹੈ, ਇਸ ਲਈ ਕਿਸੇ ਖ਼ਾਸ ਤਰ੍ਹਾਂ ਦੇ ਮਾਸਕ ਦੀ ਜ਼ਰੂਰਤ ਨਹੀਂ। ਆਮ ਮਾਸਕ ਜਾਂ ਰੁਮਾਲ ਇਸ ਵਾਇਰਸ ਦਾ ਫੈਲਾਓ ਰੋਕਣ ਲਈ ਕਾਰਗਰ ਹਨ।

ਇਸ ਵਾਇਰਸ ਦੇ ਫੈਲਣ ਦਾ ਖ਼ਤਰਾ ਉਦੋਂ ਜ਼ਿਆਦਾ ਹੁੰਦਾ ਹੈ ਜਦ ਪੀੜਤ ਆਦਮੀ ਕਿਸੇ ਜਨਤਕ ਥਾਂ 'ਤੇ ਜਾ ਕੇ ਦਰਵਾਜ਼ਿਆਂ, ਟੂਟੀਆਂ ਜਾਂ ਰੇਲਿੰਗ ਆਦਿ ਨੂੰ ਛੂੰਹਦਾ ਹੈ ਕਿਉਂਕਿ ਇਹ ਵਾਇਰਸ ਧਾਤ ਵਾਲੀ ਧਰਾਤਲ 'ਤੇ 12 ਘੰਟੇ ਤਕ ਜਿਊਂਦਾ ਰਹਿ ਸਕਦਾ ਹੈ। ਇਸੇ ਲਈ ਜਨਤਕ ਥਾਵਾਂ 'ਤੇ ਦਰਵਾਜ਼ਿਆਂ, ਟੂਟੀਆਂ, ਰੇਲਿੰਗ ਆਦਿ ਨੂੰ ਹੱਥ ਲਾਉਣ ਤੋਂ ਬਾਅਦ ਹੱਥਾਂ ਨੂੰ ਸਾਬਣ ਨਾਲ ਧੋਣਾ ਬਹੁਤ ਜ਼ਰੂਰੀ ਹੈ। ਸਰਕਾਰ ਨੇ ਇਸ ਸਬੰਧ ਵਿਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਹਨ ਅਤੇ ਜਨਤਕ ਥਾਵਾਂ 'ਤੇ ਭੀੜ ਘਟ ਰਹੀ ਹੈ। ਭੀੜ-ਭੜੱਕੇ ਵਾਲੀ ਜਗ੍ਹਾ 'ਤੇ ਜਾਣ ਤੋਂ ਪਰਹੇਜ਼ ਕਰਨਾ ਇਸ ਬਿਮਾਰੀ ਤੋਂ ਬਚਣ ਦਾ ਸਭ ਤੋਂ ਕਾਰਗਰ ਉਪਾਅ ਹੈ। ਇਸੇ ਤਰ੍ਹਾਂ ਆਪਣੀ ਸਰੀਰਕ ਤਾਕਤ ਨੂੰ ਬਣਾ ਕੇ ਰੱਖਣ ਦੀ ਜ਼ਰੂਰਤ ਹੈ ਅਤੇ ਇਸ ਲਈ ਭਰ-ਪੇਟ ਪੌਸ਼ਟਿਕ ਖਾਣਾ ਜ਼ਰੂਰੀ ਹੈ।

ਦੇਸ਼ 'ਚ ਸੂਬਿਆਂ ਦੀ ਪੱਧਰ 'ਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਦੇ ਨਾਲ ਨਾਲ ਸਰਕਾਰਾਂ, ਮੀਡੀਆ ਤੇ ਡਾਕਟਰਾਂ ਨੂੰ ਇਸ ਬਿਮਾਰੀ ਬਾਰੇ ਸਹੀ ਜਾਣਕ-ਾਰੀ ਦੇਣ ਲਈ ਵੱਡੇ ਕਦਮ ਚੁੱਕਣੇ ਚਾਹੀਦੇ ਹਨ। ਲੋਕਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਦਹਿਸ਼ਤ ਵਿਚ ਆਉਣ ਤੋਂ ਜ਼ਿਆਦਾ ਸੁਚੇਤ ਹੋਣਾ ਜ਼ਰੂਰੀ ਹੈ। ਹਿੰਦੋਸਤਾਨ ਵਿਚ ਹੁਣ ਤਕ ਹੋਏ ਸਰਵੇਖਣਾਂ ਅਨੁਸਾਰ ਇਹ ਬਿਮਾਰੀ ਇਕ ਰੋਗੀ ਤੋਂ 1.7 ਜਾਂ ਏਦਾਂ ਕਿਹਾ ਜਾ ਸਕਦਾ ਹੈ ਕਿ ਦੋ ਜਣਿਆਂ ਤਕ ਫੈਲ ਸਕਦੀ ਹੈ। ਫੈਲਣ ਦੀ ਇਸ ਰਫ਼ਤਾਰ ਨੂੰ ਬਹੁਤ ਤੇਜ਼ ਮੰਨਿਆ ਜਾਂਦਾ ਹੈ ਕਿਉਂਕਿ ਇਸ ਰਫ਼ਤਾਰ ਅਨੁਸਾਰ ਹਫ਼ਤੇ ਵਿਚ ਹੀ ਕਿਸੇ ਵੀ ਥਾਂ 'ਤੇ ਕੇਸਾਂ ਦੀ ਗਿਣਤੀ ਦੁੱਗਣੀ ਹੋ ਸਕਦੀ ਹੈ। ਲੋਕਾਂ ਨੂੰ ਇਹ ਸੂਚਿਤ ਕਰਨ ਦੀ ਵੀ ਜ਼ਰੂਰਤ ਹੈ ਕਿ ਸਿਹਤਮੰਦ ਖੁਰਾਕ ਅਤੇ ਪਰਹੇਜ਼ ਨਾਲ ਇਸ ਬਿਮਾਰੀ ਨਾਲ ਲੜਿਆ ਜਾ ਸਕਦਾ ਹੈ ਕਿਉਂਕਿ ਇਸ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਸਾਰਸ ਦੇ ਮੁਕਾਬਲੇ ਕਾਫ਼ੀ ਘੱਟ ਹੈ। ਸਾਰਸ ਦੀ ਬਿਮਾਰੀ ਨਾਲ ਪੀੜਤ ਲੋਕਾਂ ਵਿਚੋਂ 10 ਫ਼ੀਸਦੀ ਦੀ ਮੌਤ ਹੋ ਗਈ ਸੀ ਜਦੋਂਕਿ ਇਸ ਵੇਲ਼ੇ ਕਰੋਨਾਵਾਇਰਸ ਕਾਰਨ ਹੋਈਆਂ ਮੌਤਾਂ ਦੀ ਦਰ 2.5 ਫ਼ੀਸਦੀ ਤੋਂ 3 ਫ਼ੀਸਦੀ ਦੇ ਵਿਚਕਾਰ ਹੈ ਪਰ ਡਾਕਟਰਾਂ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਉੱਤੇ ਅਮਲ ਕਰਕੇ ਇਸ ਬਿਮਾਰੀ 'ਤੇ ਕਾਬੂ ਪਾਉਣਾ ਜ਼ਿਆਦਾ ਮੁਸ਼ਕਲ ਨਹੀਂ। ਵੱਡੇ ਪੱਧਰ ਉੱਤੇ ਫੈਲ ਰਹੀ ਦਹਿਸ਼ਤ ਸਮਾਜ 'ਤੇ ਵੱਡੇ ਆਰਥਿਕ ਅਤੇ ਸਮਾਜਿਕ ਅਸਰ ਪਾਏਗੀ। ਕਰੋਨਾਵਾਇਰਸ ਨਾਲ ਲੜਨ ਦੇ ਨਾਲ ਨਾਲ ਇਸ ਦਹਿਸ਼ਤ ਦੇ ਵਿਰੁੱਧ ਲੜਨਾ ਵੀ ਜ਼ਰੂਰੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560

Pardes Times (2nd office)
Ranjit Kandola ,Managing Editor
530-315-1020, email-Kandola@macloans.net

Buta Ram joshi Staff Reporter, Fresno 559-803-0055

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਔਰਤਾਂ ਦੀ ਸੁਰੱਖਿਆ ਸਬੰਧੀ ਸਖਤ ਕਦਮ

ਲਗਭੱਗ ਸੱਤ ਸਾਲਾਂ ਤੋਂ ਸੁਰਖੀਆਂ 'ਚ ਰਹੇ ਨਿਰਭਯਾ ਸਮੂਹਿਕ ਬਲਾਤਕਾਰ ਦੇ ਦੋਸ਼ 'ਚ 4 ਦੋਸ਼ੀਆਂ ਨੂੰ ਫਾਂਸੀ ਦੇ ਦਿੱਤੀ ਗਈ। ਉਸ ਦੀ ਮਾਤਾ ਤੇ ਹੋਰ ਬਹੁਤ ਸਾਰੇ ਲੋਕਾਂ ਨੇ ਨਿਰਭਯਾ ਨੂੰ ਇਨਸਾਫ਼ ਮਿਲਣ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਹੈ। ਇਸ ਨੇ ਵੱਡੇ ਪੱਧਰ 'ਤੇ ਲੋਕਾਂ ਦਾ ਧਿਆਨ ਖਿੱਚਿਆ ਅਤੇ ਇਸ ਕਾਰਨ ਆਏ ਲੋਕ ਉਭਾਰ ਕਰਕੇ ਲੋਕਾਂ ਦੀਆਂ ਨਜ਼ਰਾਂ ਲਗਾਤਾਰ ਇਸ ਕੇਸ 'ਤੇ ਲੱਗੀਆਂ ਹੋਈਆਂ ਸਨ। ਅਸਲੀ ਸਵਾਲ ਔਰਤਾਂ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ ਅਤੇ ਜਬਰ-ਜਨਾਹ ਦੇ ਮਾਮਲਿਆਂ ਨੂੰ ਸਮੁੱਚਤਾ ਵਿਚ ਦੇਖਣ ਦੀ ਜ਼ਰੂਰਤ ਹੈ। ਨਿਰਭਯਾ ਨਾਲ ਵਾਪਰੇ ਅਣਮਨੁੱਖੀ ਕਾਰੇ ਨੇ ਇਨਸਾਨੀਅਤ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਸੀ।





ਦੇਸ਼ ਵਿਚ ਔਰਤਾਂ ਖ਼ਿਲਾਫ਼ ਜੁਰਮਾਂ ਵਿਚ ਲਗਾਤਾਰ ਹੋ ਰਿਹਾ ਵਾਧਾ ਇਹ ਦੱਸਦਾ ਹੈ ਕਿ ਸਿਰਫ਼ ਸਖ਼ਤ ਕਾਨੂੰਨ ਬਣਾ ਕੇ ਇਸ ਤਰ੍ਹਾਂ ਦੇ ਜੁਰਮਾਂ ਨੂੰ ਰੋਕਿਆ ਨਹੀਂ ਜਾ ਸਕਦਾ। ਕਾਨੂੰਨਾਂ ਦੀ ਸਹਾਇਤਾ ਨਾਲ ਸਹੀ ਢੰਗ ਨਾਲ ਤਫ਼ਤੀਸ਼ ਕਰਕੇ ਅਪਰਾਧੀਆਂ ਨੂੰ ਸਜ਼ਾ ਦਿਵਾਉਣੀ ਵੱਡੀ ਚੁਣੌਤੀ ਹੈ। ਇਸ ਵਰਤਾਰੇ ਦਾ ਅਸਲ ਕਾਰਨ ਸਮਾਜ ਵਿਚ ਪਿੱਤਰ ਸੱਤਾ/ਮਰਦ ਪ੍ਰਧਾਨ ਸੋਚ ਦਾ ਹਾਵੀ ਹੋਣਾ ਹੈ। ਔਰਤਾਂ ਤੇ ਖ਼ਾਸ ਕਰਕੇ ਨਾਬਾਲਗ ਕੁੜੀਆਂ ਦਾ ਸਰੀਰਕ ਸ਼ੋਸ਼ਣ ਜ਼ਿਆਦਾਤਰ ਰਿਸ਼ਤੇਦਾਰਾਂ, ਘਰ ਪਰਿਵਾਰ ਦੇ ਨਜ਼ਦੀਕੀਆਂ ਅਤੇ ਜਾਣਕਾਰਾਂ ਦੁਆਰਾ ਕੀਤਾ ਜਾਂਦਾ ਹੈ।

ਔਰਤ ਉੱਤੇ ਅਣਖ ਅਤੇ ਇੱਜ਼ਤ ਦਾ ਇੰਨਾ ਬੋਝ ਲੱਦਿਆ ਗਿਆ ਹੈ ਕਿ ਬਹੁਤੀ ਵਾਰ ਉਹ ਉਸੇ ਨੂੰ ਢੋਂਹਦੀ ਆਪਣੇ 'ਤੇ ਹੁੰਦੇ ਸ਼ੋਸ਼ਣ ਵਿਰੁੱਧ ਆਵਾਜ਼ ਨਹੀਂ ਉਠਾਉਂਦੀ। ਇਕ ਅਨੁਮਾਨ ਅਨੁਸਾਰ ਘਰੇਲੂ ਅਤੇ ਦਾਜ ਨਾਲ ਸਬੰਧਿਤ ਹਿੰਸਾ ਅਤੇ ਔਰਤਾਂ ਵਿਰੁੱਧ ਅਨੇਕ ਤਰ੍ਹਾਂ ਦੇ ਅਪਰਾਧਾਂ ਵਿਚ 99 ਫ਼ੀਸਦੀ ਕੇਸ ਦਰਜ ਹੀ ਨਹੀਂ ਕਰਾਏ ਜਾਂਦੇ।

ਔਰਤਾਂ ਦੀ ਸੁਰੱਖਿਆ ਲਈ ਪਿੱਤਰ ਸੱਤਾ/ਮਰਦ-ਪ੍ਰਧਾਨ ਸੋਚ ਦੀ ਮਾਨਸਿਕਤਾ ਨੂੰ ਬਦਲਣ ਲਈ ਲਗਾਤਾਰ ਸਮਾਜਿਕ ਬਦਲਾਅ ਲਈ ਕੰਮ ਕਰਨ ਦੀ ਜ਼ਰੂਰਤ ਹੈ। ਇਹ ਤਾਂ ਹੀ ਸੰਭਵ ਹੈ ਜੇ ਸਮਾਜ ਵਿਚ ਔਰਤ ਨੂੰ ਬਰਾਬਰ ਦੀ ਇਨਸਾਨ ਸਮਝਿਆ ਜਾਵੇ। ਉਸ ਦਾ ਜਾਇਦਾਦ ਵਿਚ ਬਰਾਬਰ ਦਾ ਹੱਕ ਤਸਲੀਮ ਕੀਤਾ ਜਾਣਾ ਜ਼ਰੂਰੀ ਹੈ। ਸਿਆਸੀ ਖੇਤਰ ਜਿਵੇਂ ਸੰਸਦ, ਵਿਧਾਨ ਸਭਾਵਾਂ, ਸਿਆਸੀ ਪਾਰਟੀਆਂ, ਜਨਤਕ ਜਥੇਬੰਦੀਆਂ, ਕਲੱਬਾਂ ਅਤੇ ਧਾਰਮਿਕ ਸੰਸਥਾਵਾਂ ਦੀਆਂ ਕਮੇਟੀਆਂ ਵਿਚ ਵੀ ਬਰਾਬਰ ਦੀ ਨੁਮਾਇੰਦਗੀ ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਨੂੰ ਰੋਕਣ ਦਾ ਆਧਾਰ ਤਿਆਰ ਕਰੇਗੀ। ਮੌਜੂਦਾ ਸਮੇਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰਾਂ ਤੇ ਨਗਰਾਂ ਦੀਆਂ ਸਥਾਨਕ ਸੰਸਥਾਵਾਂ ਵਿਚ ਔਰਤਾਂ ਨੂੰ ਪੰਜਾਹ ਫ਼ੀਸਦੀ ਰਾਖਵਾਂਕਰਨ ਤਾਂ ਹੈ ਪਰ ਬਹੁਤੀ ਵਾਰ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਉਨ੍ਹਾਂ ਦੇ ਪਤੀ ਹੀ ਕਰਦੇ ਹਨ। ਸਰਕਾਰੀ ਸੰਸਥਾਵਾਂ ਅਤੇ ਪੁਲੀਸ ਵਿਚ ਔਰਤਾਂ ਦੀ ਬਰਾਬਰ ਦੀ ਹਿੱਸੇਦਾਰੀ ਛੇੜ-ਛਾੜ ਅਤੇ ਹਿੰਸਕ ਵਾਰਦਾਤਾਂ ਰੋਕਣ ਵਿਚ ਵੱਡੀ ਭੂਮਿਕਾ ਨਿਭਾ ਸਕਦੀ ਹੈ। ਮਰਦ ਪ੍ਰਧਾਨ ਸੋਚ ਵਿਰੁੱਧ ਸੰਘਰਸ਼ ਸੂਝਵਾਨ ਕਦਰਾਂ-ਕੀਮਤਾਂ 'ਤੇ ਆਧਾਰਿਤ ਲੰਮੀ ਲੜਾਈ ਦੀ ਮੰਗ ਕਰਦਾ ਹੈ। ਇਹ ਲੜਾਈ ਸਿਰਫ਼ ਔਰਤਾਂ ਨੇ ਨਹੀਂ ਲੜਨੀ, ਇਸ ਵਿਚ ਮਰਦਾਂ ਦੀ ਸ਼ਮੂਲੀਅਤ ਵੀ ਜ਼ਰੂਰੀ ਹੈ। ਸਰਕਾਰ, ਸਮਾਜ ਅਤੇ ਵੱਖ ਵੱਖ ਜਥੇਬੰਦੀਆਂ ਨੂੰ ਇਸ ਦਿਸ਼ਾ ਵੱਲ ਵਿਆਪਕ ਪ੍ਰੋਗਰਾਮ ਤਹਿਤ ਕੰਮ ਕਰਨ ਦੀ ਲੋੜ ਹੈ। ਨਿਰਭਯਾ ਨਾਲ ਵਾਪਰੇ ਗ਼ੈਰ ਇਨਸਾਨੀ ਕਾਰੇ ਦਾ ਸਹੀ ਜਵਾਬ ਇਹੀ ਹੈ।

# ਸੱਤਾਧਾਰੀਆਂ ਦੀ ਕ੍ਰੋਨੋਲਾਜੀਕਲ ਸਿਆਸਤ

**ਅਮਰ ਜੀਤ ਬਾਜੇਕੇ**

90 ਸਾਲ ਪਹਿਲਾਂ ਲਿਖੇ ਸ਼ਹੀਦ ਭਗਤ ਸਿੰਘ ਦੇ ਲੇਖ 'ਦੰਗਿਆਂ ਦੀ ਸਿਆਸਤ ਅਤੇ ਹੱਲ' ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਭਾਰਤੀ ਉਪ ਮਹਾਂਦੀਪ ਵਿਚ ਦੰਗਿਆਂ ਦਾ ਇਤਿਹਾਸ ਇਸ ਤੋਂ ਵੀ ਪੁਰਾਣਾ ਹੈ। ਇਨ੍ਹਾਂ ਦੰਗਿਆਂ ਨੂੰ ਮਨਟੈਗੂ ਚੇਮਸਫੋਰਡ ਅਤੇ ਮਾਰਲੇ ਮਿੰਟੋ ਸੁਧਾਰਾਂ ਦੇ ਨਾਮ ਹੇਠ ਪਹਿਲੀ ਵਾਰ ਕਾਨੂੰਨੀ ਆਧਾਰ ਮੁਹੱਈਆ ਕਰਵਾਇਆ ਗਿਆ ਸੀ। ਇਨ੍ਹਾਂ ਕਾਨੂੰਨਾਂ ਤਹਿਤ ਹੀ ਵੱਖ ਵੱਖ ਧਰਮਾਂ ਨੂੰ ਧਰਮ ਆਧਾਰਿਤ ਨੁਮਾਇੰਦਗੀ ਅਤੇ ਵੋਟ ਮੁਹੱਈਆ ਕੀਤੀ ਗਈ ਸੀ, ਹੁਣ ਨਾਗਰਿਕਤਾ ਦੇਣ ਦਾ ਕੰਮ ਕੀਤਾ ਜਾ ਰਿਹਾ ਹੈ।



ਇਸ ਧਰਮ ਆਧਾਰਿਤ ਰਾਜਨੀਤੀ ਦੇ ਇਤਿਹਾਸ ਵਿਚ 1947 ਦੀ ਵੰਡ ਸਮੇਂ ਸਿਫ਼ਤੀ ਤਬਦੀਲੀ ਮਹਿਸੂਸ ਕੀਤੀ ਜਾ ਸਕਦੀ ਹੈ। ਇਸ ਵੰਡ ਨਾਲ ਸਮੇਂ ਦੀਆਂ ਦੋ ਵੱਡੀਆਂ ਕੌਮਾਂ ਪੰਜਾਬੀ ਤੇ ਬੰਗਲਾ, ਨੂੰ ਵੰਡ ਦਿੱਤਾ ਗਿਆ ਜਿਸ ਕਾਰਨ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਹੋਂਦ ਵਿਚ ਆਏ। ਉਸ ਸਮੇਂ ਹਿੰਦੂਆਂ ਦੀ ਰਾਜਨੀਤਕ ਨੁਮਾਇੰਦਗੀ ਦਾ ਦਾਅਵਾ ਕਰਨ ਵਾਲੀ ਕਾਂਗਰਸ ਨੇ ਭਾਰੀ ਹਿੰਦੂ ਬਹੁਗਿਣਤੀ ਵਾਲੇ ਹਿੰਦੁਸਤਾਨ ਦੀ ਸੱਤਾ ਹਾਸਲ ਕਰ ਲਈ ਅਤੇ ਮੁਸਲਿਮ ਲੀਗ ਨੇ ਪਾਕਿਸਤਾਨ ਦੀ ਸੱਤਾ ਹਾਸਿਲ ਕੀਤੀ ਪਰ ਵੰਡ ਸਮੇਂ ਦਸ ਲੱਖ ਤੋਂ ਵੱਧ ਪੰਜਾਬੀਆਂ ਅਤੇ ਬੰਗਾਲੀਆਂ ਦੀਆਂ ਜਾਨਾਂ ਆਪਸੀ ਕਤਲੋਗਾਰਤ ਵਿਚ ਚਲੀਆਂ ਗਈਆਂ। ਧਰਮ ਆਧਾਰਿਤ ਕਤਲੇਆਮ ਦਾ ਸਿਲਸਿਲਾ ਅੱਜ ਵੀ ਬਾਦਸਤੂਰ ਜਾਰੀ ਹੈ ਪਰ ਇਸ ਦਾ ਰੂਪ ਬਦਲ ਗਿਆ ਹੈ। ਸੀਏਏ, ਐਨਪੀਆਰ ਅਤੇ ਐਨਆਰਸੀ ਵਰਗੇ ਕਾਨੂੰਨਾਂ ਰਾਹੀਂ ਧਰਮ ਆਧਾਰਿਤ ਨਾਗਰਿਕਤਾ ਦੇਣ ਅਤੇ ਰੱਦ ਕਰਨ ਨਾਲ ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਇਸ ਦੀ ਪੁਸ਼ਟੀ ਦਿੱਲੀ ਵਾਲੀਆਂ ਘਟਨਾਵਾਂ ਤੋਂ ਕੀਤੀ ਜਾ ਸਕਦੀ ਹੈ।

11 ਮਾਰਚ ਨੂੰ ਲੋਕ ਸਭਾ ਦੇ ਸੈਸ਼ਨ ਦੌਰਾਨ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਦਿੱਲੀ 'ਦੰਗਿਆਂ' ਬਾਰੇ ਅੰਕੜੇ ਪੇਸ਼ ਕੀਤੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ, 2647 ਜਣਿਆਂ ਨੂੰ ਦੰਗੇ ਕਰਨ ਦੇ ਸ਼ੱਕ ਕਾਰਨ ਹਿਰਾਸਤ ਵਿਚ ਲਿਆ ਗਿਆ ਜਿਨ੍ਹਾਂ ਵਿਚੋਂ 300 ਯੂਪੀ ਤੋਂ ਸਨ। 1100 ਜਣਿਆਂ ਦੀ ਪਛਾਣ ਕਰ ਲਈ ਗਈ ਹੈ, ਕੁੱਲ 700 ਐਫਆਈਆਰ ਵਿਚੋਂ 50 ਆਰਮ ਐਕਟ ਅਤੇ 25 ਆਈਟੀ ਐਕਟ ਤਹਿਤ ਦਰਜ ਕੀਤੀਆ ਹਨ। 152 ਹਥਿਆਰ ਜ਼ਬਤ ਕੀਤੇ ਹਨ। ਇਕ ਕੇਸ ਸਾਜ਼ਿਸ਼ ਕਰਨ ਦਾ ਵੀ ਦਰਜ ਕੀਤਾ ਹੈ ਅਤੇ ਆਈਐਸਆਈ ਨਾਲ ਸਬੰਧਿਤ 3 ਬੰਦੇ ਵੀ ਹਿਰਾਸਤ ਵਿਚ ਲਏ ਹਨ। ਪੁਲੀਸ ਦੀਆਂ 40 ਟੀਮਾਂ ਬਣਾਈਆਂ ਗਈਆਂ ਹਨ, ਦੋ ਹੋਰ ਸਪੈਸ਼ਲ ਟੀਮਾਂ ਕਾਇਮ ਕੀਤੀਆਂ ਹਨ ਜਿਨ੍ਹਾਂ ਨੇ 49 ਕਿਸਮ ਦੇ ਗੰਭੀਰ ਦੋਸ਼ਾਂ ਦੀ ਜਾਂਚ ਕਰਨੀ ਹੈ। ਇਸ ਕਤਲੋਗਾਰਤ ਵਿਚ 52 ਲੋਕਾਂ ਦੀ ਮੌਤ ਹੋਈ, 526 ਜ਼ਖਮੀ ਹੋਏ, 142 ਘਰ ਸਾੜੇ ਗਏ ਅਤੇ 371 ਦੁਕਾਨਾਂ ਨੂੰ ਸਾੜਿਆ ਗਿਆ।

ਗ੍ਰਿਹ ਮੰਤਰੀ ਦੱਸ ਰਹੇ ਸਨ ਕਿ ਜ਼ਖਮੀ ਹੋਏ ਤੇ ਮਾਰੇ ਗਏ ਲੋਕ ਅਤੇ ਜਿਨ੍ਹਾਂ ਦੇ ਘਰ ਤੇ ਦੁਕਾਨਾਂ ਸੜੀਆਂ, ਉਹ ਸਾਰੇ ਭਾਰਤੀ ਸਨ। ਉਨ੍ਹਾਂ ਅਸਦ-ਉਦ-ਦੀਨ ਓਵੈਸੀ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਸਿਰਫ ਮਸਜਿਦਾਂ ਨਹੀਂ, ਮੰਦਿਰ ਵੀ ਸੜੇ ਹਨ। ਇਕ ਧਰਮ ਦੇ ਲੋਕਾਂ ਦਾ ਨੁਕਸਾਨ ਨਹੀਂ ਹੋਇਆ, ਦੋਨਾਂ ਦਾ ਹੋਇਆ ਹੈ ਪਰ ਉਨ੍ਹਾਂ ਮੰਦਿਰ ਅਤੇ ਮਸਜਿਦਾਂ ਦਾ ਕੋਈ ਅੰਕੜਾ ਨਹੀਂ ਦਿੱਤਾ। ਉਨ੍ਹਾਂ ਭੜਕਾਊ ਭਾਸ਼ਣਾਂ ਦਾ ਜ਼ਿਕਰ ਕਰਦਿਆਂ ਕਾਂਗਰਸ ਸਮੇਤ ਵੱਖ ਵੱਖ ਪਾਰਟੀਆਂ ਦੁਆਰਾ ਸੀਏਏ ਖ਼ਿਲਾਫ਼ ਕੀਤੀਆਂ ਰੈਲੀਆਂ ਵਾਲੇ ਭਾਸ਼ਣਾਂ ਦੇ ਹਵਾਲੇ ਦਿੱਤੇ ਅਤੇ ਇਸ ਨੂੰ ਸਾਜ਼ਿਸ਼ ਦੱਸਿਆ। ਉਨ੍ਹਾਂ 'ਯੂਨਾਈਟਿਡ ਅਗੇਂਸਟ ਹੇਟ' ਦੇ ਨਾਮ ਤੇ ਜ਼ੋਰ ਦੇ ਕੇ ਉਮਰ ਖਾਲਿਦ ਦਾ ਨਾਮ ਲਏ ਬਿਨਾਂ ਉਸ ਦੇ ਭਾਸ਼ਣ ਵਿਚੋਂ ਵੀ ਹਵਾਲਾ ਦਿੱਤਾ। ਗ੍ਰਿਹ ਮੰਤਰੀ ਮੁਤਾਬਿਕ ਦੰਗੇ ਕਰਵਾਉਣ ਪਿੱਛੇ ਕਾਨੂੰਨ ਦਾ ਵਿਰੋਧ ਕਰ ਰਹੀਆਂ ਪਾਰਟੀਆਂ ਜ਼ਿੰਮੇਵਾਰ ਹਨ, ਨਾਲ ਹੀ ਕਿਹਾ ਕਿ ਕਿਸੇ ਵੀ ਸਾਜ਼ਿਸ਼ ਕਰਤਾ ਨੂੰ ਬਖਸ਼ਿਆ ਨਹੀਂ ਜਾਵੇਗਾ ਪਰ ਉਨ੍ਹਾਂ 48 ਮਿੰਟ ਦੇ ਆਪਣੇ ਭਾਸ਼ਣ ਵਿਚ ਬੀਜੇਪੀ ਆਗੂਆਂ ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਅਤੇ ਪਰਵੇਸ਼ ਵਰਮਾ ਦੇ ਮੁਸਲਿਮ ਵਿਰੋਧੀ ਭਾਸ਼ਣਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਇਸ ਤੋਂ ਇਹੀ ਲੱਗਦਾ ਹੈ ਕਿ ਸੰਕਟ ਅਜੇ ਟਲਿਆ ਨਹੀਂ। ਉਮਰ ਖਾਲਿਦ ਅਤੇ ਕਈ ਹੋਰ ਜਮਹੂਰੀਅਤ ਪਸੰਦ ਬੁੱਧੀਜੀਵੀਆਂ ਨੂੰ ਭੀਮਾ ਕੋਰੇਗਾਉਂ ਵਰਗੇ ਕੇਸਾਂ ਵਿਚ ਫਸਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਿਛਲੀ ਵਾਰ ਵੀ ਅਮਿਤ ਸ਼ਾਹ ਨੇ ਸਦਨ ਵਿਚ ਭੀਮਾ ਕੋਰੇਗਾਉਂ ਕੇਸ ਵਿਚ ਆਨੰਦ ਤੇਲਤੁੰਬੜੇ ਦਾ ਹੱਥ

(ਬਾਕੀ ਸਫਾ 22 'ਤੇ)

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਕਰੋਨਾਵਾਇਰਸ: ਡਰਨ ਦੀ ਥਾਂ ਸੁਚੇਤ ਹੋਣ ਦੀ ਲੋੜ

ਡਾ.ਸ਼ਿਆਮ ਸੁੰਦਰ ਦੀਪਤੀ

ਭਾਰਤ ਵਿਚ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਨੇ ਕੀਤਾ ਸੈਂਕੜਾ ਪਾਰ। ਕੁਲ ਮਰੀਜ਼ ਹੋਏ 105, ਦੋ ਦੀ ਮੌਤ। ਸਕੂਲਾਂ ਕਾਲਜਾਂ ਦੇ ਨਾਲ ਨਾਲ ਰੈਸਟੋਰੈਂਟ, ਮਾਲ, ਸਿਨੇਮਾ ਘਰ ਵੀ ਰਹਿਣਗੇ ਬੰਦ। ਪ੍ਰਧਾਨ ਮੰਤਰੀ ਦਾ ਵਿਦੇਸ਼ ਦੌਰਾ ਰੱਦ।...

ਤੁਸੀਂ ਇਹ ਖ਼ਬਰ ਸੁਣਦੇ ਹੋ ਜਾਂ ਅਖ਼ਬਾਰ ਦੇ ਪਹਿਲੇ ਸਫੇ ਦੀ ਸੁਰਖੀ ਵਿਚ ਪੜ੍ਹਦੇ ਹੋ ਤਾਂ ਡਰਨਾ ਸੁਭਾਵਕ ਹੈ। ਫਿਰ ਤੁਸੀਂ ਖੁਦ ਨੂੰ ਆਪਣੇ ਘਰ ਅੰਦਰ ਕੈਦ ਕਰ ਲੈਂਦੇ ਹੋ ਅਤੇ ਹੋਰਾਂ ਨੂੰ ਵੀ ਹਦਾਇਤ ਕਰਨ ਲਗਦੇ ਹੋ। ਤੁਸੀਂ ਖੁਦ ਇਸ ਬਾਰੇ ਨਹੀਂ ਸੋਚਦੇ। ਤੁਸੀਂ ਸਮਝਦੇ ਹੋ ਕਿ ਟੀਵੀ ਸੱਚ ਹੀ ਬੋਲ ਰਿਹਾ ਹੈ ਅਤੇ ਜੇਕਰ ਸਿਹਤ ਮੰਤਰੀ ਖੁਦ ਬਿਆਨ ਦੇ ਰਿਹਾ ਹੋਵੇ, ਫਿਰ ਤਾਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਟੀਵੀ ਵਾਲੇ ਲੋਕਾਂ ਨੇ ਵੀ ਕਦੇ ਮਿਲ ਬੈਠ ਕੇ ਵਿਚਾਰ ਨਹੀਂ ਕੀਤੀ ਹੋਣੀ ਕਿ ਇਸ ਖ਼ਬਰ ਨੂੰ ਆਮ ਲੋਕਾਂ ਤਕ ਕਿਸ ਢੰਗ ਨਾਲ ਪੇਸ਼ ਕਰਨਾ ਹੈ। ਲੋਕਾਂ ਨੂੰ ਸੁਚੇਤ ਕਰਨਾ ਹੈ ਕਿ ਉਨ੍ਹਾਂ ਨੂੰ ਡਰਾਉਣਾ ਹੈ। ਆਮ ਤੌਰ ਤੇ ਇਉਂ ਲਗਦਾ ਹੈ ਕਿ ਡਰਾਉਣ ਨੂੰ ਹੀ ਸੁਚੇਤ ਕਰਨ ਦਾ ਬਦਲ ਮੰਨ ਲਿਆ ਗਿਆ ਹੈ ਜਦੋਂਕਿ ਡਰ ਦੇ ਆਪਣੇ ਨੁਕਸਾਨ ਹਨ ਅਤੇ ਸੁਚੇਤ ਕਰਨ ਦੇ ਵਿਸ਼ੇਸ਼ ਫਾਇਦੇ।


ਤਾਜ਼ਾ ਖ਼ਬਰਾਂ ਅਨੁਸਾਰ ਦੁਨੀਆਂ ਭਰ ਵਿਚ ਕਰੋਨਾ ਦੇ ਕੇਸਾਂ ਦੀ ਗਿਣਤੀ ਡੇਢ ਲੱਖ ਤੋਂ ਉਪਰ ਹੋ ਗਈ ਹੈ ਅਤੇ ਮੌਤਾਂ ਦੀ ਗਿਣਤੀ ਛੇ ਹਜ਼ਾਰ। ਇਹ ਖ਼ਬਰKਰਿਪੋਰਟ ਠੀਕ ਹੈ ਪਰ ਜੋ ਸੂਚਨਾ ਗਾਇਬ ਹੈ, ਉਹ ਇਹ ਹੈ ਕਿ ਇਨ੍ਹਾਂ ਡੇਢ ਲੱਖ ਕੇਸਾਂ ਵਿਚੋਂ 80000 ਲੋਕ ਠੀਕ ਹੋਏ ਹਨ ਅਤੇ ਬਾਕੀ ਕਾਫ਼ੀ ਗਿਣਤੀ ਸਿਰਫ਼ ਸ਼ੱਕੀ ਸਨ ਜਾਂ ਹਲਕੇ ਲੱਛਣਾਂ ਵਾਲੇ ਸਨ ਜਿਨ੍ਹਾਂ ਨੂੰ ਕੁਝ ਨਹੀਂ ਹੋਇਆ ਤੇ ਨਾ ਹੀ ਕਿਸੇ ਦਵਾਈ ਦੀ ਲੋੜ ਪਈ। ਇਹ ਅਨੁਪਾਤ ਸਮਝਿਆ ਜਾਵੇ ਤਾਂ ਡਰ ਦੀ ਮਿਕਦਾਰ ਘੱਟ ਹੋ ਸਕਦੀ ਹੈ।

ਜਰਮਾਂ ਦੀ ਇਕ ਕਿਸਮ ਵਾਇਰਸ, ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਇਤਿਹਾਸ ਨਵਾਂ ਨਹੀਂ ਹੈ। ਚੇਚਕ, ਖਸਰਾ, ਚਿਕਨਪੌਕਸ ਤੇ ਫਿਰ ਡੇਂਗੂ, ਚਿਕਨਗੁਨੀਆ ਦੇ ਨਾਂ ਅਸੀਂ ਜਾਣਦੇ ਹਾਂ। ਪਿਛਲੇ ਵੀਹ ਸਾਲਾਂ ਦੌਰਾਨ ਵਾਇਰਲ ਬਿਮਾਰੀਆਂ ਦੇ ਹਮਲੇ ਵਿਚ ਸਵਾਈਨ ਫਲੂ, ਸਾਰਸ ਨੇ ਵੀ ਸਾਨੂੰ ਕਾਫੀ ਡਰਾਇਆ ਹੈ। ਸਾਰਸ ਦੀ ਬਿਮਾਰੀ ਫੈਲਦੀ ਹੌਲੀ ਸੀ ਪਰ ਮੌਤ ਦਰ ਕਾਫ਼ੀ ਜ਼ਿਆਦਾ ਸੀ, ਤਕਰੀਬਨ 10 ਫੀਸਦੀ। ਵਾਇਰਲ ਬੁਖ਼ਾਰ ਨਾਲ ਹਰ ਘਰ ਹੀ ਪੀੜਤ ਹੁੰਦਾ ਹੈ, ਖਾਸ ਕਰਕੇ ਜਦੋਂ ਮੌਸਮ ਬਦਲਦਾ ਹੈ।

ਸਾਰਸ, ਮਰਸ ਦੀ ਲੜੀ ਵਿਚ ਇਸ ਪਰਿਵਾਰ ਦੇ ਵਾਇਰਸ ਦਾ ਹੀ ਨਵਾਂ ਰੂਪ ਹੈ ਕਰੋਨਾ। ਵਾਇਰਸ ਦੀ ਇਹ ਖਾਸੀਅਤ ਹੈ ਕਿ ਇਹ ਆਪਣੀ ਬਣਤਰ ਵਿਚ ਬਦਲਾਓ ਲਿਆਉਣ ਦਾ ਮਾਹਿਰ ਹੁੰਦਾ ਹੈ ਤੇ ਕੁਝ ਸਮਾਂ ਪਾ ਕੇ ਨਵੇਂ ਅਤੇ ਪਹਿਲੇ ਵਾਲੇ ਰੂਪ ਤੋਂ ਵੱਧ ਘਾਤਕ ਹੋ ਕੇ ਸਾਹਮਣੇ ਆਉਂਦਾ ਹੈ। ਇਹ ਨਵਾਂ ਕਰੋਨਾ ਪਰਿਵਾਰ ਦਾ ਕੋਵਿਡ-19 ਨਾਂ ਦਾ ਵਾਇਰਸ ਉਸੇ ਤਰ੍ਹਾਂ ਦਾ ਹੈ। ਇਸ ਦਾ ਪਹਿਲਾ ਕੇਸ 31 ਦਸੰਬਰ 2019 ਨੂੰ ਰਿਪੋਰਟ ਹੋਇਆ। ਕਿਵੇਂ ਇਹ ਮਨੁੱਖੀ ਸੰਪਰਕ ਵਿਚ ਆਇਆ, ਇਸ ਦੇ ਕਿਆਸ ਲਗਾਏ ਜਾ ਰਹੇ ਹਨ ਤੇ ਕਈ ਮਤ ਸਾਹਮਣੇ ਆਏ ਹਨ। ਚੀਨ ਅਤੇ ਅਮਰੀਕਾ, ਇਕ ਦੂਸਰੇ ਨੂੰ ਦੋਸ਼ੀ ਠਹਿਰਾ ਰਹੇ ਹਨ ਪਰ ਇਕ ਗੱਲ ਤਾਂ ਹੈ ਕਿ ਇਹ ਮਨੁੱਖ ਦੀ ਕੁਦਰਤ ਨਾਲ ਹੱਦੋਂ ਵੱਧ ਛੇੜ-ਛਾੜ ਦਾ ਹੀ ਨਤੀਜਾ ਹੈ।

ਇਸ ਵਾਇਰਸ ਦੇ ਫੈਲਣ ਦੀ ਰਫ਼ਤਾਰ ਕਾਫ਼ੀ ਤੇਜ਼ ਹੈ ਪਰ ਇਸ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਪਹਿਲਿਆਂ ਦੀ ਤੁਲਨਾ ਵਿਚ ਘੱਟ ਹੈ। ਹਰ ਰੋਜ਼ ਗਿਣਤੀ ਵਧ ਰਹੀ ਹੈ ਤੇ ਟੀਵੀ ਦਾ ਹਰ ਨਿਊਜ਼ ਬੁਲਿਟਨ ਇਸ ਤੇ ਨਿਗਰਾਨੀ ਰੱਖ ਰਿਹਾ ਹੈ। ਇਹ ਸੱਚ ਹੈ ਕਿ ਰੋਗੀ ਅਗਾਂਹ 2 ਤੋਂ 3 ਜਣਿਆਂ ਨੂੰ ਰੋਗ ਫੈਲਾ ਸਕਦਾ ਹੈ ਅਤੇ ਇਸ ਮੁਤਾਬਕ ਇਕ ਹਫਤੇ, 7 ਦਿਨਾਂ ਵਿਚ ਕੇਸਾਂ ਦੀ ਗਿਣਤੀ ਦੁਗਣੀ ਤੋਂ ਵੀ ਵੱਧ ਹੋ ਜਾਂਦੀ ਹੈ ਪਰ ਨਾਲ ਹੀ, ਮੌਜੂਦਾ ਕੇਸਾਂ ਅਤੇ ਮੌਤਾਂ ਦੀ ਗਿਣਤੀ ਦੇ ਆਧਾਰ ਤੇ ਦੇਖੀਏ ਤਾਂ ਇਹ 2.7 ਫੀਸਦੀ ਬਣਦੀ ਹੈ। ਇਹ ਠੀਕ ਹੈ ਕਿ ਕਿਸੇ ਦੀ ਵੀ ਮੌਤ ਕਿਉਂ ਹੋਵੇ? ਕਿਸੇ ਇਕ ਦੀ ਵੀ ਮੌਤ ਕਿਉਂ ਹੋਵੇ? ਪਰ ਸਵਾਲ ਬਿਮਾਰੀ ਦੀ ਪ੍ਰਕਿਰਿਆ ਨੂੰ ਸਮਝਣ ਦਾ ਹੈ ਤਾਂ ਜੋ ਉਸ ਮੁਤਾਬਕ ਸਹੀ, ਕਾਰਗਰ ਅਤੇ ਵਿਗਿਆਨਕ ਤਰੀਕੇ ਨਾਲ ਹੱਲ ਸਮਝੇ ਅਤੇ ਅਪਣਾਏ ਜਾਣ।

ਕਰੋਨਾ ਵਾਇਰਸ ਦੀ ਲੰਬਾਈ ਕੋਈ 400-500 ਐਨਐਮ ਹੈ, ਮਤਲਬ ਇਹ ਬਾਕੀ ਜਰਮਾਂ ਦੇ ਮੁਕਾਬਲੇ ਕੁਝ ਵੱਡੀ ਲੰਬਾਈ ਰੱਖਦਾ ਹੈ ਅਤੇ ਸਰੀਰ ਦੇ ਅੰਦਰ ਜਾਣ ਤੋਂ ਬਚਾਅ ਲਈ ਬਹੁਤ ਬਰੀਕ ਮਾਸਕ ਦੀ ਲੋੜ ਨਹੀਂ ਪੈਂਦੀ। ਇਕ ਗੱਲ ਹੋਰ ਸਮਝਣ ਵਾਲੀ ਹੈ ਕਿ ਇਹ ਹਵਾ ਨਾਲ ਫੈਲਣ ਵਾਲੀ ਬਿਮਾਰੀ ਨਹੀਂ ਜਿਸ ਦਾ ਖ਼ਤਰਾ ਸਗੋਂ ਵੱਧ ਹੁੰਦਾ ਹੈ; ਜਿਵੇਂ ਅਸੀਂ ਹਵਾ ਪ੍ਰਦੂਸ਼ਣ ਦੀ ਗੱਲ ਕਰਦੇ ਹਾਂ। ਇਹ ਬੰਦੇ ਦੀਆਂ ਛਿੱਕਾਂ ਅਤੇ ਖੰਘKਖਾਂਸੀ ਰਾਹੀ ਬਾਹਰ ਨਿਕਲ ਰਹੀਆਂ ਪਾਣੀ-ਰੇਸ਼ੇ ਦੀਆਂ ਬੂੰਦਾਂ ਤੋਂ ਫੈਲਦੀ ਹੈ। ਇਸ ਦੇ ਲਈ ਵੀ ਸਾਡੀ ਬਚਾਅ ਪੱਧਤੀ ਦੀ ਸਮਝ ਵੱਖਰੀ ਹੋ ਜਾਂਦੀ ਹੈ।



ਇਸ ਬਿਮਾਰੀ ਦੀ ਗੰਭੀਰਤਾ ਅਤੇ ਡਰ ਨੂੰ ਸਮਝਣ ਦਾ ਇਕ ਢੰਗ ਇਹ ਵੀ ਹੈ ਕਿ ਤਕਰੀਨ 80 ਫੀਸਦੀ ਕੇਸਾਂ ਵਿਚ ਬਿਮਾਰੀ ਲੱਛਣਾਂ ਤੱਕ ਵੀ ਨਹੀਂ ਪਹੁੰਚਦੀ। ਸਿਰਫ਼ ਵੀਹ ਫੀਸਦੀ ਹੀ ਬਿਮਾਰੀ ਦੇ ਲੱਛਣ ਦਿਖਾਉਂਦੇ ਹਨ ਅਤੇ ਉਨ੍ਹਾਂ ਵਿਚੋਂ ਵੀ 5 ਫੀਸਦੀ ਵਿਚ ਐਮਰਜੈਂਸੀ ਬਣਦੀ ਹੈ ਤੇ ਹਸਪਤਾਲ ਦਾਖਲੇ ਦੀ ਲੋੜ ਪੈਂਦੀ ਹੈ। ਇਹ ਗੱਲ ਹੈ ਕਿ ਇਹ ਸਾਰੇ ਹੀ, ਭਾਵੇਂ ਉਹ ਲੱਛਣ ਦਿਖਾਉਣ ਜਾਂ ਨਾ, ਸਰੀਰ ਅੰਦਰ ਵਾਇਰਸ ਹੋਣ ਕਰਕੇ, ਛਿੱਕਾਂ-ਖਾਂਸੀ ਰਾਹੀਂ ਬਿਮਾਰੀ ਦੇ ਜਰਮ ਅਗਾਂਹ ਜ਼ਰੂਰ ਫੈਲਾ ਸਕਦੇ ਹਨ।

### ਬਿਮਾਰੀ ਤੋਂ ਬਚਣ ਦੇ ਉਪਾਅ

ਇਸ ਤਰ੍ਹਾਂ ਬਿਮਾਰੀ ਦੀ ਇਸ ਸਮਝ ਤੋਂ, ਜੋ ਜੀਵਨ ਸ਼ੈਲੀ ਵਿਚ ਬਦਲਾਓ ਕਰਨ ਜਾਂ ਕੁਝ ਸਿਹਤਮੰਦ ਢੰਗ ਅਪਣਾਉਣ ਦੀ ਲੋੜ ਹੈ, ਉਹ ਇਸ ਤਰ੍ਹਾਂ ਹਨ:

-ਕਰੋਨਾ ਵਾਇਰਸ ਦੀ ਲੰਬਾਈ (ਸਾਇਜ਼ ਆਪਾਂ ਜਾਣਿਆ ਹੈ, ਇਸ ਲਈ ਐਨ 95, ਮਾਸਕ ਦੀ ਕਿਸੇ ਵੀ ਤਰ੍ਹਾਂ ਲੋੜ ਨਹੀਂ ਹੈ। ਕੋਈ ਵੀ ਆਮ ਮਾਸਕ ਜਾਂ ਰੁਮਾਲ ਨਾਲ ਮੂੰਹ ਢੱਕ ਕੇ ਵੀ ਕੰਮ ਚਲਾਇਆ ਜਾ ਸਕਦਾ ਹੈ।

-ਇਹ ਹਵਾ ਰਾਹੀਂ ਨਹੀਂ ਫੈਲਦਾ। ਖਾਂਸੀ ਜਾਂ ਛਿੱਕ ਦੀਆਂ ਬੂੰਦਾਂ ਨਾਲ ਜਰਮ ਬਾਹਰ ਆਉਂਦੇ ਹਨ, ਇਸ ਲਈ ਮਾਸਕ ਦੀ ਲੋੜ ਲੱਛਣਾਂ ਵਾਲੇ ਬੰਦੇ ਨੂੰ ਹੈ, ਨਾ ਕਿ ਸਿਹਤਮੰਦ ਬੰਦੇ ਨੂੰ। ਹਾਂ, ਜੇ ਤੁਸੀਂ ਸਿਹਤ ਅਮਲੇ ਨਾਲ ਸਬੰਧਿਤ ਹੋ ਤਾਂ ਇਸ ਦੀ ਲੋੜ ਹੈ।

-ਛਿੱਕਾਂ ਤਾਂ ਆਮ ਜੀਵਨ ਦਾ ਹਿੱਸਾ ਹੁੰਦੀਆਂ ਹਨ, ਖਾਸ ਕਰਕੇ ਐਲਰਜੀ ਵਾਲੀ ਥਾਂ। ਇਸ ਮੌਸਮ ਵਿਚ ਫੁੱਲਾਂ ਦੇ ਪਰਾਗ ਕਰਕੇ ਜਾਂ ਪ੍ਰਦੂਸ਼ਣ ਕਰਕੇ। ਇਸ ਲਈ ਛਿੱਕਣ ਦਾ ਸਿਹਤਮੰਦ ਤਰੀਕਾ ਵੀ ਕਾਰਗਰ ਸਿੱਧ ਹੋ ਸਕਦਾ ਹੈ। ਸਾਡਾ ਰਵਾਇਤੀ ਤਰੀਕਾ ਹੈ ਕਿ ਛਿੱਕ ਜਾਂ ਖਾਂਸੀ ਵੇਲੇ, ਦੋਹੇ ਹੱਥ ਹੀ ਨੱਕ-ਮੂੰਹ ਅੱਗੇ ਕਰ ਲਏ ਜਾਂਦੇ ਹਨ ਜੋ ਠੀਕ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ ਜਰਮ ਹੱਥ ਤੇ ਆ ਜਾਂਦੇ ਹਨ, ਜਿਥੇ ਉਹ 6 ਤੋਂ 12 ਘੰਟੇ ਤਕ ਜਿਊਂਦੇ ਰਹਿੰਦੇ ਹਨ। ਉਸ ਦੌਰਾਨ ਤੁਸੀਂ ਕਿਸੇ ਮਸ਼ੀਨ ਜਾਂ ਸਮਾਨ ਨੂੰ ਇਸਤੇਮਾਲ ਕਰਦੇ ਹੋ, ਦਰਵਾਜ਼ਾ ਖੋਲ੍ਹਦੇ ਹੋ, ਕਿਸੇ ਨਾਲ ਹੱਥ ਮਿਲਾਉਂਦੇ ਹੋ ਤਾਂ ਤੁਸੀਂ ਉਹ ਜਰਮ ਫੈਲਾ ਰਹੇ ਹੁੰਦੇ ਹੋ।

### ਕਰਨਾ ਕੀ ਚਾਹੀਦਾ ਹੈ?

ਛਿੱਕਣ ਜਾਂ ਖਾਂਸੀ ਵੇਲੇ ਰੁਮਾਲ ਜਾਂ ਮਾਸਕ ਦੀ ਵਰਤੋਂ ਨਹੀਂ ਹੋ ਸਕਦੀ ਤਾਂ ਉਸ ਵੇਲੇ ਆਪਣੇ ਬਾਂਹ ਦੀ ਕੂਹਣੀ ਵਿਚ ਛਿੱਕਿਆ ਜਾਵੇ। ਜੇ ਉਥੇ ਕੋਈ ਮੁਸ਼ਕਿਲ ਲੱਗੇ ਤਾਂ ਪੂਰੀ ਬਾਂਹ ਦੀ ਕਮੀਜ਼ ਜਾਂ ਕੋਟੀ ਦੇ ਕੱਪੜੇ ਵਾਲੇ ਕਿਸੇ ਹਿੱਸੇ ਤੇ ਛਿੱਕਿਆ ਜਾਵੇ।

ਇਸੇ ਤਰ੍ਹਾਂ ਇਹ ਜਰਮ ਜੇਕਰ ਕਿਸੇ ਸਮਾਨ, ਦਰਵਾਜ਼ੇ ਜਾਂ ਕਿਸੇ ਹੋਰ ਅਜਿਹੀ ਥਾਂ ਤੇ ਪਹੁੰਚੇ ਹੋਏ ਹੋਣ ਤਾਂ ਕਿਸੇ ਵੀ ਤਰ੍ਹਾਂ ਦੀ ਸ਼ੱਕ ਦੀ ਸੂਰਤ ਵਿਚ ਉਸ ਥਾਂKਸਮਾਨ ਨੂੰ ਛੂਹਣ ਮਗਰੋਂ, ਉਸ ਹੱਥ ਨੂੰ ਆਪਣੇ ਨੱਕ, ਮੂੰਹ, ਅੱਖਾਂ ਤੋਂ ਬਚਾ ਕੇ ਰੱਖਿਆ ਜਾਵੇ ਅਤੇ ਫੌਰਨ ਹੱਥਾਂ ਨੂੰ ਸਾਬਣ ਨਾਲ ਧੋਇਆ ਜਾਵੇ।

ਸਮਝਣ ਅਤੇ ਸੁਚੇਤ ਹੋਣ ਦੀ ਸਾਧਾਰਨ ਜਿਹੀ ਵਿਧੀ ਹੈ, ਛਿੱਕਣ ਦੀ ਸਿਹਤਮੰਦ ਕਲਾ ਸਿੱਖਣਾ ਅਤੇ ਹੱਥਾਂ ਨੂੰ ਸ਼ੱਕੀ ਥਾਂ ਦੇ ਛੋਹੇ ਜਾਣ ਮਗਰੋਂ ਸਾਬਣ ਨਾਲ ਧੋਣ ਤੇ ਇਹ ਬਹੁਤ ਹੀ ਵਧੀਆ ਤਰੀਕੇ ਨਾਲ ਬਿਮਾਰੀ ਦੇ ਫੈਲਾਅ ਨੂੰ ਰੋਕ ਸਕਦੇ ਹਨ। ਇਸ ਸਮੇਂ ਦੌਰਾਨ ਕਿਸੇ ਨਾਲ ਹੱਥ ਨਾ ਮਿਲਾਇਆ ਜਾਵੇ। ਇਨ੍ਹਾਂ ਦੋ ਆਮ ਅਤੇ ਰੋਜ਼ਮੱਰਾ ਜ਼ਿੰਦਗੀ ਵਿਚ ਅਪਣਾਈਆਂ ਜਾਣ ਵਾਲੀਆਂ ਆਦਤਾਂ ਤੋਂ ਇਲਾਵਾ ਜੋ ਕਰਨ ਦੀ ਲੋੜ ਹੈ ਅਤੇ ਸੁਚੇਤ ਰਹਿਣਾ ਚਾਹੀਦਾ ਹੈ, ਉਹ ਹੈ:

-ਕਿਸੇ ਵੀ ਭੀੜ-ਭੜੱਕੇ ਵਾਲੇ ਇਲਾਕੇ ਦਾ ਹਿੱਸਾ ਬਣਨ ਤੋਂ ਪਰਹੇਜ਼ ਕੀਤਾ ਜਾਵੇ। ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਲੋਕਾਂ ਵਿਚ ਬਿਮਾਰੀ ਘਾਤਕ ਸਿੱਧ ਹੋਈ ਹੈ, ਉਨ੍ਹਾਂ ਵਿਚ 50 ਫੀਸਦੀ ਉਹ ਸੀ ਜਿਨ੍ਹਾਂ ਨੂੰ ਪਹਿਲਾਂ ਕੋਈ ਹੋਰ ਬਿਮਾਰੀ, ਜਿਵੇਂ ਦਿਲ ਦੀ ਬਿਮਾਰੀ, ਸ਼ੂਗਰ ਰੋਗ, ਦਮਾ ਜਾਂ ਸਾਹ ਦੀ ਬਿਮਾਰੀ ਆਦਿ ਸੀ; ਤੇ ਦੂਸਰੇ ਜੋ ਲੋਕ ਪ੍ਰਭਾਵਿਤ ਹੋਏ ਹਨ, ਉਹ ਹਨ 70 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗ। ਇਸ ਲਈ ਖਾਸ ਤੌਰ ਤੇ ਅਜਿਹੇ ਲੋਕ ਇਕੱਠ ਵਾਲੀ ਥਾਂ ਤੋਂ ਦੂਰ ਰਹਿਣ।

-ਸਭ ਤੋਂ ਵੱਧ ਜ਼ਰੂਰਤ ਪੌਸ਼ਟਿਕ ਖਾਣਾ ਖਾਣ ਦੀ ਹੈ। ਘਰ ਵਿਚ ਆਮ ਬਣਿਆ ਭਰ-ਪੇਟ ਖਾਣਾ ਖਾਓ।

-ਜੇ ਬਿਮਾਰੀ ਦੀ ਸ਼ੁਰੂਆਤ ਹੋਈ ਲਗਦੀ ਹੈ ਜੋ ਸੁੱਕੀ ਖਾਂਸੀ, ਗਲੇ ਦੇ ਖੁਸ਼ਕ ਹੋਣ ਨਾਲ ਹੁੰਦੀ ਹੈ ਤਾਂ ਉਸ ਵੇਲੇ ਗਰਮ ਪਾਣੀ ਜਾਂ ਹੋਰ ਤਰਲ ਪਦਾਰਥ ਵਰਤੇ ਜਾਣ। ਕੋਸੇ ਪਾਣੀ ਜਾਂ ਬੀਟਾਡੀਨ ਨਾਲ ਗਰਾਰੇ ਵੀ ਕੀਤੇ ਜਾ ਸਕਦੇ ਹਨ। ਧਿਆਨ ਰੱਖਿਆ ਜਾਵੇ ਕਿ ਜੇ ਨੱਕ ਵਗਦਾ ਹੈ, ਬਲਗਮ ਆਉਂਦੀ ਹੈ ਤਾਂ ਮਤਲਬ ਤੁਹਾਨੂੰ ਕਰੋਨਾ ਨਹੀਂ ਹੈ।


-ਜੇ ਸੁੱਕੀ ਖਾਂਸੀ ਤੋਂ ਬਾਅਦ ਤੇਜ਼ ਬੁਖ਼ਾਰ ਹੁੰਦਾ ਹੈ ਤੇ ਸਾਹ ਲੈਣ ਵਿਚ ਦਿੱਕਤ ਆਉਂਦੀ ਹੈ ਤਾਂ ਡਾਕਟਰ ਕੋਲ ਪਹੁੰਚਣ ਵਿਚ ਦੇਰ ਨਾ ਕੀਤੀ ਜਾਵੇ।

ਇਸ ਤਰ੍ਹਾਂ ਬਿਮਾਰੀ ਨੂੰ ਤਿੰਨ ਪੜਾਅ ਵਿਚ ਸਮਝਣ ਅਤੇ ਉਪਾਅ ਕਰਨ ਦੀ ਲੋੜ ਹੈ। ਸਿਹਤਮੰਦ ਸ਼ਖ਼ਸ ਖਾਂਸੀ ਵਾਲੇ ਜਾਂ ਸ਼ੱਕੀ ਸ਼ਖ਼ਸ ਜੋ ਕਰੋਨਾ ਬਿਮਾਰੀ ਦੇ ਮਰੀਜ਼ ਨੂੰ ਜਾਂ ਵਿਦੇਸ਼ੋਂ ਹੋ ਕੇ ਆਇਆ ਹੈ, ਉਸ ਤੋਂ ਦੂਰ ਰਹਿਣ। ਜੇ ਲੱਛਣ ਹੋ ਜਾਣ ਤਾਂ ਖਾਂਸੀ-ਛਿੱਕ ਦੇ ਸਹੀ ਤਰੀਕੇ ਨੂੰ ਵਰਤਣ। ਸ਼ੱਕ ਵਾਲਾ ਸ਼ਖ਼ਸ ਮਾਸਕ ਪਾਵੇ ਅਤੇ ਕੋਸ਼ਿਸ਼ ਕਰੇ ਕਿ ਆਪਣੇ ਆਪ ਨੂੰ ਘੱਟੋ-ਘੱਟ ਦੋ ਹਫ਼ਤੇ ਅਲੱਗ ਕਰਕੇ ਰੱਖੇ। ਭੀੜ ਵਾਲੀ ਥਾਂ ਤੇ ਨਾ ਜਾਵੇ। ਕੋਸ਼ਿਸ਼ ਹੋਵੇ ਕਿ ਘਰੇ ਰਹਿ ਕੇ ਕੰਮ ਕਰੇ। ਬਿਮਾਰ ਸ਼ਖ਼ਸ ਛੇਤੀ ਤੋਂ ਛੇਤੀ ਹਸਪਤਾਲ ਪਹੁੰਚੇ ਅਤੇ ਕੋਸ਼ਿਸ਼ ਹੋਵੇ ਕਿ ਬਿਮਾਰੀ ਗਲੇ ਤੋਂ ਥੱਲੇ, ਫੇਫੜਿਆਂ ਤਕ ਨਾ ਪਹੁੰਚੇ ਤੇ ਨਿਮੋਨੀਆ ਨਾ ਬਣੇ।

ਹੁਣ ਤੁਸੀਂ ਖੁਦਮਹਿਸੂਸ ਕਰੋਗੇ ਕਿ ਬਿਮਾਰੀ ਭਾਵੇਂ ਲਗਾਤਾਰ ਵਧ ਰਹੀ ਹੈ ਪਰ ਬਚਾਉ ਦੇ ਢੰਗ ਆਮ ਹਨ ਤੇ ਰੋਜ਼ਮੱਰਾ ਜ਼ਿੰਦਗੀ 'ਚ ਅਪਣਾਏ ਜਾ ਸਕਦੇ ਹਨ। ਅਸਲ 'ਚ, ਅਸੀਂ ਬਿਮਾਰੀਆਂ ਪ੍ਰਤੀ ਹਰ ਰੋਜ਼, ਨਵੇਂ ਤੋਂ ਨਵੇਂ ਪਹਿਲੂ ਜਾਣ ਰਹੇ ਹਾਂ ਅਤੇ ਸਾਡੇ ਕੋਲ ਆਪਣੀ ਗੱਲ ਪਹੁੰਚਾਉਣ ਦੇ ਨਵੇਂ ਨਵੇਂ ਸਾਧਨ ਵੀ ਹਨ ਪਰ ਇਹ ਸਾਰੇ ਸਾਧਨ, ਖਾਸ ਕਰ ਸੋਸ਼ਲ ਮੀਡੀਆ, ਗਿਆਨ ਘੱਟ ਪਹੁੰਚਾ ਰਹੇ ਹਨ ਤੇ ਭੰਬਲਭੂਸਾ ਵੱਧ ਪਾ ਰਹੇ ਹਨ। ਇਹ ਲੋਕਾਂ ਨੂੰ ਸੁਚੇਤ ਕਰਨ ਦੀ ਥਾਂ ਡਰ-ਸਹਿਮ ਨਾਲ ਵੱਧ ਤਣਾਉ ਵਿਚ ਪਾ ਰਹੇ ਹਨ।

ਡਰਨਾ ਕਹੀਏ ਜਾਂ ਸੁਚੇਤ ਹੋਣ ਦੀ ਲੋੜ ਹੈ ਪਰ ਹਾਲਾਤ ਨੂੰ ਹਊਆਂ ਸਮਝਣ ਵਿਚ ਸਿਆਣਪ ਨਹੀਂ ਹੈ। ਅਸੀਂ ਪਿਛਲੇ ਹਾਲਾਤ ਤੋਂ ਸੰਭਲਣਾ ਵੀ ਸਿੱਖੇ ਹਾਂ ਅਤੇ ਛੇਤੀ ਕਾਬੂ ਪਾਉਣਾ ਵੀ।

## ਕਰੋਨਾਵਾਇਰਸ ਬਣਿਆ ਮਹਾਮਾਰੀ



ਕਰੋਨਾਵਾਇਰਸ ਦੀ ਮਹਾਮਾਰੀ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲਗਭਗ ਸਾਰੇ ਦੇਸ਼ਾਂ ਨੇ ਇਸ ਸਬੰਧੀ ਵੱਡੇ ਪੱਧਰ 'ਤੇ ਪਾਬੰਦੀਆਂ ਲਾਈਆਂ ਹਨ। ਚੀਨ ਤੋਂ ਬਾਅਦ ਇਟਲੀ, ਇਰਾਨ ਤੇ ਸਪੇਨ ਵਿਚ ਹਾਲਾਤ ਜ਼ਿਆਦਾ ਖਰਾਬ ਹਨ। ਹੁਣ ਤਕ 1.50 ਲੱਖ ਤੋਂ ਜ਼ਿਆਦਾ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋਏ ਹਨ ਜਿਨ੍ਹਾਂ ਵਿਚੋਂ 5800 ਦੀ ਮੌਤ ਹੋ ਚੁੱਕੀ ਹੈ। ਇਟਲੀ ਤੇ ਸਪੇਨ ਵਿਚ ਇਹ ਮਹਾਮਾਰੀ ਬਹੁਤ ਤੇਜ਼ੀ ਨਾਲ ਫੈਲੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਦੋਹਾਂ ਦੇਸ਼ਾਂ ਨੇ ਸ਼ੁਰੂਆਤੀ ਸਮਿਆਂ ਵਿਚ ਉਸ ਤਰੀਕੇ ਦੇ ਕਦਮ ਨਹੀਂ ਉਠਾਏ, ਜਿਹੜੇ ਉਠਾਏ ਜਾਣੇ ਚਾਹੀਦੇ ਸਨ। ਹੁਣ ਇਟਲੀ ਵਿਚ ਏਨੀ ਵੱਡੀ ਪੱਧਰ ਦੀਆਂ ਬੰਦਿਸ਼ਾਂ ਲਗਾਈਆਂ ਗਈਆਂ ਹਨ ਕਿ ਕਿਸੇ ਆਦਮੀ ਨੂੰ ਬਾਹਰ ਘੁੰਮਣ-ਫਿਰਨ ਲਈ ਵੀ ਸਿਹਤ ਅਧਿਕਾਰੀਆਂ ਕੋਲੋਂ ਸਰਟੀਫਿਕੇਟ ਲੈਣਾ ਪੈਂਦਾ ਹੈ। ਭਾਰਤ ਵਿਚ ਵੱਖ ਵੱਖ ਸੂਬਿਆਂ ਵਿਚ ਸਕੂਲ-ਕਾਲਜ ਬੰਦ ਕਰਵਾਉਣ ਦੇ ਨਾਲ ਨਾਲ ਲੋਕਾਂ ਦੇ ਇਕੱਠੇ ਹੋਣ ਉੱਤੇ ਬੰਦਿਸ਼ ਲਗਾਈ ਗਈ ਹੈ।

ਇਟਲੀ ਵਿਚ ਸ਼ੁਰੂਆਤੀ ਦੌਰ ਵਿਚ ਦੇਸ਼ ਦੇ 25 ਫ਼ੀਸਦੀ ਹਿੱਸੇ ਵਿਚ ਵੱਡੀ ਪੱਧਰ ਦੀਆਂ ਪਾਬੰਦੀਆਂ ਲਗਾਈਆਂ ਗਈਆਂ ਅਤੇ ਲੋਕਾਂ ਨੂੰ ਆਪਣੇ ਘਰਾਂ ਦੇ ਅੰਦਰ ਰਹਿਣ ਲਈ ਕਿਹਾ ਗਿਆ। ਖ਼ਬਰਾਂ ਅਨੁਸਾਰ ਉਹ ਇਲਾਕਾ, ਜਿਸ ਨੂੰ ਲਾਲ ਭਾਵ ਖ਼ਤਰੇ ਵਾਲਾ ਐਲਾਨਿਆ ਗਿਆ ਸੀ, 'ਚੋਂ ਲਗਭਗ 10 ਹਜ਼ਾਰ ਲੋਕ ਰਾਤੋ-ਰਾਤ ਇਟਲੀ ਦੇ ਦੂਜੇ ਹਿੱਸਿਆਂ ਨੂੰ ਚਲੇ ਗਏ ਅਤੇ ਇਸ ਕਾਰਨ ਇਹ ਮਹਾਮਾਰੀ ਤੇਜ਼ੀ ਨਾਲ ਫੈਲੀ। ਭਾਰਤ ਵਿਚ ਮਹਾਰਾਸ਼ਟਰ, ਕੇਰਲ, ਕਰਨਾਟਕ ਅਤੇ ਦਿੱਲੀ ਵਿਚ ਇਸ ਬਿਮਾਰੀ ਦਾ ਪ੍ਰਭਾਵ ਜ਼ਿਆਦਾ ਹੈ। ਆਮ ਕਰਕੇ ਇਹ ਕਿਹਾ ਜਾਂਦਾ ਹੈ ਕਿ ਬਿਮਾਰੀਆਂ ਵੱਧ ਵਸੋਂ ਵਾਲੇ ਅਤੇ ਗੰਦੇ ਇਲਾਕਿਆਂ ਵਿਚ ਉਪਜਦੀਆਂ ਤੇ ਉਥੋਂ ਬਾਹਰ ਫੈਲਦੀਆਂ ਹਨ ਪਰ ਇਹ ਬਿਮਾਰੀ ਫੈਲਣ ਦਾ ਕਾਰਨ ਉਹ ਲੋਕ ਹਨ ਜਿਨ੍ਹਾਂ ਦਾ ਜੀਵਨ ਪੱਧਰ ਆਮ ਹਿੰਦੋਸਤਾਨੀ ਤੋਂ ਉੱਚਾ ਹੈ, ਭਾਵ ਇਹ ਬਿਮਾਰੀ ਬਸਤੀਆਂ ਜਾਂ ਸਲੱਮਜ਼ ਵਿਚੋਂ ਨਹੀਂ ਉਪਜ ਰਹੀ ਸਗੋਂ ਬਾਹਰ ਗਏ ਸੈਲਾਨੀਆਂ ਦੁਆਰਾ ਦੇਸ਼ ਵਿਚ ਲਿਆਂਦੀ ਜਾ ਰਹੀ ਹੈ। ਲਗਭਗ 4 ਹਜ਼ਾਰ ਲੋਕਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਚੀਨ ਵਿਚ ਇਹ ਬਿਮਾਰੀ ਘਟਣ ਦੇ ਆਸਾਰ ਹਨ ਅਤੇ ਇਸ ਵੇਲੇ ਇਸ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ 1 ਲੱਖ ਤੋਂ ਘੱਟ ਹੈ। ਇਟਲੀ ਤੇ ਇਰਾਨ ਵਿਚ ਲਗਭਗ 34 ਹਜ਼ਾਰ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋਏ ਹਨ। ਭਾਰਤ ਨੇ ਬਾਹਰਲੇ ਦੇਸ਼ਾਂ ਵਿਚ ਆਪਣੇ ਪ੍ਰਭਾਵਿਤ ਹੋਏ ਨਾਗਰਿਕਾਂ ਨੂੰ ਵਾਪਸ ਲਿਆਂਦਾ ਹੈ ਅਤੇ ਉਨ੍ਹਾਂ ਨੂੰ 14 ਦਿਨਾਂ ਤਕ ਇੰਡੋ-ਤਿੱਬਤਨ ਬਾਰਡਰ ਪੁਲੀਸ ਦੇ ਛਾਵਲਾ ਕੈਂਪ ਵਿਚ ਵੱਖਰੇ ਰੱਖਿਆ ਜਾਏਗਾ।

ਡਾਕਟਰਾਂ ਅਤੇ ਮਹਾਮਾਰੀਆਂ ਦੇ ਫੈਲਾਓ ਦੇ ਖੇਤਰ ਦੇ ਮਾਹਿਰਾਂ ਅਨੁਸਾਰ ਇਸ ਬਿਮਾਰੀ ਤੋਂ ਬਚਣ ਦਾ ਸਭ ਤੋਂ ਵੱਡਾ ਉਪਾਅ ਇਹੀ ਹੈ ਕਿ ਕਿਸੇ ਵੀ ਥਾਂ 'ਤੇ ਜ਼ਿਆਦਾ ਲੋਕਾਂ ਨੂੰ ਇਕੱਠੇ ਹੋਣ ਤੋਂ ਰੋਕਿਆ ਜਾਏ। ਉਨ੍ਹਾਂ ਅਨੁਸਾਰ ਬਿਮਾਰੀ ਦਾ ਫੈਲਾਓ ਇਸ ਤੱਥ 'ਤੇ ਨਿਰਭਰ ਕਰਦਾ ਹੈ ਕਿ ਕਿੰਨੇ ਲੋਕ ਉਸ ਬਿਮਾਰੀ ਤੋਂ ਪ੍ਰਭਾਵਿਤ ਹੋਣ ਤੋਂ ਬਾਅਦ ਕਿੰਨੇ ਲੋਕਾਂ ਵਿਚ ਵਿਚਰੇ। ਇਸੇ ਲਈ ਸਕੂਲਾਂ, ਕਾਲਜਾਂ, ਵਪਾਰਕ ਅਦਾਰਿਆਂ, ਸ਼ਾਪਿੰਗ ਮਾਲਜ਼, ਸਿਨੇਮਾਘਰਾਂ ਆਦਿ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਇਸ ਬਿਮਾਰੀ ਨੂੰ ਰੋਕਣ ਲਈ ਕਾਰਗਰ ਹੋਣਗੀਆਂ। ਸਿਹਤਮੰਦ ਖੁਰਾਕ, ਸਾਫ਼-ਸਫ਼ਾਈ ਅਤੇ ਘੱਟ ਮੇਲ-ਮਿਲਾਪ ਇਸ ਬਿਮਾਰੀ ਤੋਂ ਬਚਣ ਲਈ ਬੁਨਿਆਦੀ ਹਨ। ਇਸ ਖੇਤਰ ਨਾਲ ਸਬੰਧਿਤ ਮਾਹਿਰ ਚਿਤਾਵਨੀ ਦੇ ਰਹੇ ਹਨ ਕਿ ਜਿੱਥੇ ਸਰਕਾਰ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਦੀ ਪਾਲਣਾ ਕਰਨੀ ਜ਼ਰੂਰੀ ਹੈ, ਉੱਥੇ ਡਰ ਤੇ ਸਹਿਮ ਦਾ ਮਾਹੌਲ ਬਣਾਉਣ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ। ਉਹ 2009 ਵਿਚ ਫੈਲੀ ਸਵਾਈਨ ਫਲੂ ਦੀ ਮਹਾਮਾਰੀ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਉਹ ਮਹਾਮਾਰੀ ਵੀ ਕਰੋਨਾਵਾਇਰਸ ਜਿੰਨੀ ਹੀ ਫੈਲਣ ਵਾਲੀ ਅਤੇ ਘਾਤਕ ਸੀ ਪਰ ਸਮੇਂ ਸਿਰ ਉਚਿਤ ਕਾਰਵਾਈ ਕਰਨ ਕਰਕੇ ਉਸ 'ਤੇ ਜਲਦੀ ਕਾਬੂ ਪਾ ਲਿਆ ਗਿਆ। ਇਹ ਵੀ ਕਿਹਾ ਜਾ ਰਿਹਾ ਹੈ ਕਿ ਵਾਇਰਸ ਦੁਆਰਾ ਹੋਣ ਵਾਲੀਆਂ ਹੋਰ ਬਹੁਤ ਸਾਰੀਆਂ ਬਿਮਾਰੀਆਂ, ਜਿਨ੍ਹਾਂ ਵਿਚ ਡੇਂਗੂ ਸਭ ਤੋਂ ਪ੍ਰਮੁੱਖ ਹੈ, ਹਰ ਸਾਲ ਸਾਡੇ ਦੇਸ਼ ਵਿਚ ਸੈਂਕੜੇ ਮੌਤਾਂ ਦਾ ਕਾਰਨ ਬਣਦੀਆਂ ਹਨ। ਇਸ ਲਈ ਲੋਕਾਂ ਨੂੰ ਸਰਕਾਰ ਦੁਆਰਾ ਲਾਈਆਂ ਪਾਬੰਦੀਆਂ ਦਾ ਪਾਲਣ ਕਰਨ ਦੇ ਨਾਲ ਨਾਲ ਆਪਣੀ ਸਫ਼ਾਈ ਤੇ ਖੁਰਾਕ ਦਾ ਖ਼ਿਆਲ ਰੱਖਦਿਆਂ ਹੋਇਆਂ ਇਸ ਤੋਂ ਏਦਾਂ ਘਬਰਾਉਣ ਦੀ ਜ਼ਰੂਰਤ ਨਹੀਂ ਜਿਸ ਤਰ੍ਹਾਂ ਦਾ ਮਾਹੌਲ ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫ਼ਾਰਮਾਂ ਰਾਹੀਂ ਬਣਾਇਆ ਜਾ ਰਿਹਾ ਹੈ।

# ਸੰਕਟ ਆਇਆ ਹੈ, ਕੁਦਰਤ ਦਾ ਸੁਨੇਹਾ ਸਮਝੋ



ਰਾਮਨਾਥ ਕੋਵਿੰਦ
ਭਾਰਤ ਦੇ ਰਾਸ਼ਟਰਪਤੀ

ਛੂਤ ਦੇ ਰੋਗ ਅਤੇ ਮਹਾਮਾਰੀ ਮਨੁੱਖ ਜਾਤੀ ਲਈ ਕੋਈ ਨਵੀਂ ਗੱਲ ਨਹੀਂ ਹੈ। ਫਿਰ ਵੀ ਇੰਨੇ ਵੱਡੇ ਪੈਮਾਨੇ 'ਤੇ ਕੋਰੋਨਾ ਵਾਇਰਸ ਦਾ ਪ੍ਰਕੋਪ ਸਾਡੇ ਸਾਰਿਆਂ ਦੇ ਜੀਵਨਕਾਲ ਵਿਚ ਇਕ ਨਵੀਂ ਘਟਨਾ ਹੈ। ਮੇਰੀ ਸੰਵੇਦਨਾ ਉਨ੍ਹਾਂ ਡਾਕਟਰਾਂ, ਨਰਸਾਂ, ਪੈਰਾ-ਮੈਡਿਕਸ, ਸਿਹਤ ਕਰਮਚਾਰੀਆਂ ਅਤੇ ਉਨ੍ਹਾਂ ਹੋਰ ਸਾਰੇ ਲੋਕਾਂ ਦੇ ਨਾਲ ਵੀ ਹੈ ਜੋ ਆਪਣੇ ਜੀਵਨ ਨੂੰ ਜੋਖ਼ਮ ਵਿਚ ਪਾ ਕੇ ਮਨੁੱਖ ਜਾਤੀ ਦੀ ਸੇਵਾ ਕਰ ਰਹੇ ਹਨ। ਸਾਡੇ ਸਾਹਮਣੇ ਆਏ ਗੰਭੀਰ ਸੰਕਟ ਦੀ ਇਸ ਘੜੀ ਵਿਚ ਦੇਸ਼ ਵਾਸੀਆਂ ਨੇ ਜਿਸ ਸਮਝਦਾਰੀ ਅਤੇ ਪਰਿਪੱਕਤਾ ਦਾ ਸਬੂਤ ਦਿੱਤਾ ਹੈ, ਉਸ ਦੀ ਮੈਂ ਸ਼ਲਾਘਾ ਕਰਦਾ ਹਾਂ। ਉਨ੍ਹਾਂ ਦੇ ਸਹਿਯੋਗ ਸਦਕਾ ਸਾਰੀਆਂ ਸੰਸਥਾਵਾਂ ਲਈ ਆਪਸੀ ਤਾਲਮੇਲ ਦੇ ਨਾਲ ਮਿਲ-ਬੈਠ ਕੇ ਕੰਮ ਕਰਨਾ ਸੰਭਵ ਹੋ ਰਿਹਾ ਹੈ। ਸਾਡੇ ਸਿਹਤ ਸੇਵਾ ਸੰਸਥਾਨਾਂ ਨੇ ਇਸ ਅਸਾਧਾਰਨ ਅਤੇ ਨਿਰੰਤਰ ਵੱਧਦੀ ਹੋਈ ਚੁਣੌਤੀ ਨਾਲ ਨਜਿੱਠਣ ਵਿਚ ਬਹੁਤ ਮੁਸਤੈਦੀ ਦਿਖਾਈ ਹੈ ਅਤੇ ਆਪਣੀ ਮੁਹਾਰਤ ਦਾ ਸਬੂਤ ਦਿੱਤਾ ਹੈ। ਸਾਡੀ ਲੀਡਰਸ਼ਿਪ ਅਤੇ ਪ੍ਰਸ਼ਾਸਨ ਨੇ ਪਰਖ ਦੀ ਇਸ ਘੜੀ ਵਿਚ ਆਪਣੀ ਸਮਰੱਥਾ ਸਿੱਧ ਕੀਤੀ ਹੈ। ਮੈਨੂੰ ਯਕੀਨ ਹੈ ਕਿ ਅਸੀਂ ਸਾਰੇ ਇਕਜੁੱਟ ਹੋ ਕੇ ਇਸ ਸੰਕਟ ਦਾ ਸਾਹਮਣਾ ਕਰ ਸਕਾਂਗੇ। ਇਸ ਮਹਾਮਾਰੀ ਨੇ ਸਾਨੂੰ ਹੋਰ ਲੋਕਾਂ ਦੇ ਨਾਲ ਸਨਮਾਨਜਨਕ ਦੂਰੀ ਬਣਾਈ ਰੱਖਣ ਲਈ ਮਜਬੂਰ ਕਰ ਦਿੱਤਾ ਹੈ। ਆਪਣੇ ਵਿਵੇਕ ਨਾਲ ਜਾਂ ਡਾਕਟਰਾਂ ਦੁਆਰਾ ਲਾਜ਼ਮੀ ਕੀਤਾ ਗਿਆ ਇਕਾਂਤਵਾਸ ਸਾਡੀ ਹੁਣ ਤਕ ਦੀ ਯਾਤਰਾ ਅਤੇ ਸਾਡੇ ਭਵਿੱਖ ਦੇ ਮਾਰਗ 'ਤੇ ਚਿੰਤਨ-ਮਨਨ ਕਰਨ ਲਈ ਇਕ ਆਦਰਸ਼ ਮੌਕਾ ਸਿੱਧ ਹੋ ਸਕਦਾ ਹੈ। ਅੱਜ ਦੇ ਇਸ ਕਠਿਨ ਦੌਰ ਵਿਚੋਂ ਗੁਜ਼ਰਦੇ ਹੋਏ ਸਾਨੂੰ ਇਸ ਚੁਣੌਤੀ ਨੂੰ ਇਕ ਮੌਕੇ ਵਿਚ ਬਦਲਣਾ ਚਾਹੀਦਾ ਹੈ ਅਤੇ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਇਸ ਸੰਕਟ ਜ਼ਰੀਏ ਕੁਦਰਤ ਸਾਨੂੰ ਕੀ ਸੁਨੇਹਾ ਦੇਣਾ ਚਾਹੁੰਦੀ ਹੈ? ਕੁਦਰਤ ਤੋਂ ਸਾਨੂੰ ਅਨੇਕ ਤਰ੍ਹਾਂ ਦੇ ਸੰਕੇਤ ਮਿਲ ਰਹੇ ਹਨ ਪਰ ਮੈਂ ਸਿਰਫ਼ ਕੁਝ ਹੀ ਪਹਿਲੂਆਂ 'ਤੇ ਚਾਨਣਾ ਪਾਉਣਾ ਚਾਹਾਂਗਾ। ਅਸੀਂ ਸਾਰੇ ਜਾਣਦੇ ਹਾਂ ਕਿ ਇਸ ਸੰਕਟ ਦਾ ਸਭ ਤੋਂ ਸਪਸ਼ਟ ਅਤੇ ਪਹਿਲਾ ਸਬਕ ਹੈ ਸਾਫ਼-ਸਫ਼ਾਈ। ਸਾਵਧਾਨੀ ਵਰਤਣਾ ਹੀ ਕੋਰੋਨਾ ਵਾਇਰਸ ਨਾਲ ਨਜਿੱਠਣ ਦਾ ਇੱਕੋ-ਇਕ ਤਰੀਕਾ ਹੈ ਅਤੇ ਇਸ ਦੇ ਲਈ ਡਾਕਟਰ ਇਹੀ ਸਲਾਹ ਦੇ ਰਹੇ ਹਨ ਕਿ 'ਸੋਸ਼ਲ ਡਿਸਟੈਂਸਿੰਗ' ਦੇ ਇਲਾਵਾ ਸਾਰੇ ਲੋਕ ਸਾਫ਼-ਸਫ਼ਾਈ 'ਤੇ ਧਿਆਨ ਦੇਣ। ਸਾਫ਼-ਸਫ਼ਾਈ ਚੰਗੇ ਨਾਗਰਿਕ ਦੇ ਮੁੱਢਲੇ ਗੁਣਾਂ ਵਿਚ ਸ਼ਾਮਲ ਹੈ। ਇਨ੍ਹਾਂ ਗੁਣਾਂ ਨੂੰ ਘੱਟ ਮਹੱਤਵ ਦਿੱਤਾ ਜਾਂਦਾ ਹੈ। ਖ਼ੁਦ ਮਹਾਤਮਾ ਗਾਂਧੀ ਨੇ ਇਨ੍ਹਾਂ ਗੁਣਾਂ ਨੂੰ ਸਰਬਉੱਚ ਤਰਜੀਹ ਦੇਣ ਲਈ ਸਾਨੂੰ ਹੱਲਾਸ਼ੇਰੀ ਦਿੱਤੀ ਸੀ। ਇਹ ਦੱਖਣੀ ਅਫ਼ਰੀਕਾ ਅਤੇ ਭਾਰਤ ਵਿਚ ਉਨ੍ਹਾਂ ਦੀਆਂ ਇਤਿਹਾਸਕ ਮੁਹਿੰਮਾਂ ਦਾ ਮਹੱਤਵਪੂਰਨ ਅੰਗ ਰਿਹਾ। ਸੰਨ 1896 ਵਿਚ ਗਾਂਧੀ ਜੀ ਭਾਰਤ ਯਾਤਰਾ 'ਤੇ ਆਏ ਹੋਏ ਸਨ। ਉਸੇ ਸਮੇਂ ਬੰਬਈ ਵਿਚ ਪਲੇਗ ਫੈਲ ਗਈ। ਪਲੇਗ ਦੀ ਰੋਕਥਾਮ ਲਈ ਇਕ ਸਵੈ-ਸੇਵੀ ਦੇ ਰੂਪ ਵਿਚ ਉਨ੍ਹਾਂ ਨੇ ਪਖਾਨਿਆਂ ਦੀ ਹਾਲਤ ਦੇਖੀ ਅਤੇ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਸਾਫ਼-ਸਫ਼ਾਈ 'ਤੇ ਵਿਸ਼ੇਸ਼ ਧਿਆਨ ਦੇਣ। ਸਾਨੂੰ ਆਪਣੇ ਰੋਜ਼ ਦੇ ਜੀਵਨ ਵਿਚ ਗਾਂਧੀ ਜੀ ਦੀਆਂ ਸਿੱਖਿਆਵਾਂ ਨੂੰ ਆਤਮਸਾਤ ਕਰਨ ਦੀ ਜ਼ਰੂਰਤ ਹੈ ਅਤੇ ਉਨ੍ਹਾਂ ਦੀ 150ਵੀਂ ਜੈਅੰਤੀ ਵਾਲੇ ਸਾਲ ਵਿਚ ਅਸੀਂ ਸਾਰੇ ਖ਼ੁਦ ਨੂੰ ਨਿੱਜੀ ਅਤੇ ਜਨਤਕ ਸਾਫ਼-ਸਫ਼ਾਈ ਦੇ ਟੀਚੇ ਪ੍ਰਤੀ ਨਵੇਂ ਉਤਸ਼ਾਹ ਦੇ ਨਾਲ ਸਮਰਪਿਤ ਕਰ ਸਕਦੇ ਹਾਂ। ਸਾਡੇ ਲਈ ਅਗਲਾ ਸਬਕ ਇਹ ਹੈ ਕਿ ਸਾਨੂੰ ਕੁਦਰਤ ਦਾ



ਸਨਮਾਨ ਕਰਨਾ ਚਾਹੀਦਾ ਹੈ। ਮਨੁੱਖ ਹੀ ਇਕਮਾਤਰ ਅਜਿਹੀ ਪ੍ਰਜਾਤੀ ਹੈ ਜਿਸ ਨੇ ਹੋਰ ਸਾਰੀਆਂ ਪ੍ਰਜਾਤੀਆਂ 'ਤੇ ਪੈਠ ਬਣਾ ਕੇ ਪੂਰੀ ਧਰਤੀ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ ਹੈ। ਉਸ ਦੇ ਕਦਮ ਚੰਦਰਮਾ ਤਕ ਪੁੱਜ ਗਏ ਹਨ ਪਰ ਤ੍ਰਾਸਦੀ ਦੇਖੋ ਕਿ ਇੰਨੀ ਸ਼ਕਤੀਸ਼ਾਲੀ ਮਨੁੱਖ ਜਾਤੀ ਇਸ ਸਮੇਂ ਇਕ ਵਾਇਰਸ ਅੱਗੇ ਲਾਚਾਰ ਹੈ। ਸਾਨੂੰ ਇਸ ਤੱਥ ਨੂੰ ਧਿਆਨ ਵਿਚ ਰੱਖਣਾ ਹੋਵੇਗਾ ਕਿ ਅਸੀਂ ਸਾਰੇ ਮਨੁੱਖ ਜੀਵਨਧਾਰੀ ਹਾਂ ਅਤੇ ਆਪਣੇ ਜੀਵਨ ਲਈ ਹੋਰ ਜੀਵਨ ਧਾਰੀਆਂ 'ਤੇ ਨਿਰਭਰ ਕਰਦੇ ਹਾਂ। ਕੁਦਰਤ ਨੂੰ ਕਾਬੂ ਕਰਨ ਅਤੇ ਆਪਣੇ ਲਾਭ ਲਈ ਸਾਰੇ ਕੁਦਰਤੀ ਸੋਮਿਆਂ ਦਾ ਇਸਤੇਮਾਲ ਕਰਨ ਦੀਆਂ ਤਿਆਰੀਆਂ ਛੋਟੇ ਜਿਹੇ ਜੀਵਾਣੂ ਦੇ ਇਕ ਵਾਰ ਨਾਲ ਹੀ ਤਹਿਸ-ਨਹਿਸ ਹੋ ਸਕਦੀਆਂ ਹਨ ਅਤੇ ਜੀਵਾਣੂ ਵੀ ਅਜਿਹਾ ਜੋ ਮਾਈਕਰੋਸਕੋਪ ਦੇ ਬਿਨਾਂ ਦਿਖਾਈ ਵੀ ਨਹੀਂ ਦਿੰਦਾ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਪੂਰਵਜ ਕੁਦਰਤ ਨੂੰ ਮਾਂ ਦਾ ਦਰਜਾ ਦਿੰਦੇ ਸਨ। ਉਨ੍ਹਾਂ ਨੇ ਸਦਾ ਕੁਦਰਤ ਦਾ ਸਨਮਾਨ ਕਰਨ ਦੀ ਸਿੱਖਿਆ ਦਿੱਤੀ ਪਰ ਇਤਿਹਾਸ ਦੇ ਕਿਸੇ ਮੋੜ 'ਤੇ, ਅਸੀਂ ਉਨ੍ਹਾਂ ਦੇ ਦਿਖਾਏ ਮਾਰਗ ਤੋਂ ਭਟਕ ਗਏ ਅਤੇ ਅਸੀਂ ਆਪਣੇ ਰਵਾਇਤੀ ਵਿਵੇਕ ਦਾ ਤਿਆਗ ਕਰ ਦਿੱਤਾ। ਹੁਣ ਮਹਾਮਾਰੀਆਂ ਅਤੇ ਅਸਾਧਾਰਨ ਮੌਸਮ ਦੀਆਂ ਘਟਨਾਵਾਂ ਆਮ ਹੁੰਦੀਆਂ ਜਾ ਰਹੀਆਂ ਹਨ। ਸਮਾਂ ਆ ਗਿਆ ਹੈ ਕਿ ਅਸੀਂ ਥੋੜ੍ਹਾ ਠਹਿਰ ਕੇ ਇਹ ਵਿਚਾਰ ਕਰੀਏ ਕਿ ਅਸੀਂ ਰਸਤੇ ਤੋਂ ਕਿੱਥੇ ਭਟਕ ਗਏ ਅਤੇ ਇਹ ਵੀ ਕਿ ਅਸੀਂ ਸਹੀ ਰਸਤੇ 'ਤੇ ਕਿੱਦਾਂ ਪਰਤ ਸਕਦੇ ਹਾਂ? ਵਿਸ਼ਵ ਭਾਈਚਾਰੇ ਲਈ ਸਮਾਨਤਾ ਦਾ ਸਬਕ ਓਨਾ ਸਪਸ਼ਟ ਨਹੀਂ ਰਿਹਾ ਹੈ ਪਰ ਕੁਦਰਤ ਇਹ ਸੰਦੇਸ਼ ਦਿੰਦੀ ਰਹੀ ਹੈ ਕਿ ਉਸ ਦੇ ਸਾਹਮਣੇ ਅਸੀਂ ਸਾਰੇ ਬਰਾਬਰ ਹਾਂ। ਜਾਤੀ, ਫਿਰਕਾ, ਇਲਾਕਾ ਜਾਂ ਹੋਰ ਕਿਸੇ ਮਨੁੱਖ ਵੱਲੋਂ ਸਿਰਜੇ ਪੱਖਪਾਤ ਨੂੰ ਵਾਇਰਸ ਨਹੀਂ ਮੰਨਦਾ। ਤਰ੍ਹਾਂ-ਤਰ੍ਹਾਂ ਦਾ ਪੱਖਪਾਤ ਕਰਨ ਅਤੇ ਆਪਣੇ-ਪਰਾਏ ਦੇ ਝਗੜੇ ਵਿਚ ਦੁਨੀਆ ਫਸੀ ਰਹਿੰਦੀ ਹੈ। ਫਿਰ ਅਚਾਨਕ ਇਕ ਦਿਨ ਕੋਈ ਗੰਭੀਰ ਜਾਨਲੇਵਾ ਖ਼ਤਰਾ ਸਾਡੇ ਸਾਮਹਣੇ ਆ ਖੜ੍ਹਾ ਹੁੰਦਾ ਹੈ।

ਉਦੋਂ ਸਾਨੂੰ ਇਹ ਸਮਝ ਆਉਂਦਾ ਹੈ ਕਿ ਮਨੁੱਖ ਦੇ ਰੂਪ ਵਿਚ ਸਾਡੀ ਇਕ ਹੀ ਪਛਾਣ ਹੈ ਕਿ ਅਸੀਂ ਸਭ ਹਰ ਹਾਲਤ ਵਿਚ ਸਿਰਫ਼ ਅਤੇ ਸਿਰਫ਼ ਇਨਸਾਨ ਹਾਂ। ਆਮ ਹਾਲਾਤ ਵਿਚ ਅਸੀਂ ਇੱਕ-ਦੂਜੇ 'ਤੇ ਨਿਰਭਰਤਾ ਦੀਆਂ ਕਦਰਾਂ-ਕੀਮਤਾਂ ਦੀ ਵੀ ਅਕਸਰ ਅਣਦੇਖੀ ਕਰਦੇ ਰਹਿੰਦੇ ਹਾਂ। ਆਪਣੇ ਸੰਬੋਧਨਾਂ ਅਤੇ ਬਿਆਨਾਂ ਵਿਚ ਆਮ ਤੌਰ 'ਤੇ ਮੈਂ 'ਵਸੁਧੈਵ ਕੁਟੁੰਬਕਮ' ਦੇ ਚੰਗੇ ਵਿਚਾਰ ਦਾ ਜ਼ਿਕਰ ਕਰਦਾ ਹਾਂ। ਇਸ ਦਾ ਅਰਥ ਹੈ ਕਿ ਸੰਪੂਰਨ ਵਿਸ਼ਵ ਇਕ ਹੀ ਪਰਿਵਾਰ ਹੈ। ਇਹ ਕਥਨ ਅੱਜ ਦੇ ਸਬੰਧ ਵਿਚ ਜਿੰਨਾ ਸਾਰਥਕ ਹੈ, ਓਨਾ ਪਹਿਲਾਂ ਕਦੇ ਨਹੀਂ ਰਿਹਾ। ਅੱਜ ਸਾਡੇ ਸਾਹਮਣੇ ਇਹ ਸਪਸ਼ਟ ਹੈ ਕਿ ਹਰ ਵਿਅਕਤੀ ਇਕ-ਦੂਜੇ ਦੇ ਨਾਲ ਬਹੁਤ ਗਹਿਰਾਈ ਨਾਲ ਜੁੜਿਆ ਹੋਇਆ ਹੈ। ਅਸੀਂ ਸਾਰੇ ਉਥੇ ਤਕ ਸੁਰੱਖਿਅਤ ਹਾਂ ਜਿੱਥੇ ਤਕ ਅਸੀਂ ਦੂਜਿਆਂ ਦੀ ਸੁਰੱਖਿਆ ਦਾ ਧਿਆਨ ਰੱਖਦੇ ਹਾਂ। ਅਸੀਂ ਸਿਰਫ਼ ਮਨੁੱਖਾਂ ਦੀ ਹੀ ਨਹੀਂ, ਸਗੋਂ ਪੇੜ-ਪੌਦਿਆਂ ਅਤੇ ਪਸ਼ੂ-ਪੰਛੀਆਂ ਦੀ ਸੁਰੱਖਿਆ ਵੀ ਕਰਨੀ ਹੈ। ਅਸਾਧਾਰਨ ਸੰਕਟ ਆਉਣ 'ਤੇ ਜ਼ਿਆਦਾਤਰ ਲੋਕ ਸਵਾਰਥੀ ਹੋ ਜਾਂਦੇ ਹਨ ਪਰ ਮੌਜੂਦਾ ਸੰਕਟ ਇਹੀ ਸਿਖਾਉਂਦਾ ਹੈ ਕਿ ਸਾਨੂੰ ਆਪਣੇ ਸਮਾਨ ਹੀ ਦੂਜਿਆਂ ਦੀ ਵੀ ਚਿੰਤਾ ਕਰਨੀ ਚਾਹੀਦੀ ਹੈ। ਇਹ ਮਹਾਮਾਰੀ ਬੇਹੱਦ ਇਨਫੈਕਸ਼ਨ ਫੈਲਾਊ ਹੈ। ਇਸੇ ਲਈ ਲੋਕਾਂ ਨੂੰ ਇਕਜੁੱਟ ਕਰ ਕੇ, ਸਵੈ-ਇੱਛੁਕ ਸੇਵਾਵਾਂ ਦੇਣ ਲਈ ਉਤਸ਼ਾਹਤ ਨਹੀਂ ਕੀਤਾ ਜਾ ਰਿਹਾ ਹੈ। ਫਿਰ ਵੀ, ਵਾਇਰਸ ਦੀ ਰੋਕਥਾਮ ਅਤੇ ਉਸ ਤੋਂ ਛੁਟਕਾਰੇ ਦੇ ਕੰਮ ਵਿਚ ਲੋਕ ਕਈ ਤਰੀਕਿਆਂ ਨਾਲ ਸਹਾਇਤਾ ਕਰ ਸਕਦੇ ਹਨ। ਜਾਗਰੂਕਤਾ ਵਧਾਉਣ ਅਤੇ ਘਬਰਾਹਟ ਤੋਂ ਬਚਾਉਣ ਵਿਚ ਹਰੇਕ ਨਾਗਰਿਕ ਆਪਣਾ ਯੋਗਦਾਨ ਦੇ ਸਕਦਾ ਹੈ। ਜੋ ਸਮਰੱਥ ਹਨ, ਉਹ ਆਪਣੇ ਸੋਮਿਆਂ ਨੂੰ ਸਾਂਝਾ ਕਰ ਸਕਦੇ ਹਨ, ਖ਼ਾਸ ਤੌਰ 'ਤੇ ਘੱਟ ਸਹੂਲਤਾਂ ਵਾਲੇ ਗੁਆਂਢੀਆਂ ਦੇ ਨਾਲ। ਕੁਦਰਤ ਸਾਨੂੰ ਇਹ ਯਾਦ ਕਰਵਾਉਣਾ ਚਾਹੁੰਦੀ ਹੈ ਕਿ ਅਸੀਂ ਪੂਰੀ ਹਲੀਮੀ ਨਾਲ, ਸਮਾਨਤਾ ਅਤੇ ਆਪਸੀ ਨਿਰਭਰਤਾ ਦੀਆਂ ਮੁੱਢਲੀਆਂ ਕਦਰਾਂ-ਕੀਮਤਾਂ ਨੂੰ ਸਵੀਕਾਰ ਕਰੀਏ।

ਇਹ ਸਬਕ ਸਾਨੂੰ ਭਾਰੀ ਕੀਮਤ ਅਦਾ ਕਰ ਕੇ ਪ੍ਰਾਪਤ ਹੋਇਆ ਹੈ ਪਰ ਪੌਣ-ਪਾਣੀ ਸੰਕਟ ਵਰਗੀਆਂ ਵਿਸ਼ਵ-ਵਿਆਪੀ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਬਿਹਤਰ ਸਾਂਝੇ ਭਵਿੱਖ ਦੇ ਨਿਰਮਾਣ ਵਿਚ ਇਹ ਸਬਕ ਸਾਡੇ ਲਈ ਬਹੁਤ ਲਾਹੇਵੰਦ ਸਿੱਧ ਹੋਵੇਗਾ। ਮੈਂ ਤੁਹਾਡੇ ਸਾਰਿਆਂ ਦੇ ਨਾਲ ਇਸ ਸਮੂਹਿਕ ਸੰਕਲਪ ਨੂੰ ਦੁਹਰਾਉਂਦਾ ਹਾਂ ਕਿ ਅਸੀਂ ਸਾਰੇ ਮੌਜੂਦਾ ਸੰਕਟ ਵਿਚੋਂ ਜਲਦ ਤੋਂ ਜਲਦ ਬਾਹਰ ਆਵਾਂਗੇ ਅਤੇ ਇਕ ਰਾਸ਼ਟਰ ਦੇ ਰੂਪ ਵਿਚ ਬੇਮਿਸਾਲ ਤਾਕਤ ਦੇ ਨਾਲ ਅੱਗੇ ਵਧਾਂਗੇ।

# ਘਾਤਕ ਲਾਪਰਵਾਹੀ ਦੇ ਕਾਰਨ ਫੈਲਿਆ ਕਰੋਨਾ ਵਾਇਰਸ

ਦੁਨੀਆ ਭਰ ਲਈ ਮਹਾਮਾਰੀ ਬਣ ਚੁੱਕੇ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦੇ ਮਾਮਲੇ ਵਿਚ ਬਹੁਤ ਪਹਿਲਾਂ ਤੋਂ ਹੀ ਸਾਰਿਆਂ ਨੂੰ ਇਹ ਸਪਸ਼ਟ ਹੈ ਕਿ ਕਿਸੇ ਵੀ ਵਿਅਕਤੀ ਦੀ ਲਾਪਰਵਾਹੀ ਪੂਰੇ ਭਾਈਚਾਰੇ ਅਤੇ ਆਖ਼ਰਕਾਰ ਦੇਸ਼ 'ਤੇ ਭਾਰੀ ਪੈ ਸਕਦੀ ਹੈ। ਫਿਰ ਵੀ ਕੁਝ ਲੋਕ ਗ਼ੈਰ-ਜ਼ਿੰਮੇਵਾਰੀ ਦਾ ਘਾਤਕ ਸਬੂਤ ਦੇਣ ਤੋਂ ਬਾਜ਼ ਨਹੀਂ ਆ ਰਹੇ ਹਨ। ਇਸ ਮਾਮਲੇ ਵਿਚ ਨਵਾਂ ਨਾਂ ਜੁੜਿਆ ਹੈ ਗਾਇਕਾ ਕਨਿਕਾ ਕਪੂਰ ਦਾ, ਜਿਸ ਨੇ ਲੰਘੇ ਹਫ਼ਤੇ ਲੰਡਨ ਤੋਂ ਪਰਤ ਕੇ ਲਖਨਊ ਵਿਚ ਪਾਰਟੀ ਤਾਂ ਕੀਤੀ ਹੀ, ਹੋਰ ਅਨੇਕ ਜਨਤਕ ਥਾਵਾਂ 'ਤੇ ਵੀ ਹਾਜ਼ਰੀ ਦਰਜ ਕਰਵਾਈ। ਉਹ ਕੋਰੋਨਾ ਵਾਇਰਸ ਦੇ ਖ਼ਤਰੇ ਤੋਂ ਬੇਪਰਵਾਹ ਹੋ ਕੇ ਕਾਨਪੁਰ ਵੀ ਗਈ। ਕੀ ਇਸ ਤੋਂ ਜ਼ਿਆਦਾ ਸ਼ਰਮਨਾਕ ਹੋਰ ਕੁਝ ਹੋ ਸਕਦਾ ਹੈ ਕਿ ਜਦੋਂ ਵਿਦੇਸ਼ ਯਾਤਰਾ ਕਰਨ ਵਾਲਿਆਂ ਲਈ ਇਹ ਜ਼ਰੂਰੀ ਦੱਸਿਆ ਜਾ ਰਿਹਾ ਸੀ ਕਿ ਉਹ ਘਰ-ਪਰਿਵਾਰ ਵਿਚ ਪਰਤਦੇ ਹੀ ਖ਼ੁਦ ਨੂੰ ਸਮਾਜਿਕ ਤੌਰ 'ਤੇ ਅਲੱਗ-ਥਲੱਗ ਰੱਖਣ ਤਾਂ ਕਨਿਕਾ ਕਪੂਰ ਠੀਕ ਇਸ ਦੇ ਉਲਟ ਵਿਵਹਾਰ ਕਰ ਰਹੀ ਸੀ? ਉਸ ਨੇ ਦੇਸ਼ ਲਈ ਕਿੰਨੀ ਵੱਡੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ, ਇਸ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਉਹ ਜਿਸ ਪਾਰਟੀ 'ਚ ਗਈ ਉਸ 'ਚ ਦਿੱਲੀ, ਜੈਪੁਰ ਆਦਿ ਸ਼ਹਿਰਾਂ ਦੇ ਲੋਕ ਵੀ ਸ਼ਾਮਲ ਹੋਏ। ਇਨ੍ਹਾਂ ਵਿਚ ਉੱਤਰ ਪ੍ਰਦੇਸ਼ ਦੇ ਸਿਹਤ ਮੰਤਰੀ ਜੈਪ੍ਰਤਾਪ ਸਿੰਘ, ਵਸੁੰਧਰਾ ਰਾਜੇ ਅਤੇ ਉਨ੍ਹਾਂ ਦੇ ਸੰਸਦ ਮੈਂਬਰ ਬੇਟੇ ਦੁਸ਼ਯੰਤ ਸਿੰਘ ਵੀ ਹਨ। ਦੁਸ਼ਯੰਤ ਲਖਨਊ ਵਿਚ ਪਾਰਟੀ ਕਰਨ ਤੋਂ ਬਾਅਦ ਦਿੱਲੀ ਆਏ ਅਤੇ ਸੰਸਦ ਵਿਚ ਵੀ ਗਏ। ਇਸ ਦਾ ਨਤੀਜਾ ਸੋਚਿਆ ਜਾ ਸਕਦਾ ਹੈ ਕਿ ਕੀ ਹੋ ਸਕਦਾ ਹੈ? ਕਨਿਕਾ ਕਪੂਰ ਦੇ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਤੋਂ ਬਾਅਦ ਹੁਣ ਇਹ ਅਤਿ ਜ਼ਰੂਰੀ ਹੋ ਗਿਆ ਹੈ ਕਿ ਉਸ ਦੇ ਪਰਿਵਾਰਕ ਮੈਂਬਰਾਂ ਦੇ ਨਾਲ-ਨਾਲ ਉਸ ਦੇ ਸੰਪਰਕ ਵਿਚ ਆਏ ਸੰਸਦ ਮੈਂਬਰ ਦੁਸ਼ਯੰਤ ਵਰਗੇ ਬਹੁਤ ਸਾਰੇ ਲੋਕਾਂ ਦੀ ਸਿਹਤ ਦੀ ਜਾਂਚ ਕੀਤੀ ਜਾਵੇ। ਇੰਨਾ ਹੀ ਨਹੀਂ, ਉਨ੍ਹਾਂ ਦੀ ਵੀ ਨਿਗਰਾਨੀ ਕਰਨੀ ਹੋਵੇਗੀ ਜੋ ਇਸ ਪਾਰਟੀ ਵਿਚ ਗਏ ਲੋਕਾਂ ਨੂੰ ਮਿਲੇ-ਜੁਲੇ। ਕਨਿਕਾ ਨੇ ਇਕ ਤਰ੍ਹਾਂ ਨਾਲ ਉਸ ਖ਼ਤਰੇ ਨੂੰ ਵਧਾਉਣ ਦਾ ਕੰਮ ਕੀਤਾ ਹੈ ਜਿਸ ਤੋਂ ਬਚਣ ਲਈ ਦੇਸ਼ ਜੰਗੀ ਪੱਧਰ 'ਤੇ ਲੱਗਾ ਹੋਇਆ ਹੈ। ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦੇ ਮਾਮਲਿਆਂ ਵਿਚ ਦੇਸ਼ ਹਾਲੇ ਦੂਜੇ ਦੌਰ ਯਾਨੀ ਉਸ ਸਥਿਤੀ ਵਿਚ ਹੈ ਜਿੱਥੇ ਇਸ ਦੀ ਪਛਾਣ ਹੋਈ ਜਾ ਰਹੀ ਹੈ ਕਿ ਕੌਣ ਕਿਸ ਤੋਂ ਪ੍ਰਭਾਵਿਤ ਹੋਇਆ ਹੈ? ਜੇ ਇਸ ਦਾ ਪਤਾ ਲਾਉਣਾ ਮੁਸ਼ਕਲ ਹੋਇਆ ਕਿ ਕਿਸ ਨੂੰ ਕਿਸ ਕਾਰਨ ਕੋਰੋਨਾ ਦੀ ਬਿਮਾਰੀ ਲੱਗੀ ਹੈ ਤਾਂ ਫਿਰ ਹਾਲਾਤ ਬੇਕਾਬੂ ਹੋ ਸਕਦੇ ਹਨ। ਇਹ ਘੋਰ ਚਿੰਤਾਜਨਕ ਹੈ ਕਿ ਜਿਸ ਤਰ੍ਹਾਂ ਦੀ ਲਾਪਰਵਾਹੀ ਕਨਿਕਾ ਕਪੂਰ ਨੇ ਦਿਖਾਈ ਓਦਾਂ ਹੀ ਕੁਝ ਹੋਰ ਲੋਕ ਵੀ ਦਿਖਾ ਰਹੇ ਹਨ। ਕੋਈ ਖ਼ੁਦ ਨੂੰ ਅਲੱਗ-ਥਲੱਗ ਕਰਨ ਤੋਂ ਇਨਕਾਰ ਕਰ ਰਿਹਾ ਹੈ ਜਦਕਿ ਕੋਈ ਹਸਪਤਾਲ ਤੋਂ ਭੱਜ ਰਿਹਾ ਹੈ। ਭਾਵੇਂ ਕਿ ਅਜਿਹੇ ਲੋਕਾਂ ਨੂੰ ਬਾਅਦ 'ਚ ਪੁਲਿਸ ਦੀ ਮਦਦ ਨਾਲ ਲੱਭ ਕੇ ਫਿਰ ਇਕਾਂਤ ਵਿਚ ਰੱਖਿਆ ਜਾ ਰਿਹਾ ਹੈ। ਕੁਝ ਅਜਿਹੇ ਵੀ ਹਨ ਜਿਹੜੇ ਸਿਹਤ ਦੀ ਜਾਂਚ ਕਰਾਉਣ ਤੋਂ ਬਚ ਰਹੇ ਹਨ। ਅਜਿਹੇ ਲੋਕ ਆਪਣੇ ਨਾਲ-ਨਾਲ ਪੂਰੇ ਦੇਸ਼ ਨੂੰ ਅਜਿਹੇ ਭਿਆਨਕ ਖ਼ਤਰੇ ਵੱਲ ਧੱਕ ਰਹੇ ਹਨ ਜਿਸ ਦਾ ਸਾਹਮਣਾ ਕਰਨਾ ਬੇਹੱਦ ਮੁਸ਼ਕਲ ਹੋਵੇਗਾ। ਸਰਕਾਰ ਲਗਾਤਾਰ ਘਰ ਤੋਂ ਬਾਹਰ ਨਾ ਨਿਕਲਣ ਦੀਆਂ ਅਪੀਲਾਂ ਕਰ ਰਹੀ ਹੈ। ਇਸ ਦੇ ਬਾਵਜੂਦ ਲਾਪਰਵਾਹ ਲੋਕਾਂ ਦੀ ਕੋਈ ਕਮੀ ਨਹੀਂ ਹੈ। ਕਿਉਂਕਿ ਦੇਸ਼ ਸਭ ਤੋਂ ਵੱਡੇ ਸੰਕਟ ਨਾਲ ਦੋ-ਚਾਰ ਹੈ, ਇਸ ਲਈ ਉਨ੍ਹਾਂ ਸਾਰਿਆਂ ਖ਼ਿਲਾਫ਼ ਸਖ਼ਤੀ ਵਰਤਣ ਵਿਚ ਬਿਲਕੁਲ ਸੰਕੋਚ ਨਾ ਕੀਤਾ ਜਾਵੇ ਜਿਹੜੇ ਆਪਣੀ ਜ਼ਿੰਮੇਵਾਰੀ ਸਬੰਧੀ ਸੁਚੇਤ ਨਹੀਂ ਹਨ। ਇਹ ਹੰਗਾਮੀ ਹਾਲਾਤ ਹਨ ਅਤੇ ਇਨ੍ਹਾਂ ਵਿਚ ਢਿੱਲ ਵਾਸਤੇ ਕਿਤੇ ਕੋਈ ਗੁੰਜਾਇਸ਼ ਨਹੀਂ ਹੈ।



# ਮੌਜੂਦਾ ਸੰਕਟ ਦੀ ਗੰਭੀਰਤਾ ਸਮਝੋ


ਕੋਰੋਨਾ ਵਾਇਰਸ ਦੀ ਇਨਫੈਕਸ਼ਨ ਤੋਂ ਉਪਜਿਆ ਸੰਕਟ ਕਿੰਨਾ ਗੰਭੀਰ ਹੋ ਗਿਆ ਹੈ, ਇਸ ਦਾ ਪਤਾ ਉਸ ਨਾਲ ਲੜਨ ਲਈ ਨਿੱਤ ਨਵੇਂ ਤਰੀਕਿਆਂ ਦੇ ਐਲਾਨ ਦੇ ਨਾਲ-ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਨਾਂ ਸੰਦੇਸ਼ ਤੋਂ ਵੀ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨੇ ਆਪਣੇ ਸੰਦੇਸ਼ ਵਿਚ ਇਸ ਸਮੱਸਿਆ ਦੀ ਗੰਭੀਰਤਾ ਬਾਰੇ ਚਾਨਣਾ ਪਾਇਆ ਅਤੇ ਪੂਰੇ ਮੁਲਕ ਨੂੰ ਜਾਗਰੂਕ ਹੋਣ ਦੀ ਅਪੀਲ ਕੀਤੀ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਵੀ ਸੂਬੇ ਵਿਚ ਇਸ ਵਾਇਰਸ ਦੇ ਪ੍ਰਸਾਰ ਨੂੰ ਰੋਕਣ ਲਈ ਕੁਝ ਹੋਰ ਠੋਸ ਕਦਮ ਚੁੱਕੇ ਹਨ। ਪੰਜਾਬ ਵਿਚ ਨਵੀਆਂ ਵੱਖ-ਵੱਖ ਪਾਬੰਦੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਇਹ ਜ਼ਰੂਰੀ ਹੀ ਨਹੀਂ, ਲਾਜ਼ਮੀ ਵੀ ਹੈ ਕਿ ਸਾਰੇ ਲੋਕ ਇਸ ਸੰਦੇਸ਼ ਨੂੰ ਸਹੀ ਤਰ੍ਹਾਂ ਸਮਝਣ ਅਤੇ ਇਕ ਜ਼ਿੰਮੇਵਾਰ ਨਾਗਰਿਕ ਦੇ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਗੰਭੀਰਤਾ ਨਾਲ ਨਿਭਾਉਣ। ਕੋਰੋਨਾ ਵਾਇਰਸ ਤੋਂ ਪੈਦਾ ਹੋਈ ਕੋਵਿਡ-19 ਨਾਂ ਦੀ ਬਿਮਾਰੀ ਉਹ ਮਹਾਮਾਰੀ ਹੈ ਜਿਸ ਨਾਲ ਲੜਾਈ ਵਿਚ ਹਰ ਕਿਸੇ ਦਾ ਸਹਿਯੋਗ ਜ਼ਰੂਰੀ ਹੈ। ਇਹ ਨਾ ਤਾਂ ਸੌਖੀ ਲੜਾਈ ਹੈ ਅਤੇ ਨਾ ਹੀ ਇਸ ਨੂੰ ਸਿਰਫ਼ ਸਰਕਾਰ ਦੇ ਭਰੋਸੇ ਰਹਿ ਕੇ ਜਿੱਤਿਆ ਜਾ ਸਕਦਾ ਹੈ। ਇਹ ਭੁੱਲ ਵੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਸਿਰਫ਼ ਵੱਡੇ ਸ਼ਹਿਰਾਂ ਦੇ ਲੋਕਾਂ ਨੂੰ ਹੀ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਇਸ ਸੰਕਟ ਤੋਂ ਬਚਣ ਵਿਚ ਤਾਂ ਦੇਸ਼ ਦੇ ਹਰੇਕ ਨਾਗਰਿਕ ਦਾ ਯੋਗਦਾਨ ਚਾਹੀਦਾ ਹੈ-ਚਾਹੇ ਉਹ ਸ਼ਹਿਰੀ ਹੋਵੇ ਜਾਂ ਫਿਰ ਪੇਂਡੂ। ਦਰਅਸਲ, ਕੋਰੋਨਾ ਵਾਇਰਸ ਦੀ ਇਨਫੈਕਸ਼ਨ ਨੂੰ ਰੋਕਣਾ ਇਕ ਅਜਿਹਾ ਰਾਸ਼ਟਰੀ ਯੱਗ ਬਣਨਾ ਚਾਹੀਦਾ, ਜਿਸ ਵਿਚ ਹਰ ਕਿਸੇ ਨੂੰ ਆਪਣੀਆਂ ਨਾਗਰਿਕ ਜ਼ਿੰਮੇਵਾਰੀਆਂ ਦੀ ਅਹੂਤੀ ਪਾਉਣੀ ਹੀ ਚਾਹੀਦੀ ਹੈ। ਕਿਉਂਕਿ ਹੁਣ ਇਹ ਕਿਸੇ ਤੋਂ ਲੁਕਿਆ ਨਹੀਂ ਕਿ ਕਿਸੇ ਇਕ ਵਿਅਕਤੀ ਦੀ ਲਾਪਰਵਾਹੀ ਪੂਰੇ ਭਾਈਚਾਰੇ 'ਤੇ ਭਾਰੀ ਪੈ ਸਕਦੀ ਹੈ, ਇਸ ਲਈ ਹਰ ਕਿਸੇ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਖ਼ੁਦ ਤਾਂ ਚੌਕਸ ਰਹੇ ਹੀ, ਦੂਜੇ ਵੀ ਲੋੜੀਂਦੀ ਚੌਕਸੀ ਵਰਤਣ। ਸਾਫ਼-ਸਫ਼ਾਈ ਅਤੇ ਸਿਹਤ ਪ੍ਰਤੀ ਚੌਕਸੀ ਵਿਚ ਕਮੀ ਜਾਂ ਭੀੜ-ਭੜੱਕੇ ਤੋਂ ਬਚਣ ਵਿਚ ਲਾਪਰਵਾਹੀ ਉਸੇ ਤਰ੍ਹਾਂ ਦੇ ਭਿਆਨਕ ਹਾਲਾਤ ਪੈਦਾ ਕਰ ਸਕਦੀ ਹੈ, ਜਿਹੋ ਜਿਹੇ ਇਟਲੀ ਵਿਚ ਦੇਖਣ ਨੂੰ ਮਿਲ ਰਹੇ ਹਨ।

ਧਿਆਨ ਰਹੇ ਕਿ ਇਟਲੀ ਘੱਟ ਆਬਾਦੀ ਵਾਲਾ ਦੇਸ਼ ਹੈ ਅਤੇ ਉਸ ਦਾ ਸਿਹਤ ਢਾਂਚਾ ਵੀ ਕਿਤੇ ਵੱਧ ਸਮਰੱਥ ਹੈ। ਇਹ ਠੀਕ ਨਹੀਂ ਕਿ ਖ਼ਤਰਾ ਸਾਹਮਣੇ ਦਿਸਣ ਅਤੇ ਉਸ ਦੇ ਲਗਾਤਾਰ ਗੰਭੀਰ ਹੁੰਦੇ ਜਾਣ ਤੋਂ ਬਾਅਦ ਵੀ ਕੁਝ ਲੋਕ ਸੰਕਟ ਦੀ ਗੰਭੀਰਤਾ ਨੂੰ ਸਮਝਣ ਤੋਂ ਇਨਕਾਰ ਕਰ ਰਹੇ ਹਨ। ਇਹ ਅਪਰਾਧਕ ਲਾਪਰਵਾਹੀ ਹੀ ਨਹੀਂ, ਹੱਦ ਦਰਜੇ ਦੀ ਮੂਰਖਤਾ ਵੀ ਹੈ ਕਿ ਕੋਰੋਨਾ ਵਾਇਰਸ ਤੋਂ ਪੀੜਤ ਕੁਝ ਮਰੀਜ਼ ਹਸਪਤਾਲਾਂ ਤੋਂ ਭੱਜ ਰਹੇ ਹਨ ਜਾਂ ਫਿਰ ਖ਼ੁਦ ਨੂੰ ਇਕਾਂਤ-ਵਾਸ 'ਚ ਰੱਖਣ ਤੋਂ ਨਾਂਹ-ਨੁੱਕਰ ਰਹੇ ਹਨ। ਅਜਿਹੇ ਲੋਕ ਖ਼ੁਦ ਨੂੰ ਮੁਸੀਬਤ ਵਿਚ ਪਾਉਣ ਦੇ ਨਾਲ ਹੀ ਇਕ ਤਰ੍ਹਾਂ ਨਾਲ ਪੂਰੇ ਦੇਸ਼ ਲਈ ਵੀ ਮੁਸ਼ਕਲਾਂ ਖੜ੍ਹੀਆਂ ਕਰ ਰਹੇ ਹਨ। ਬਿਨਾਂ ਸ਼ੱਕ ਇਸੇ ਸ਼੍ਰੇਣੀ ਵਿਚ ਉਹ ਲੋਕ ਵੀ ਗਿਣੇ ਜਾਣਗੇ ਜੋ ਇਹ ਚਾਹ ਰਹੇ ਹਨ ਕਿ ਹਵਾਈ ਅੱਡੇ ਜਾਂ ਫਿਰ ਹਸਪਤਾਲ ਵਿਚ ਉਨ੍ਹਾਂ ਦੇ ਨਾਲ ਵੀਆਈਪੀਜ਼ ਵਰਗਾ ਵਿਹਾਰ ਕੀਤਾ ਜਾਵੇ। ਜਦੋਂ ਸਰਕਾਰੀ ਤੰਤਰ ਅਤੇ ਖ਼ਾਸ ਤੌਰ 'ਤੇ ਸਿਹਤ ਤੰਤਰ ਦੇ ਲੋਕਾਂ ਨੇ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਨੂੰ ਰੋਕਣ ਲਈ ਦਿਨ-ਰਾਤ ਇਕ ਕੀਤਾ ਹੋਇਆ ਹੈ ਤਾਂ ਉਨ੍ਹਾਂ ਨੂੰ ਸਹਿਯੋਗ ਦੇਣਾ ਸਾਡਾ ਸਾਰਿਆਂ ਦਾ ਨੈਤਿਕ ਧਰਮ ਬਣਨਾ ਚਾਹੀਦਾ। ਇਹ ਸਮੇਂ ਦੀ ਮੰਗ ਹੈ ਕਿ ਇਹ ਭਾਵ ਰਾਸ਼ਟਰੀ ਸੰਕਲਪ ਬਣੇ ਕਿ ਅਸੀਂ ਸਾਰੇ ਮਿਲ ਕੇ ਇਸ ਸੰਕਟ ਨੂੰ ਹਰਾਵਾਂਗੇ ਅਤੇ ਦੇਸ਼-ਦੁਨੀਆ ਵਿਚ ਇਕ ਮਿਸਾਲ ਕਾਇਮ ਕਰਾਂਗੇ।

# ਕੋਰੋਨਾ -ਕੁਦਰਤ ਦੀ ਮਨੁੱਖ ਨੂੰ ਚੇਤਾਵਨੀ

ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ

ਕੋਰੋਨਾ ਵਾਇਰਸ ਨੇ ਤਾਂ ਇਕ ਵਾਰ ਦੁਨੀਆ ਦਾ ਤ੍ਰਾਹ ਹੀ ਕੱਢ ਕੇ ਰੱਖ ਦਿੱਤਾ ਹੈ। ਹਰ ਪਾਸੇ ਹਾਹਾਕਾਰ ਮਚੀ ਪਈ ਹੈ। ਸੈਲਾਨੀ ਵੀਜ਼ੇ ਰੱਦ, ਰਾਸ਼ਟਰੀ-ਅੰਤਰਰਾਸ਼ਟਰੀ ਉਡਾਨਾਂ ਰੱਦ, ਜਨਤਕ ਤੇ ਧਾਰਮਿਕ ਸਥਾਨਾਂ 'ਤੇ ਸੁੰਨ-ਮਸੁੰਨ, ਸਰਕਾਰੀ-ਗ਼ੈਰ ਸਰਕਾਰੀ ਗਾਹਕ ਸੇਵਾਵਾਂ ਠੱਪ। ਸਕੂਲ, ਯੂਨੀਵਰਸਿਟੀਆਂ ਅਤੇ ਕਾਲਜ ਅਣਮੁੱਲੇ ਸਮੇਂ ਵਾਸਤੇ ਬੰਦ, ਮਾਰਕੀਟਾਂ ਅਤੇ ਸਟੋਰ ਖ਼ਾਲਮ-ਖ਼ਾਲੀ ਹਨ। ਲੋਕ ਇਕ-ਦੂਸਰੇ ਨੂੰ ਮਿਲਣੋਂ ਕੰਨੀ ਕਤਰਾ ਰਹੇ ਹਨ। ਹੱਥ ਮਿਲਾਉਣ ਦੀ ਥਾਂ ਦੂਰੋਂ ਹੀ ਫ਼ਤਹਿ ਬੁਲਾ ਰਹੇ ਹਨ, ਦੁਆ-ਸਲਾਮ, ਨਮਸਤੇ ਕਰ ਰਹੇ ਹਨ। ਗੱਲ ਕੀ, ਹਰ ਇਕ ਨੂੰ ਆਪਣੀ ਜਾਨ ਬਚਾਉਣ ਦਾ ਫਿਕਰ ਲੱਗਾ ਹੋਇਆ ਹੈ। ਇਸ ਵਾਇਰਸ ਨੇ ਦੁਨੀਆ ਦੇ ਹਰ ਕੋਨੇ ਤਕ ਦਸਤਕ ਹੀ ਨਹੀਂ ਦਿੱਤੀ ਬਲਕਿ ਤੇਜ਼ੀ ਨਾਲ ਪੈਰ ਪਸਾਰ ਲਏ ਹਨ। ਮੌਤਾਂ ਦੀ ਗਿਣਤੀ ਦਾ ਅੰਕੜਾ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਸੰਯੁਕਤ ਰਾਸ਼ਟਰ, ਵਿਸ਼ਵ ਸਿਹਤ ਸੰਗਠਨ ਨੇ ਇਸ ਵਾਇਰਸ ਨੂੰ ਮਹਾਮਾਰੀ ਵਜੋਂ ਐਲਾਨ ਕੇ ਰੈੱਡ ਅਲਰਟ ਜਾਰੀ ਕਰ ਦਿੱਤਾ ਹੈ। ਕਹਿਣ ਦਾ ਭਾਵ ਇਹ ਕਿ ਕੋਰੋਨਾ ਵਾਇਰਸ ਨੇ ਹਰ ਵਿਅਕਤੀ ਦੇ ਮਨ 'ਚ ਇੰਨਾ ਦਹਿਲ ਪੈਦਾ ਕਰ ਦਿੱਤਾ ਹੈ ਕਿ ਇੰਨਾ ਡਰ ਕਦੇ ਪਰਮਾਣੂ ਅਤੇ ਐਟਮ ਬੰਬ ਦਾ ਵੀ ਪੈਦਾ ਨਹੀਂ ਹੋਇਆ।




ਚੀਨ 'ਚੋਂ ਸ਼ੁਰੂ ਹੋਇਆ ਇਹ ਵਾਇਰਸ ਹੁਣ ਤਕ ਦੁਨੀਆ ਦੇ 126 ਤੋਂ ਵੱਧ ਦੇਸ਼ਾਂ ਨੂੰ ਆਪਣੇ ਜਾਲ 'ਚ ਫਸਾ ਚੁੱਕਾ ਹੈ। ਰੂਸ, ਇਰਾਕ, ਇਟਲੀ, ਈਰਾਨ ਤੇ ਯੂਰਪ ਵਿਚ ਇਸ ਵਾਇਰਸ ਦਾ ਸਭ ਤੋਂ ਵੱਧ ਅਸਰ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਚੀਨ 'ਚ ਇਸ ਵਾਇਰਸ ਨਾਲ ਮੌਤਾਂ ਦੀ ਗਿਣਤੀ ਘਟਣ ਦਾ ਨਾਂ ਨਹੀਂ ਲੈ ਰਹੀ ਉੱਥੇ ਹੀ ਇਟਲੀ ਦੇ ਛੇ ਕਰੋੜ ਲੋਕ ਘਰਾਂ 'ਚ ਬੰਦ ਹੋ ਕੇ ਰਹਿ ਗਏ ਹਨ। ਇਸ ਦਾ ਚੀਨ ਦੀ ਆਰਥਿਕਤਾ 'ਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਕਾਨਫਰੰਸ ਆਫ ਟਰੇਡਿੰਗ ਐਂਡ ਡਿਵੈਲਪਮੈਂਟ ਨੇ ਤਾਂ ਇੱਥੋਂ ਤਕ ਕਿਹਾ ਹੈ ਕਿ ਕੋਰੋਨਾ ਵਾਇਰਸ ਕਾਰਨ ਚੀਨ ਹੀ ਨਹੀਂ ਸਗੋਂ ਦੁਨੀਆ ਦੇ 15 ਵੱਡੇ ਅਰਥਚਾਰੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ ਜਿਨ੍ਹਾਂ 'ਚ ਭਾਰਤ ਵੀ ਸ਼ਾਮਲ ਹੈ। ਉਸ ਦੀ ਅਰਥ-ਵਿਵਸਥਾ ਪਹਿਲਾਂ ਹੀ ਚਰਮਰਾ ਚੁੱਕੀ ਹੈ।

ਚੀਨ ਵਿਚ ਇਸ ਵਾਇਰਸ ਦੇ ਫੈਲਾਅ ਕਾਰਨ ਉਤਪਾਦਨ 'ਚ ਜੋ ਕਮੀ ਆਈ ਹੈ, ਉਸ ਦਾ ਸਿੱਧਾ ਅਸਰ ਇਸ ਦੇ ਆਸਪਾਸ ਵਾਲੇ ਮੁਲਕਾਂ 'ਤੇ ਪੈ ਰਿਹਾ ਹੈ। ਇਸ ਦੇ ਸਿੱਟੇ ਵਜੋਂ ਬਹੁਤ ਸਾਰੇ ਉਤਪਾਦਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਖਾਣ-ਪੀਣ ਵਾਲੀਆਂ ਵਸਤਾਂ 'ਚ ਕਮੀ ਆਉਣ ਦੇ ਖ਼ਦਸ਼ੇ ਕਾਰਨ ਜ਼ਖੀਰਾਬਾਜ਼ੀ ਹੋ ਰਹੀ ਹੈ, ਲੋਕ ਵੀ ਘਰਾਂ 'ਚ ਜ਼ਰੂਰੀ ਵਰਤੋਂ ਦੀਆਂ ਚੀਜ਼ਾਂ ਲੋੜ ਤੋਂ ਵੱਧ ਮਾਤਰਾ 'ਚ ਇਕੱਠੀਆਂ ਕਰ ਰਹੇ ਹਨ। ਇਹੀ ਕਾਰਨ ਹੈ ਕਿ ਸਟੋਰ ਧੜਾਧੜ ਖ਼ਾਲੀ ਹੋ ਰਹੇ ਹਨ, ਦਵਾਈਆਂ ਦੇ ਸਟੋਰਾਂ ਉੱਤੇ ਦਵਾਈਆਂ ਦੀ ਕਮੀ ਹੈ, ਮਾਸਕ ਤੇ ਸੈਨੇਟਾਈਜ਼ਰ, ਟਾਇਲਟ ਟਿਸ਼ੂ ਤੇ ਸਾਬਣ ਆਦਿ ਨਹੀਂ ਮਿਲ ਰਹੇ ਜਿਸ ਕਾਰਨ ਆਉਣ ਵਾਲੇ ਦਿਨਾਂ 'ਚ ਹਫੜਾ-ਦਫੜੀ ਮਚ ਸਕਦੀ ਹੈ।

ਹੁਣ ਤਕ ਇਸ ਮਹਾਮਾਰੀ ਦਾ ਸਭ ਤੋਂ ਬੁਰਾ ਅਸਰ ਸੈਰ-ਸਪਾਟਾ ਸਨਅਤ 'ਤੇ ਹੋਇਆ ਹੈ। ਹਵਾਈ ਉਡਾਣਾਂ ਦਾ ਰੱਦ ਹੋਣਾ, ਟਰੈਵਲ ਏਜੰਟਾਂ ਦੇ ਦਫ਼ਤਰਾਂ ਨੂੰ ਤਾਲੇ, ਸੈਲਾਨੀ ਵੀਜ਼ੇ ਰੱਦ ਹੋਣਾ ਅਤੇ ਸੈਰ-ਸਪਾਟਾ ਸਥਾਨਾਂ 'ਤੇ ਇਕੱਤਰ ਹੋਣ 'ਤੇ ਪਾਬੰਦੀਆਂ ਕਾਰਨ ਹੋਟਲ ਅਤੇ ਰੈਸਟੋਰੈਂਟ ਉਦਯੋਗ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਜਿਸ ਕਾਰਨ ਸੈਰ-ਸਪਾਟਾ ਉਦਯੋਗ ਇਸ ਵਕਤ ਤਬਾਹੀ ਦੇ ਕੰਢੇ ਜਾ ਪੁੱਜਾ ਹੈ। ਆਉਣ ਵਾਲੇ ਦਿਨਾਂ 'ਚ ਹਾਲਾਤ ਕੀ ਕਰਵਟ ਲੈਣਗੇ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਇਰਾਕ ਦੀ ਹਾਲਤ ਇਹ ਬਣ ਚੁੱਕੀ ਹੈ ਕਿ ਇਸ ਵਾਇਰਸ 'ਤੇ ਕਾਬੂ ਪਾਉਣ ਵਾਸਤੇ ਉਸ ਨੂੰ ਅਠਵੰਜਾ ਸਾਲ ਬਾਅਦ ਸੰਸਾਰ ਬੈਂਕ ਤੋਂ 37 ਹਜ਼ਾਰ ਕਰੋੜ ਦਾ ਕਰਜ਼ਾ ਚੁੱਕਣ ਵਾਸਤੇ ਮਜਬੂਰ ਹੋਣਾ ਪੈ ਰਿਹਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਦੁਨੀਆ 'ਚ ਇਸ ਵਾਇਰਸ ਦਾ ਪ੍ਰਕੋਪ ਇੰਨਾ ਜ਼ਿਆਦਾ ਵੱਧ ਜਾਣ ਦੇ ਬਾਵਜੂਦ ਬਹੁਤੇ ਪੰਜਾਬੀ ਇਸ ਨੂੰ ਹਲਕੇ ਵਿਚ ਹੀ ਲੈ ਰਹੇ ਹਨ। ਉਹ ਇਸ ਲਾਇਲਾਜ ਜਾਨਲੇਵਾ ਬਿਮਾਰੀ ਸਬੰਧੀ ਚੁਟਕਲੇ, ਲਤੀਫ਼ੇ, ਟਿੱਚਰਾਂ, ਮਸ਼ਕਰੀਆਂ ਦਾ ਸਹਾਰਾ ਲੈ ਰਹੇ ਹਨ ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕਈ ਵਾਰ ਇਸ ਤਰ੍ਹਾਂ ਮਹਿਸੂਸ ਹੋਣ ਲੱਗਦਾ ਹੈ ਕਿ ਪੰਜਾਬੀਆਂ ਦੀ ਹਰ ਮਸਲੇKਮੁੱਦੇ ਪ੍ਰਤੀ ਇਸ ਤਰ੍ਹਾਂ ਦੀ ਲਾਪਰਵਾਹੀ ਅਤੇ ਗ਼ੈਰ-ਸੰਜੀਦਗੀ ਹੀ ਪੰਜਾਬ ਦੀ ਬਰਬਾਦੀ ਦਾ ਅੱਜ ਤਕ ਮੁੱਖ ਕਾਰਨ ਰਹੀ ਹੈ।

ਖ਼ੈਰ! ਕੋਰੋਨਾ ਵਾਇਰਸ ਨੇ ਜਿਸ ਤਰ੍ਹਾਂ ਦੁਨੀਆ ਨੂੰ ਸਿਹਤ ਅਤੇ ਆਰਥਿਕ ਪੱਖੋਂ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਉਸ ਤੋਂ ਇਹ ਗੱਲ ਹੁਣ ਮਨੁੱਖ ਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਕੁਦਰਤ ਬਹੁਤ ਸ਼ਕਤੀਸ਼ਾਲੀ ਅਤੇ ਬੇਅੰਤ ਹੈ। ਜੇਕਰ ਇਸ ਨਾਲ ਛੇੜਛਾੜ ਕਰਨੀ ਬੰਦ ਕਰ ਕੇ ਇਸ ਦੀ ਮਹਾਨਤਾ ਤੇ ਮਹੱਤਤਾ ਨੂੰ ਸਮਝਦਿਆਂ ਇਸ ਦੀ ਸਾਂਭ-ਸੰਭਾਲ ਦੇ ਉਪਰਾਲੇ ਨਾ ਕੀਤੇ ਗਏ ਤਾਂ ਭਿਆਨਕ ਤੋਂ ਭਿਆਨਕ ਨਤੀਜੇ ਨਿਕਲਣਗੇ। ਮਹਾਮਾਰੀ ਕਦੇ ਵੀ ਦੁਨੀਆ ਨੂੰ ਪਲਾਂ ਵਿਚ ਮਲੀਆਮੇਟ ਕਰ ਸਕਦੀ ਹੈ।

ਇਸ ਵੇਲੇ ਸਮਝ ਲੈਣਾ ਚਾਹੀਦਾ ਹੈ ਕਿ ਪੂਰੀ ਮਨੁੱਖਤਾ ਮੌਤ ਦੀਆਂ ਬਰੂਹਾਂ 'ਤੇ ਜਾ ਖੜ੍ਹੀ ਹੈ। ਪਹਿਲਾਂ ਹੀ ਕਈ ਤਰ੍ਹਾਂ ਦੇ ਕੈਂਸਰ ਲਾਇਲਾਜ ਸਨ। ਫਿਰ ਬਰਡ ਫਲੂ, ਇਬੋਲਾ, ਡੇਂਗੂ ਅਤੇ ਡਿਸਕੋ ਫੀਵਰ ਸਾਹਮਣੇ ਆਏ ਜਿਨ੍ਹਾਂ ਲਈ ਅਜੇ ਤਕ ਕੋਈ ਕਾਰਗਰ ਦਵਾਈ ਨਹੀਂ ਬਣ ਸਕੀ। ਇਸੇ ਤਰ੍ਹਾਂ ਕੋਰੋਨਾ ਵਾਇਰਸ ਵਾਸਤੇ ਸਿਰਫ਼ ਸੁਝਾਅ ਹੀ ਮਿਲਦੇ ਹਨ ਜਦਕਿ ਇਸ ਦਾ ਇਲਾਜ ਕੋਈ ਨਹੀਂ ਹੈ। ਜੇਕਰ ਮਨੁੱਖ ਨੇ ਅਜੇ ਵੀ ਕੁਦਰਤ ਪ੍ਰਤੀ ਆਪਣਾ ਵਤੀਰਾ ਨਾ ਬਦਲਿਆ ਤਾਂ ਹੋ ਸਕਦਾ ਹੈ ਕਿ ਭਵਿੱਖ ਵਿਚ ਇਸ ਤੋਂ ਵੀ ਖ਼ਤਰਨਾਕ ਵਾਇਰਸ ਪੈਦਾ ਹੋ ਜਾਣ ਜੋ ਸਮੁੱਚੀ ਮਨੁੱਖਤਾ ਵਾਸਤੇ ਘਾਤਕ ਅਤੇ ਤਬਾਹਕੁੰਨ ਸਾਬਤ ਹੋਣ।

ਇਸ ਲਈ ਦੁਨੀਆ ਦੇ ਸਮੂਹ ਮੁਲਕਾਂ ਦੀਆਂ ਸਰਕਾਰਾਂ ਅਤੇ ਲੋਕਾਂ ਨੂੰ ਬਿਨਾਂ ਕਿਸੇ ਦੇਰੀ ਦੇ ਕੁਦਰਤ ਨਾਲ ਖਿਲਵਾੜ ਬੰਦ ਕਰ ਦੇਣਾ ਚਾਹੀਦਾ ਹੈ। ਸਿਰਫ਼ ਮਤੇ ਪਾ ਕੇ ਵੇਲਾ ਸਾਰਨ ਨਾਲ ਗੱਲ ਨਹੀਂ ਬਣੇਗੀ। ਦੁਨੀਆ ਤਬਾਹੀ ਦੇ ਕੰਢੇ ਜਾ ਖੜ੍ਹੀ ਹੈ। ਇਸ ਸੱਚ ਨੂੰ ਜਿੰਨੀ ਜਲਦੀ ਤਸਲੀਮ ਕਰ ਲਿਆ ਜਾਵੇ, ਓਨਾ ਹੀ ਚੰਗਾ ਹੈ। ਕੋਰੋਨਾ ਵਾਇਰਸ ਦੇ ਰੂਪ ਵਿਚ ਮਨੁੱਖ ਨੂੰ ਕੁਦਰਤ ਦੀ ਇਹ ਇਕ ਚੇਤਾਵਨੀ ਹੈ ਕਿ ਉਹ ਸੰਭਲ ਜਾਵੇ। ਇਸ ਚੇਤਾਵਨੀ ਨੂੰ ਜਿੰਨੀ ਜਲਦੀ ਸਮਝ ਕੇ ਉਹ ਆਪਣੇ 'ਚ ਸੁਧਾਰ ਕਰੇਗਾ, ਓਨਾ ਹੀ ਚੰਗਾ ਹੈ।


INDO AMERICAN DOCUMENTS PREPARATION SERVICES
REGISTERED AND BONDED DOCUMENT SELF HELP ASSISTANCE

Indian Visa/ Passport/ OCI

Power of Attorney / WILLS for India

ਅਸੀਂ ਅਟਾਰਨੀ ਨਹੀਂ ਹਾਂ
ਅਸੀਂ ਲੀਗਲ ਸਰਵਿਸਿਜ਼ ਦਾ ਪੇਪਰਵਰਕ
ਕਰਨ ਵਿਚ ਤੁਹਾਡੀ ਮਦਦ ਕਰਦੇ ਹਾਂ।

Translations Services Available



SMILE DHIR

Please contact for appointment at Cell: 510-449-7646 or email at indoamericandocs@gmail.com
Weekend and late Evening Appointment also available.

We can provide self help service at consumer's specific direction in following matters:

Immigration Forms
* Family Petitions
* Adjustment of Status
* Work Permit
* Citizenship Applications
* Affidavit of Support
* Religious Visa
* Visitor Visa

Family Law Assistance
* Divorce
* Child Support
* Child Custody

Estate Planning Assistance
* Living Trust and Wills
* Durable Power of Attorney
* Healt Care Directives

Business Formation
* Sale Purchase Agreement
* Formation of Corporation

NOTARY SERVICES

Lega Name Change

Eviction/ Unlawful Detainer

Lease / Residental Agreement

OFFICE ADDRESS: 31883 ALVARADO BLVD, UNION CITY, CA 94587


# ਚੀਨ ਦੀ ਲਾਪਰਵਾਹੀ ਦੇ ਨਤੀਜੇ ਭੁਗਤ ਰਹੀ ਦੁਨੀਆਂ

ਰਮੇਸ਼ ਕੁਮਾਰ ਦੂਬੇ

ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਚੀਨ ਦੇ ਵੁਹਾਨ ਸ਼ਹਿਰ ਤੋਂ ਸ਼ੁਰੂ ਹੋਏ ਕੋਰੋਨਾ ਵਾਇਰਸ ਦੇ ਕਹਿਰ ਨੂੰ ਠੱਲ੍ਹ ਪੈਂਦੀ ਦਿਖਾਈ ਨਹੀਂ ਦਿੰਦੀ। ਹੁਣ ਤਾਂ ਇਸ ਤੋਂ ਪੀੜਤ ਲੋਕਾਂ ਦੀ ਗਿਣਤੀ ਇਕ ਲੱਖ ਨੂੰ ਵੀ ਪਾਰ ਕਰ ਚੁੱਕੀ ਹੈ। ਤਮਾਮ ਸਿਹਤ ਸਹੂਲਤਾਂ ਵਾਲੇ ਯੂਰਪ-ਅਮਰੀਕਾ ਵਿਚ ਵੀ ਕੋਰੋਨਾ ਕਹਿਰ ਢਾਹ ਰਿਹਾ ਹੈ। ਕੋਰੋਨਾ ਵਾਇਰਸ ਦੀ ਉਤਪਤੀ ਚੀਨ ਦੇ ਵੁਹਾਨ ਸ਼ਹਿਰ ਦੇ ਜੰਗਲੀ ਜੀਵਾਂ ਦੇ ਮਾਸ ਵੇਚਣ ਵਾਲੇ ਬਾਜ਼ਾਰ ਤੋਂ ਹੋਈ। ਚੀਨ ਵਿਚ ਪਹਿਲਾਂ ਵੀ ਇਸੇ ਤਰ੍ਹਾਂ ਦੇ ਖ਼ਤਰਨਾਕ ਵਾਇਰਸ ਉਪਜ ਚੁੱਕੇ ਹਨ। ਇਨ੍ਹਾਂ ਵਿਚ ਸਾਰਸ ਪ੍ਰਮੁੱਖ ਹੈ। ਬੀਤੇ 50 ਸਾਲਾਂ ਵਿਚ ਇਨਫੈਕਸ਼ਨ ਤੋਂ ਹੋਣ ਵਾਲੀਆਂ ਬਿਮਾਰੀਆਂ ਤੇਜ਼ੀ ਨਾਲ ਫੈਲੀਆਂ ਹਨ। ਸਭ ਤੋਂ ਵੱਡੀ ਤ੍ਰਾਸਦੀ ਇਹ ਰਹੀ ਕਿ ਆਮ ਤੌਰ 'ਤੇ ਪਸ਼ੂ-ਪੰਛੀਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਮਨੁੱਖਾਂ ਨੂੰ ਆਪਣੀ ਲਪੇਟ ਵਿਚ ਲੈਂਦੀਆਂ ਜਾ ਰਹੀਆਂ ਹਨ। ਪਸ਼ੂ-ਪੰਛੀਆਂ ਤੋਂ ਮਨੁੱਖਾਂ ਵਿਚ ਇਨਫੈਕਸ਼ਨ ਕੋਈ ਨਵੀਂ ਗੱਲ ਨਹੀਂ ਪਰ ਪੌਣ-ਪਾਣੀ ਵਿਚ ਤਬਦੀਲੀ ਅਤੇ ਖਾਣ-ਪੀਣ ਸਬੰਧੀ ਆਦਤਾਂ ਵਿਚ ਬਦਲਾਅ, ਸ਼ਹਿਰੀਕਰਨ, ਕੌਮਾਂਤਰੀ ਯਾਤਰਾਵਾਂ ਦੇ ਵੱਧ ਰਹੇ ਚਲਨ ਕਾਰਨ ਇਨਫੈਕਸ਼ਨ ਤੇਜ਼ੀ ਨਾਲ ਫੈਲਣ ਲੱਗੀ ਹੈ। ਪੂਰੀ ਦੁਨੀਆ ਵਿਚ ਸ਼ਹਿਰੀ ਆਬਾਦੀ ਤੇਜ਼ੀ ਨਾਲ ਫੈਲ ਰਹੀ ਹੈ। ਪੰਜਾਹ ਸਾਲ ਪਹਿਲਾਂ ਜਿੱਥੇ 35 ਫ਼ੀਸਦੀ ਆਬਾਦੀ ਸ਼ਹਿਰਾਂ ਵਿਚ ਰਹਿ ਰਹੀ ਸੀ, ਓਥੇ ਹੁਣ ਇਹ ਅੰਕੜਾ ਵੱਧ ਕੇ 55 ਫ਼ੀਸਦੀ ਤਕ ਪੁੱਜ ਚੁੱਕਾ ਹੈ। ਜ਼ਿਆਦਾਤਰ ਸ਼ਹਿਰਾਂ ਦਾ ਵਿਕਾਸ ਗ਼ੈਰ-ਯੋਜਨਾਬੱਧ ਤਰੀਕੇ ਨਾਲ ਹੋ ਰਿਹਾ ਹੈ। ਇਨ੍ਹਾਂ ਸ਼ਹਿਰਾਂ ਵਿਚ ਗੰਦੀਆਂ ਬਸਤੀਆਂ ਦੀ ਭਰਮਾਰ ਹੈ ਜੋ ਬਿਮਾਰੀਆਂ ਲਈ ਜ਼ਮੀਨ ਤਿਆਰ ਕਰਦੀਆਂ ਹਨ। ਸ਼ਹਿਰੀਕਰਨ, ਮੱਧ ਵਰਗ ਦਾ ਵਿਸਥਾਰ, ਵੱਧਦੀ ਖ਼ੁਸ਼ਹਾਲੀ, ਆਧੁਨਿਕ ਸੰਚਾਰ ਮਾਧਿਅਮ ਜਿਹੇ ਕਾਰਨਾਂ ਕਾਰਨ ਖਾਣ-ਪੀਣ ਦੀਆਂ ਆਦਤਾਂ ਤੇਜ਼ੀ ਨਾਲ ਬਦਲ ਰਹੀਆਂ ਹਨ। ਚੀਨ ਹੀ ਨਹੀਂ, ਪੂਰੇ ਵਿਸ਼ਵ ਵਿਚ ਮਾਸਾਹਾਰ ਅਤੇ ਵਿਦੇਸ਼ੀ ਖ਼ੁਰਾਕੀ ਪਦਾਰਥਾਂ ਨੂੰ ਸਟੇਟਸ ਸਿੰਬਲ ਨਾਲ ਜੋੜ ਦੇਣ ਕਾਰਨ ਉਨ੍ਹਾਂ ਦੀ ਖ਼ਪਤ ਤੇਜ਼ੀ ਨਾਲ ਵੱਧ ਰਹੀ ਹੈ। ਦੁਨੀਆ ਨੂੰ ਇਸ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਕਿ ਚੀਨ ਦਾ ਅਸੰਗਠਿਤ ਨਾਜਾਇਜ਼ ਜੰਗਲੀ ਜੀਵ ਕਾਰੋਬਾਰ ਹੁਣ ਕੋਰੋਨਾ ਵਾਇਰਸ ਜ਼ਰੀਏ ਦੁਨੀਆ 'ਤੇ ਕਹਿਰ ਢਾਹ ਰਿਹਾ ਹੈ। ਚੀਨ ਨੇ ਦੁਨੀਆ ਨੂੰ ਜਿਸ ਤਰ੍ਹਾਂ ਸੰਕਟ ਵਿਚ ਪਾਇਆ ਹੈ, ਉਸ ਦਾ ਵਿਸ਼ਵ ਭਾਈਚਾਰੇ ਖ਼ਾਸ ਤੌਰ 'ਤੇ ਵਿਸ਼ਵ ਸਿਹਤ ਸੰਗਠਨ ਵੱਲੋਂ ਨੋਟਿਸ ਲਿਆ ਜਾਣਾ ਚਾਹੀਦਾ ਹੈ। ਕੋਰੋਨਾ ਵਾਇਰਸ ਤੋਂ ਉਪਜੀ ਛੂਤ ਦੀ ਬਿਮਾਰੀ ਕੋਵਿਡ-19 ਨੂੰ ਸਿਰਫ਼ ਮਹਾਮਾਰੀ ਐਲਾਨ ਦੇਣ ਨਾਲ ਹੀ ਗੱਲ ਬਣਨ ਵਾਲੀ ਨਹੀਂ ਹੈ। ਬੇਸ਼ੱਕ ਅੱਜ ਨਹੀਂ ਤਾਂ ਕੱਲ੍ਹ, ਦੁਨੀਆ ਕੋਰੋਨਾ ਵਾਇਰਸ ਦੀ ਇਨਫੈਕਸ਼ਨ 'ਤੇ ਕਾਬੂ ਪਾ ਲਵੇਗੀ ਪਰ ਅਜਿਹੀ ਮਹਾਮਾਰੀ ਫਿਰ ਤੋਂ ਨਾ ਉੱਭਰੇ, ਇਸ ਵਾਸਤੇ ਠੋਸ ਜ਼ਮੀਨੀ ਉਪਾਅ ਕਰਨੇ ਹੋਣਗੇ।



# ਦੰਗਿਆਂ ਖ਼ਿਲਾਫ਼ ਦਲੇਰ ਪੁਲਿਸ ਲੀਡਰਸ਼ਿਪ ਜ਼ਰੂਰੀ

ਸਤੀਸ਼ ਕੇ ਸ਼ਰਮਾ

ਇਹ ਗੱਲ ਹੈਰਾਨੀਜਨਕ ਹੋ ਸਕਦੀ ਹੈ ਕਿ ਭਾਰਤ ਦੀ ਕਿਸੇ ਪੁਲੀਸ ਅਕੈਡਮੀ ਵਿਚ ਟਰੇਨਿੰਗ ਦੇ ਮਕਸਦ ਨਾਲ ਨਾ 1984 ਦੇ ਸਿੱਖ ਵਿਰੋਧੀ, ਨਾ ਮੁੰਬਈ ਦੇ 1992-93 ਵਾਲੇ ਅਤੇ ਨਾ ਹੀ 2002 ਦੇ ਗੁਜਰਾਤ ਦੰਗਿਆਂ ਨੂੰ ਅਧਿਐਨ (ਚਅਸਏ ਸਟੁਦੇ) ਵਜੋਂ ਵਰਤਿਆ ਜਾਂਦਾ ਹੈ। ਕਾਰਨ ਸਾਫ਼ ਹੈ ਕਿ ਇਹ ਅੱਗ ਦੇ ਅਜਿਹੇ ਸਿਆਸੀ ਭਾਂਬੜ ਹਨ, ਜਿਨ੍ਹਾਂ ਦੇ ਨੇੜੇ ਕੋਈ ਵੀ ਟਰੇਨਰ ਨਹੀਂ ਜਾਣਾ ਚਾਹੁੰਦਾ।

ਉਂਜ, ਚੰਗੀ ਗੱਲ ਇਹ ਹੈ ਕਿ ਕੋਈ ਸ਼ਖ਼ਸ ਦੰਗਿਆਂ ਦੇ ਇਨ੍ਹਾਂ ਵੱਡੇ ਕੇਸਾਂ ਦਾ ਅਧਿਐਨ ਕੀਤੇ ਬਿਨਾਂ ਵੀ ਪੁਲੀਸ ਪ੍ਰਬੰਧ ਦੀਆਂ ਬਾਰੀਕੀਆਂ ਸਿੱਖ ਸਕਦਾ ਹੈ। ਜਿਵੇਂ ਇਕ ਸਾਬਕਾ ਡੀਜੀਪੀ ਨੇ ਹਾਲ ਹੀ ਵਿਚ ਟੀਵੀ ਉੱਤੇ ਬਹਿਸ ਦੌਰਾਨ ਕਿਹਾ, "ਪੁਲੀਸਿੰਗ ਕੋਈ ਰਾਕਟ ਸਾਇੰਸ ਨਹੀਂ ਹੈ।" ਦਰਅਸਲ ਇਹ ਜ਼ਿਆਦਾਤਰ ਆਮ ਸਮਝਦਾਰੀ ਦਾ ਮਾਮਲਾ ਹੈ। ਬੱਚੇ ਵੀ ਇਹ ਗੱਲ ਜਾਣਦੇ ਹਨ। ਪਿੱਛੇ ਰਿਹੇ ਭਿਆਨਕ ਬਿਮਾਰੀ ਦਾ ਸ਼ਿਕਾਰ ਇਕ ਬੱਚੇ ਨੂੰ ਉਸ ਦੀ ਖ਼ਾਹਿਸ਼ ਪੂਰੀ ਕਰਨ ਲਈ ਇਕ ਦਿਨ ਵਾਸਤੇ ਵਡੋਦਰਾ (ਬੜੌਦਾ) ਦਾ ਪੁਲੀਸ ਕਮਿਸ਼ਨਰ ਬਣਾਇਆ ਗਿਆ। ਉਸ ਨੂੰ ਜਦੋਂ ਪੁੱਛਿਆ ਗਿਆ ਕਿ ਉਹ ਸ਼ਹਿਰ ਨੂੰ ਸੁਰੱਖਿਅਤ ਕਿਵੇਂ ਬਣਾਵੇਗਾ ਤਾਂ ਉਸ ਦਾ ਜਵਾਬ ਸੀ, "ਮੈਂ ਸਾਰੇ ਅਪਰਾਧੀਆਂ ਨੂੰ ਫੜ ਕੇ ਹਵਾਲਾਤ ਵਿਚ ਬੰਦ ਕਰ ਦੇਵਾਂਗਾ।"

ਅਫ਼ਸੋਸ ਦੀ ਗੱਲ ਹੈ ਕਿ ਚੋਟੀ ਦੇ ਕੁਝ ਕੁ ਹੀ ਪੁਲੀਸ ਅਫ਼ਸਰਾਂ ਵਿਚ ਅਜਿਹਾ ਕਰਨ ਦੀ ਹਿੰਮਤ ਹੁੰਦੀ ਹੈ। ਵੱਡੀ ਪੱਧਰ ਤੇ ਦੰਗੇ ਹੋਣ ਦਾ ਵੀ ਇਹੋ ਕਾਰਨ ਹੈ। ਉਪਰ ਬਿਆਨੇ ਭਾਰਤ ਦੇ ਤਿੰਨ ਸਭ ਤੋਂ ਭਿਆਨਕ ਦੰਗਿਆਂ ਤੋਂ ਵੀ ਇਹ ਗੱਲ ਸਾਫ਼ ਹੋ ਜਾਂਦੀ ਹੈ। ਇਹ ਤਿੰਨੇ ਦੰਗੇ ਸਬੰਧਤ ਪੁਲੀਸ ਕਮਿਸ਼ਨਰਾਂ ਕੋਲ ਸਭ ਸੂਹ ਹੋਣ ਦੇ ਬਾਵਜੂਦ ਹੋਏ। ਹੁਣ ਦਿੱਲੀ ਦੰਗਿਆਂ ਦਾ ਵੀ ਇਹੋ ਮਾਮਲਾ ਹੈ। ਇਸ ਤਰ੍ਹਾਂ, ਬੁਨਿਆਦੀ ਪੱਧਰ ਉਤੇ ਇਹ ਪੁਲੀਸ ਲੀਡਰਸ਼ਿਪ, ਖ਼ਾਸਕਰ ਪੁਲੀਸ ਕਮਿਸ਼ਨਰਾਂ ਦੀ ਨਾਕਾਮੀ ਹੈ।

ਭਾਰਤ ਵਿਚ ਮਹਿਜ਼ ਦੋ ਮੋਟਰਸਾਈਕਲ ਸਵਾਰਾਂ ਦੀ ਟੱਕਰ, ਭਾਵ ਸੜਕ ਹਾਦਸੇ ਕਾਰਨ ਵੀ ਦੰਗੇ ਭੜਕ ਸਕਦੇ ਹਨ ਪਰ ਕੋਈ ਵੱਡਾ ਦੰਗਾ ਕਦੇ ਵੀ ਅਚਾਨਕ ਨਹੀਂ ਹੁੰਦਾ। ਜੇ ਲੀਡਰਸ਼ਿਪ ਚੌਕਸ ਤੇ ਅਸਰਦਾਰ ਹੋਵੇ ਅਤੇ ਪੇਸ਼ੇਵਰ ਢੰਗ ਨਾਲ ਕੰਮ ਕਰੇ ਤਾਂ ਦੰਗੇ ਰੋਕੇ ਜਾ ਸਕਦੇ ਹਨ। ਅਸਲ ਵਿਚ ਦੰਗੇ ਰੋਕਣ ਜਾਂ ਠੱਲ੍ਹਣ ਲਈ ਸਭ ਤੋਂ ਜ਼ਰੂਰੀ ਚੀਜ਼ ਹੈ ਅਜਿਹੀ ਪੁਲੀਸ ਜਿਹੜੀ 'ਕੁਝ ਕਰਨ' ਦੀ ਚਾਹਵਾਨ ਹੋਵੇ। ਇਹ ਕਾਰਵਾਈ ਕਿਸੇ ਵੀ ਰੂਪ ਵਿਚ ਹੋ ਸਕਦੀ ਹੈ। ਇਕ ਵਾਰ ਵਡੋਦਰਾ ਵਿਚ ਗਸ਼ਤ ਡਿਊਟੀ ਨਿਭਾ ਰਹੇ ਸਿਪਾਹੀ ਨੇ ਆਪਣੀ ਰਾਈਫ਼ਲ ਦੀ ਮਹਿਜ਼ ਇਕ ਗੋਲ਼ੀ ਹਵਾ ਵਿਚ ਚਲਾ ਕੇ, ਦੋ ਹਿੰਸਕ ਹਜੂਮਾਂ ਨੂੰ ਖਿੰਡਾ ਦਿੱਤਾ, ਜਿਹੜੇ ਇਕ-ਦੂਜੇ ਨਾਲ ਟਕਰਾਉਣ ਹੀ ਵਾਲੇ ਸਨ। ਅਪਰੈਲ 1990 ਵਿਚ ਜਦੋਂ ਅਹਿਮਦਾਬਾਦ ਵਿਚ ਫ਼ਿਰਕੂ ਫ਼ਸਾਦ ਹੋਏ ਤਾਂ ਇਕ ਨੌਜਵਾਨ ਡੀਸੀਪੀ ਹੱਥ ਵਿਚ ਰਾਈਫ਼ਲ ਲੈ ਕੇ ਹਵਾਈ ਫਾਇਰ ਕਰਦਾ ਹੋਇਆ ਦੰਗਾ-ਮਾਰੇ ਇਲਾਕੇ ਵਿਚ ਗਿਆ ਅਤੇ ਉਸ ਨੇ ਕਿਸੇ ਨੂੰ ਵੀ ਅਮਨ ਭੰਗ ਨਾ ਕਰਨ ਲਈ ਖ਼ਬਰਦਾਰ ਕੀਤਾ। ਉਸ ਨੇ ਕਰੀਬ 100 ਗੋਲੀਆਂ ਚਲਾਈਆਂ ਤੇ ਦੰਗੇ ਬੰਦ ਹੋ ਗਏ। ਕਈ ਸੀਨੀਅਰ ਪੁਲੀਸ ਅਫ਼ਸਰਾਂ ਨੇ ਉਸ ਦੇ ਇਸ ਤਰੀਕੇ ਦਾ ਮਜ਼ਾਕ ਉਡਾਇਆ, ਪਰ ਉਨ੍ਹਾਂ ਨੂੰ ਆਖ਼ਿਰਕਾਰ ਇਹ ਮੰਨਣਾ ਪਿਆ ਕਿ ਡੀਸੀਪੀ ਦਾ ਇਹ ਤਰੀਕਾ ਅਸਰਦਾਰ ਰਿਹਾ।

ਜਦੋਂ ਗੋਧਰਾ ਕਾਂਡ ਤੋਂ ਬਾਅਦ ਹੋਏ ਗੁਜਰਾਤ ਦੰਗੇ ਅਹਿਮਦਾਬਾਦ ਸ਼ਹਿਰ ਵਿਚ ਦੋ ਮਹੀਨਿਆਂ ਤੋਂ ਵੱਧ ਸਮੇਂ ਤੱਕ ਜਾਰੀ ਰਹੇ ਤਾਂ ਸਰਕਾਰ ਨੇ ਮਈ 2002 ਵਿਚ



ਕੇਪੀਐੱਸ ਗਿੱਲ ਦੀਆਂ ਸੇਵਾਵਾਂ ਲਈਆਂ, ਜਿਨ੍ਹਾਂ ਦੀ ਮਦਦ ਲਈ ਸੀਨੀਅਰ ਅਫ਼ਸਰਾਂ ਦੀ ਨਵੀਂ ਟੀਮ ਵੀ ਉਥੇ ਤਾਇਨਾਤ ਕੀਤੀ ਗਈ। ਇਸ ਟੀਮ, ਜਿਸ ਵਿਚ ਮੈਂ ਵੀ ਐਡੀਸ਼ਨਲ ਕਮਿਸ਼ਨਰ ਵਜੋਂ ਸ਼ਾਮਲ ਸਾਂ, ਨੇ ਫ਼ੈਸਲਾਕੁਨ ਕਾਰਵਾਈਆਂ ਰਾਹੀਂ ਕੁਝ ਸਮੇਂ ਵਿਚ ਹੀ ਅਮਨ ਬਹਾਲ ਕਰ ਦਿੱਤਾ। ਦੰਗਿਆਂ ਵਾਲੇ ਇਕ ਸਥਾਨ ਤੋਂ ਹੀ 70 ਫ਼ਸਾਦੀ ਗ੍ਰਿਫ਼ਤਾਰ ਕਰ ਲਏ ਗਏ; ਇਕ ਹੋਰ ਥਾਂ ਥਾਣੇ ਦੇ ਕੀਤੇ ਗਏ ਘਿਰਾਉ ਨੂੰ ਤਾਕਤ ਦੀ ਵਰਤੋਂ ਰਾਹੀਂ ਹਟਾ ਦਿੱਤਾ ਗਿਆ; ਤੇ ਤੀਜੇ ਮਾਮਲੇ ਵਿਚ, ਦੰਗਿਆਂ ਸਬੰਧੀ ਕੇਸਾਂ ਵਿਚ ਲੋੜੀਂਦੇ ਕੁਝ ਰਸੂਖ਼ਵਾਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਇਨ੍ਹਾਂ ਕਾਰਵਾਈਆਂ ਨੇ ਇਹ ਸੁਨੇਹਾ ਦਿੱਤਾ ਕਿ ਨਵੀਂ ਪੁਲੀਸ ਟੀਮ ਕੁਝ ਕਰਨ ਆਈ ਹੈ। ਉਹੋ ਪੁਲੀਸ ਫੋਰਸ, ਜਿਸ ਦਾ ਹੌਸਲਾ ਬਿਲਕੁਲ ਪਸਤ ਹੋ ਚੁੱਕਾ ਸੀ, ਰਾਤੋ-ਰਾਤ ਮੁੜ ਦਲੇਰੀ ਵਿਚ ਆਉਂਦਿਆਂ ਲੜਨ ਲਈ ਤਿਆਰ ਹੋ ਗਈ। ਇਸ ਨਾਲ ਨਾ ਸਿਰਫ਼ ਦੰਗੇ ਰੁਕੇ ਸਗੋਂ ਅਮਨ ਵੀ ਬਹਾਲ ਹੋ ਗਿਆ, ਜਿਸ ਤੇ ਮੌਕੇ ਦੇ ਮੁੱਖ ਚੋਣ ਕਮਿਸ਼ਨਰ ਜੇਐੱਮ ਲਿੰਗਦੋਹ ਨੇ ਵੀ ਤਸੱਲੀ ਜ਼ਾਹਿਰ ਕੀਤੀ। ਇਸ ਸਦਕਾ ਵੇਲ਼ੇ ਸਿਰ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਾਉਣ ਦਾ ਰਾਹ ਵੀ ਪੱਧਰਾ ਹੋ ਗਿਆ।

ਇਸ ਤਰ੍ਹਾਂ ਸਾਫ਼ ਹੋ ਜਾਂਦਾ ਹੈ ਕਿ ਦਿੱਲੀ ਵਿਚ ਹੋਏ ਦੰਗਿਆਂ ਦੇ ਪੱਧਰ ਦੇ ਦੰਗੇ ਸਿਰਫ਼ ਸਿਖਰਲੀ ਪੁਲੀਸ ਲੀਡਰਸ਼ਿਪ ਦੀ ਨਾਕਾਮੀ ਕਾਰਨ ਹੀ ਹੋ ਸਕਦੇ ਹਨ। ਦਿੱਲੀ ਦੰਗੇ ਅਸਲ ਵਿਚ ਬਹੁਤ ਹੀ ਖ਼ਾਸ ਤਰ੍ਹਾਂ ਦੇ ਫ਼ਿਰਕੂ ਫ਼ਸਾਦ ਸਨ, ਜਿਹੜੇ ਚਾਰ ਪੜਾਵਾਂ ਤੋਂ ਲੰਘ ਕੇ ਆਪਣੇ ਮੁਕਾਮ ਤੱਕ ਪੁੱਜੇ। ਇਨ੍ਹਾਂ ਦਾ ਪਹਿਲਾ ਪੜਾਅ ਸੀ ਸ਼ਿਕਵੇ-ਸ਼ਿਕਾਇਤਾਂ ਦਾ ਉਭਾਰ - ਜੋ ਦੋ ਭਾਈਚਾਰਿਆਂ ਦਰਮਿਆਨ ਝਗੜੇ ਦਾ ਕਾਰਨ ਬਣਿਆ। ਜੇ ਝਗੜਿਆਂ ਦਾ ਨਿਬੇੜਾ ਨਾ ਕੀਤਾ ਜਾਵੇ ਤਾਂ ਇਹ ਦੂਜੇ ਪੜਾਅ ਤੇ ਚਲੇ ਜਾਂਦੇ ਹਨ -ਅਜਿਹੀ ਨਾਜ਼ੁਕ ਹਾਲਤ ਬਣ ਜਾਂਦੀ ਹੈ ਜੋ ਭੜਕਣ ਲਈ ਮਹਿਜ਼ ਚੰਗਿਆੜੀ ਦੀ ਉਡੀਕ ਵਿਚ ਹੁੰਦੀ ਹੈ। ਤੀਜਾ ਪੜਾਅ ਹੁੰਦਾ ਹੈ ਇਸ ਦਾ ਭੜਕ ਜਾਣਾ; ਤੇ ਚੌਥਾ ਪੜਾਅ ਹੁੰਦਾ ਹੈ ਭਾਂਬੜ ਮੱਚਣਾ। ਅਜਿਹਾ ਉਦੋਂ ਹੁੰਦਾ ਹੈ ਜਦੋਂ ਪੁਲੀਸ ਸੱਚਮੁੱਚ ਦੰਗੇ ਭੜਕ ਜਾਣ ਤੇ ਵੀ ਇਨ੍ਹਾਂ ਨੂੰ ਨੱਥ ਪਾਉਣ ਵਿਚ ਨਾਕਾਮਯਾਬ ਰਹਿੰਦੀ ਹੈ।

ਦਿੱਲੀ ਦੰਗਿਆਂ ਨੂੰ ਰੋਕ ਲਏ ਜਾਣ ਦੀਆਂ ਬਹੁਤ ਜ਼ੋਰਦਾਰ ਸੰਭਾਵਨਾਵਾਂ ਸਨ, ਕਿਉਂਕਿ ਇਹ ਕਿਸੇ ਅਚਾਨਕ ਘਟਨਾ ਤੋਂ ਨਹੀਂ ਸਨ ਭੜਕੇ, ਭਾਵ ਕਿਸੇ ਪ੍ਰਧਾਨ ਮੰਤਰੀ ਦਾ ਕਤਲ, ਜਾਂ ਅਚਾਨਕ ਮਸਜਿਦ ਨੂੰ ਢਾਹ ਦਿੱਤਾ ਜਾਣਾ ਜਾਂ ਮੁਸਾਫ਼ਰਾਂ ਦੇ ਭਰੇ ਰੇਲ ਡੱਬੇ ਨੂੰ ਸਾੜ ਦਿੱਤਾ ਜਾਣਾ; ਪਰ ਇਨ੍ਹਾਂ ਦੰਗਿਆਂ ਨੂੰ ਇਸ ਕਾਰਨ ਨਹੀਂ ਰੋਕਿਆ ਜਾ ਸਕਿਆ, ਕਿਉਂਕਿ ਪੁਲੀਸ ਲੀਡਰਸ਼ਿਪ ਆਪਣਾ ਕੰਮ ਕਰਨ ਲਈ ਤਿਆਰ ਨਹੀਂ ਸੀ। ਇਸ ਲੀਡਰਸ਼ਪ ਨੇ ਉਦੋਂ ਹੀ ਆਪਣੀ ਫੋਰਸ ਦਾ ਭਰੋਸਾ ਤੇ ਵਿਸ਼ਵਾਸ ਗੁਆ ਲਿਆ ਸੀ, ਜਦੋਂ ਪੁਲੀਸ ਫੋਰਸ ਨੇ ਪੁਲੀਸ ਮੁਲਾਜ਼ਮਾਂ ਉਤੇ ਵਕੀਲਾਂ ਵੱਲੋਂ ਕੀਤੇ ਗਏ ਹਮਲੇ ਖ਼ਿਲਾਫ਼ ਖੁੱਲ੍ਹੇਆਮ ਅੰਦੋਲਨ ਕੀਤਾ ਸੀ। ਜਦੋਂ ਤੱਕ ਦਿੱਲੀ ਦੰਗੇ ਭੜਕੇ, ਉਦੋਂ ਤੱਕ ਪੁਲੀਸ ਦਾ ਹੌਸਲਾ ਪੂਰੇ ਨਿਘਾਰ ਤੱਕ ਜਾ ਚੁੱਕਾ ਸੀ। ਉਦੋਂ ਤੱਕ ਇਹ ਦੰਗਿਆਂ ਨੂੰ ਟਾਲ ਸਕਣ ਤੱਕ ਦੇ ਸਮਰੱਥ ਪੁਲੀਸ ਫੋਰਸ ਵੀ ਨਹੀਂ ਸੀ ਬਚੀ, ਦੰਗਿਆਂ ਨੂੰ ਕੰਟਰੋਲ ਕਰਨਾ ਤਾਂ ਦੂਰ ਦੀ ਗੱਲ ਸੀ।

ਲੀਡਰਸ਼ਿਪ ਦੀ ਖ਼ਾਸ ਗੱਲ ਇਹ ਹੁੰਦੀ ਹੈ ਕਿ ਤੁਸੀਂ ਜਾਂ ਤਾਂ ਲੀਡਰ ਹੁੰਦੇ ਹੋ, ਜਾਂ ਨਹੀਂ ਹੁੰਦੇ; ਕਿਉਂਕਿ ਇਹ ਚੀਜ਼ ਸਿਖਾਈ ਨਹੀਂ ਜਾ ਸਕਦੀ। ਪੁਲੀਸ ਪ੍ਰਬੰਧ ਵਿਚ, ਪੁਲੀਸ ਕਮਿਸ਼ਨਰ ਦਾ ਅਹੁਦਾ ਬਹੁਤ ਨਾਜ਼ੁਕ ਤੇ ਤਾਕਤਵਰ ਹੁੰਦਾ ਹੈ। ਪੁਲੀਸ ਕਮਿਸ਼ਨਰ ਬਹੁਤ ਉੱਚ ਰੁਤਬੇ ਵਾਲਾ ਅਫ਼ਸਰ ਹੁੰਦਾ ਹੈ, ਪਰ ਇਸ ਦੇ ਬਾਵਜੂਦ ਉਹ ਫੀਲਡ ਅਫ਼ਸਰ ਹੁੰਦਾ ਹੈ, ਜੋ ਪੁਲੀਸ ਨਾਲ ਸਿੱਧੇ ਸੰਪਰਕ ਵਿਚ ਕੰਮ ਕਰਦਾ ਹੈ। ਉਹ ਮਹਿਜ਼ ਪੁਲੀਸ ਅਫ਼ਸਰ ਨਹੀਂ ਸਗੋਂ ਮੈਜਿਸਟਰੇਟ ਵੀ ਹੁੰਦਾ ਹੈ।

ਉਸ ਕੋਲ ਸੀਆਰਪੀਸੀ, ਪੁਲੀਸ ਐਕਟ ਅਤੇ ਹੋਰ ਕਈ ਕਾਨੂੰਨਾਂ ਜਿਵੇਂ ਅਸਲਾ ਐਕਟ ਆਦਿ ਤਹਿਤ ਜ਼ਿਲ੍ਹਾ ਮੈਜਿਸਟਰੇਟ ਦੇ ਅਖ਼ਤਿਆਰ ਹੁੰਦੇ ਹਨ। ਉਹ ਰੋਕਥਾਮ ਲਈ ਕਿਸੇ ਨੂੰ ਬੰਦੀ ਬਣਾਉਣ ਦੇ ਹੁਕਮ ਜਾਰੀ ਕਰ ਸਕਦਾ ਹੈ ਅਤੇ ਦਫ਼ਾ 144 ਜਾਂ ਸੀਆਰਪੀਸੀ ਤਹਿਤ ਹਰ ਤਰ੍ਹਾਂ ਦੀਆਂ ਪਾਬੰਦੀਆਂ ਆਇਦ ਕਰ ਸਕਦਾ ਹੈ; ਤੇ ਅਖ਼ੀਰ ਉਹ ਅਮਨ-ਕਾਨੂੰਨ ਬਣਾਈ ਰੱਖਣ ਲਈ ਆਪਣੀ ਮਦਦ ਵਾਸਤੇ ਫ਼ੌਜ ਤਲਬ ਕਰਨ ਦੇ ਵੀ ਸਮਰੱਥ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਪੁਲੀਸ ਕਮਿਸ਼ਨਰ ਕੋਲ ਸ਼ਹਿਰ ਨੂੰ ਸੁਰੱਖਿਅਤ ਤੇ ਮਹਿਫ਼ੂਜ਼ ਰੱਖਣ ਲਈ ਹਰ ਤਰ੍ਹਾਂ ਦੇ ਅਖ਼ਤਿਆਰ ਹੁੰਦੇ ਹਨ।

ਦਿੱਲੀ ਪੁਲੀਸ ਕਮਿਸ਼ਨਰ ਤਾਂ ਇਸ ਮਾਮਲੇ ਵਿਚ ਹੋਰ ਵਧੇਰੇ ਤਾਕਤਵਰ ਹੈ ਕਿਉਂਕਿ ਉਹ ਪੁਲੀਸ ਕਮਿਸ਼ਨਰ ਹੋਣ ਦੇ ਨਾਲ ਨਾਲ ਸੂਬਾਈ ਪੁਲੀਸ ਦਾ ਮੁਖੀ ਵੀ ਹੈ। ਦੂਜੇ ਸ਼ਬਦਾਂ ਵਿਚ ਉਸ ਕੋਲ ਕਿਸੇ ਸੂਬੇ ਦੇ ਡੀਜੀਪੀ ਵਾਲੇ ਸਾਰੇ ਅਖ਼ਤਿਆਰ ਹੁੰਦੇ ਹਨ। ਜਦੋਂ ਇਸ ਤਰ੍ਹਾਂ ਇੰਨੀ ਤਾਕਤ ਤੇ ਸਾਰੀ ਜ਼ਿੰਮੇਵਾਰੀ ਇਕੋ ਅਧਿਕਾਰੀ ਦੇ ਹੱਥਾਂ ਵਿਚ ਕੇਂਦਰਿਤ ਹੋਵੇ, ਤਾਂ ਇਹ ਜ਼ਿੰਮੇਵਾਰੀ ਸੰਭਾਲਣ ਵਾਲੇ ਅਧਿਕਾਰੀ ਵਿਚ ਲਾਜ਼ਮੀ ਹੈ ਕਿ ਲੀਡਰਸ਼ਿਪ ਦੇ ਗੁਣ ਹੋਣ ਅਤੇ ਇਸ ਤੋਂ ਵੀ ਅਹਿਮ, ਉਸ ਅੰਦਰ ਦਲੇਰੀ ਹੋਵੇ। ਇਥੇ ਦਲੇਰੀ ਦਾ ਮਤਲਬ ਇਹ ਹੈ ਕਿ ਉਹ ਸਹੀ ਕਦਮ ਉਠਾਉਣ ਦੀ ਹਿੰਮਤ ਕਰ ਸਕੇ।

ਯਕੀਨਨ ਇਹੋ ਉਹ ਚੀਜ਼ ਸੀ ਜਿਹੜੀ ਪੁਲੀਸ ਕੋਲ ਉਦੋਂ ਨਹੀਂ ਸੀ ਤੇ ਇਸ ਕਾਰਨ ਦਿੱਲੀ ਵਿਚ ਭਾਂਬੜ ਮੱਚ ਗਏ।

# ਟੈਲੀਵਿਜਨ ਚੈਨਲਾਂ ਉਤੇ ਪ੍ਰਾਈਮ ਟਾਈਮ ਦਹਿਸ਼ਤਗਰਦੀ

ਹੁਣ ਟੈਲੀਵਿਜ਼ਨ ਬੰਦ ਕਰ ਦਿਓ
ਤੁਹਾਡਾ ਜ਼ਹਿਰ ਦਾ ਕੋਟਾ ਪੂਰਾ ਹੋ ਚੁੱਕਾ ਹੈ।

ਇਸ ਤੋਂ ਬਾਅਦ ਲਿਖਣ ਦੀ ਜ਼ਿਆਦਾ ਗੁੰਜਾਇਸ਼ ਨਹੀਂ ਬਚਦੀ। ਸਪੱਸ਼ਟ ਤੌਰ 'ਤੇ ਕਵਿਤਾ ਸਿਆਸੀ ਹੈ, ਬੜਬੋਲੀ ਤੇ ਉੱਚੇ ਸੁਰ ਵਾਲੀ ਹੈ। ਕਵਿਤਾ ਵਿਚਲੀ ਬੋਲੀ ਖਿੰਗਰਾਂ ਤੇ ਰੋੜਿਆਂ ਵਾਲੀ ਊਬੜ-ਖਾਬੜਤਾ ਹੈ। ਊਬੜ-ਖਾਬੜ ਸਮਿਆਂ ਵਿਚ ਇਹੋ ਜਿਹੀ ਕਵਿਤਾ ਦੀ ਲੋੜ ਹੁੰਦੀ ਹੈ।

ਕਵੀ ਆਪਣੇ ਦੇਸ਼ ਦਾ ਦ੍ਰਿਸ਼ ਬਿਆਨ ਕਰ ਰਿਹਾ ਹੈ ਜਾਂ ਸਾਡੇ ਦੇਸ਼ ਦਾ ਜਾਂ ਸਾਰੀ ਦੁਨੀਆਂ ਦੇ ਦੇਸ਼ਾਂ ਦਾ। ਸਾਡੇ ਦੇਸ਼ 'ਤੇ ਇਹ ਕਵਿਤਾ ਜ਼ਿਆਦਾ ਢੁਕਦੀ ਹੈ ਕਿਉਂਕਿ ਟੀਵੀKਇਲੈਕਟ੍ਰਾਨਿਕ ਮੀਡੀਆ ਦੇ ਵੱਡੇ ਹਿੱਸੇ 'ਗੋਦੀ ਮੀਡੀਆ' ਬਣ ਚੁੱਕੇ ਹਨ। ਉਹ ਸਰਕਾਰ ਤੇ ਬਹੁਗਿਣਤੀਵਾਦ ਦੀ ਮਾਨਸਿਕਤਾ ਦੀ ਭਾਸ਼ਾ ਬੋਲਦੇ ਹਨ। ਤੁਸੀਂ ਕੋਈ ਵੀ ਚੈਨਲ ਲਗਾਓ, ਉਸ ਉੱਤੇ ਬੇਰੁਜ਼ਗਾਰੀ, ਕਿਸਾਨੀ ਸੰਕਟ, ਮਜ਼ਦੂਰਾਂ ਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਨਸ਼ਿਆਂ ਦਾ ਫੈਲਾਓ, ਅਮੀਰਾਂ ਤੇ ਗ਼ਰੀਬਾਂ ਵਿਚਕਾਰ ਵਧਦਾ ਹੋਇਆ ਆਰਥਿਕ ਪਾੜਾ ਅਤੇ ਅਜਿਹੇ ਹੋਰ ਲੋਕ-ਮੁੱਦਿਆਂ 'ਤੇ ਬਹਿਸ ਤਾਂ ਬਹੁਤ ਘੱਟ ਹੁੰਦੀ ਹੈ ਪਰ ਰੋਜ਼ ਹੀ ਕੋਈ ਜਜ਼ਬਾਤੀ ਮੁੱਦਾ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਐਂਕਰ ਵਿਚਾਰ-ਵਟਾਂਦਰਾ ਕਰਨ ਲਈ ਸੱਦੇ ਹੋਏ ਮਾਹਿਰਾਂ ਅਤੇ ਸਿਆਸੀ ਨੁਮਾਇੰਦਿਆਂ ਨੂੰ ਉਤੇਜਿਤ ਕਰਨ ਦੀ ਭੂਮਿਕਾ ਅਦਾ ਕਰਦਾ ਹੈ। ਆਪਣੇ ਆਪ ਨੂੰ ਧਾਰਮਿਕ ਤੇ ਸਿਆਸੀ ਮਾਹਿਰ ਅਖਵਾਉਣ ਵਾਲੇ ਸੱਜਣ ਉੱਚੀ ਉੱਚੀ ਚੀਕਦੇ ਹਨ ਜਿਵੇਂ ਹੁਣੇ ਹੀ ਵਿਰੋਧੀ ਨੂੰ ਵਾਲ਼ਾਂ ਤੋਂ ਫੜ ਕੇ ਥੱਲੇ ਸੁੱਟ ਦੇਣਾ ਹੋਵੇ। ਇਕ-ਦੂਸਰੇ ਦੇ ਵਿਰੁੱਧ ਜ਼ਹਿਰ ਉਗਲਿਆ ਜਾਂਦਾ ਹੈ, ਲੋਕਾਂ ਦੀ ਦੇਸ਼ ਭਗਤੀ 'ਤੇ ਸ਼ੱਕ ਕੀਤਾ ਜਾਂਦਾ ਹੈ ਅਤੇ ਦੇਸ਼ ਦੀ ਹਰ ਸਮੱਸਿਆ ਲਈ ਗੁਆਂਢੀ ਦੇਸ਼ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਇਸ ਵਰਤਾਰੇ ਦੇ ਕਈ ਪੱਖ ਹਨ:

### ਸੂਖ਼ਮਤਾ ਦਾ ਖ਼ਾਤਮਾ

ਟੈਲੀਵਿਜ਼ਨ 'ਤੇ ਹੋ ਰਹੀਆਂ ਬਹਿਸਾਂ ਵਿਚ ਵੱਖ ਵੱਖ ਜਟਿਲ ਮਾਮਲਿਆਂ ਵਿਚਲੇ ਸੂਖ਼ਮ ਨੁਕਤਿਆਂ ਨੂੰ ਅੱਖੋਂ ਓਹਲੇ ਕਰਕੇ ਇਕ ਇਹੋ ਜਿਹੀ ਬਿਆਨਬਾਜ਼ੀ (ਬਿਰਤਾਂਤ) ਬਣਾਈ ਜਾਂਦੀ ਹੈ ਜਿਸ ਵਿਚ ਕਿਸੇ ਮਸਲੇ ਦੀ ਸੂਖ਼ਮਤਾ ਅਤੇ ਜਟਿਲਤਾ ਜਾਨਣ-ਪਛਾਨਣ ਦੀ ਕੋਸ਼ਿਸ਼ ਦੀ ਬਜਾਏ




ਉਸ ਨੂੰ ਇਕ ਸਾਧਾਰਨ ਤਰੀਕੇ ਦੀ ''ਹਾਂ ਜਾਂ ਨਾਂਹ'' ਦੀ ਬਹਿਸ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਨਾਗਰਿਕਤਾ ਸੋਧ ਕਾਨੂੰਨ ਵਿਚ ਬਹਿਸ ਦੌਰਾਨ ਇਸ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ ਵਿਰੋਧੀ ਅਤੇ ਦੇਸ਼ਧ੍ਰੋਹੀ ਗਰਦਾਨਿਆ ਜਾਂਦਾ ਹੈ ਅਤੇ ਇਸ ਦੀ ਹਮਾਇਤ ਕਰਨ ਵਾਲਿਆਂ ਨੂੰ ਦੇਸ਼ ਭਗਤ। ਜੇ ਕੋਈ ਵਕਤਾ ਇਸ ਕਾਨੂੰਨ ਵਿਚਲੀਆਂ ਪੇਚੀਦਗੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਐਂਕਰ ਜਾਂ ਇਸ ਕਾਨੂੰਨ ਦੀ ਹਮਾਇਤ ਕਰਨ ਵਾਲੇ ਵਕਤਾ ਉਸ ਨੂੰ ਰੌਲਾ ਪਾ ਕੇ ਚੁੱਪ ਕਰਾ ਦਿੰਦੇ ਹਨ।

### ਮੁੱਦਿਆਂ ਨੂੰ ਤੁੱਛ ਬਣਾਉਣਾ

ਗੰਭੀਰ ਮੁੱਦਿਆਂ ਨੂੰ ਤੁੱਛ ਬਣਾ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਨਿਰਭਯਾ ਕਾਂਡ ਵਿਚਲੇ ਦੋਸ਼ੀਆਂ ਨੂੰ ਫਾਂਸੀ ਲਗਾਉਣ ਦੇ ਮਾਮਲੇ 'ਤੇ ਹੋ ਰਹੀ ਦੇਰੀ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਗਿਆ, ਉਹ ਮੀਡੀਆ ਦੇ ਦੀਵਾਲੀਏਪਣ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੀ ਨਿਆਂ ਪ੍ਰਣਾਲੀ ਵਿਚ ਨਿਆਂ ਮਿਲਣ ਵਿਚ ਦੇਰ ਹੁੰਦੀ ਹੈ ਪਰ ਇਸ ਦੇ ਨਾਲ ਨਾਲ ਨਿਆਂ ਪ੍ਰਣਾਲੀ ਦੀਆਂ ਕਈ ਕਾਰਵਾਈਆਂ ਖ਼ਾਸ ਕਰਕੇ ਫਾਂਸੀ ਦੇਣ ਵਾਲੀ ਕਾਰਵਾਈ ਵਿਚ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੀ ਸਜ਼ਾ ਦਿੱਤੀ ਜਾ ਸਕਦੀ ਹੈ। ਟੈਲੀਵਿਜ਼ਨ ਮੀਡੀਆ ਦੇ ਵੱਡੇ ਹਿੱਸੇ ਨੇ ਇਸ ਉੱਤੇ ਗੰਭੀਰ ਬਹਿਸ ਕਰਨ ਦੀ ਬਜਾਏ ਇਸ ਨੂੰ ਲੋਕਾਂ ਦੇ ਜਜ਼ਬਾਤ ਭੜਕਾਉਣ ਅਤੇ ਆਪਣੀ ਟੀਆਰਪੀ ਵਧਾਉਣ ਲਈ ਵਰਤਿਆ ਹੈ। ਰੋਜ਼ ਦੁਖਿਆਰੀ ਮਾਂ ਦੇ ਸਾਹਮਣੇ ਮਾਈਕ ਰੱਖ ਦਿੱਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਨਿਆਂਪਾਲਿਕਾ ਤੇ ਵਕੀਲਾਂ 'ਤੇ ਬੇ-ਸਿਰ ਪੈਰ ਸਵਾਲ ਉਠਾਏ ਜਾਂਦੇ ਹਨ ਕਿ ਫਾਂਸੀ ਜਲਦੀ ਕਿਉਂ ਨਹੀਂ ਦਿੱਤੀ ਜਾ ਰਹੀ। ਕੁਝ ਕਾਨੂੰਨੀ ਮਾਹਿਰ ਤੇ ਸਮਾਜ ਵਿਗਿਆਨੀ ਮੌਤ ਦੀ ਸਜ਼ਾ ਦੇਣ ਦਾ ਵਿਰੋਧ ਕਰਦੇ ਆਏ ਹਨ। ਅਜਿਹੇ ਮਾਹਿਰਾਂ ਤੇ ਸਮਾਜ ਸ਼ਾਸਤਰੀਆਂ ਨੂੰ ਅੱਜਕੱਲ੍ਹ ਹੋ ਰਹੀਆਂ ਬਹਿਸਾਂ ਵਿਚ ਕੋਈ ਥਾਂ ਨਹੀਂ ਦਿੱਤੀ ਜਾਂਦੀ।

### ਲੋਕ ਚੇਤਨਤਾ ਅਤੇ ਆਲੋਚਨਾਤਮਕ ਬਿਰਤੀ ਨੂੰ ਖ਼ਤਮ ਕਰਨ ਦਾ ਯਤਨ

ਹਰ ਦੇਸ਼ ਵਿਚ ਚੰਗੇ ਵਿੱਦਿਅਕ ਅਦਾਰੇ ਅਜਿਹੇ ਸਥਾਨ ਹੁੰਦੇ ਹਨ ਜਿੱਥੇ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵੱਖ ਵੱਖ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਨੌਜਵਾਨ ਸੋਚ ਅੰਗੜਾਈਆਂ ਲੈਂਦੀ ਹੈ ਅਤੇ ਵਿਚਾਰਧਾਰਾਵਾਂ ਦਾ ਟਕਰਾਉ ਹੁੰਦਾ ਹੈ।

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦਿੱਲੀ, ਜਾਮੀਆ ਮਿਲੀਆ ਇਸਲਾਮੀਆ ਨਵੀਂ ਦਿੱਲੀ, ਸੈਂਟਰਲ ਯੂਨੀਵਰਸਿਟੀ ਹੈਦਰਾਬਾਦ, ਜਾਦਵਪੁਰ ਯੂਨੀਵਰਸਿਟੀ, ਸ਼ਾਂਤੀ ਨਿਕੇਤਨ ਆਦਿ ਉਚੇਰੀ ਵਿੱਦਿਆ ਦੇ ਕੇਂਦਰ ਹਮੇਸ਼ਾ ਨੌਜਵਾਨ ਸੋਚ ਵਿਚ ਨਵੀਂ ਲਰਜ਼ਿਸ਼ ਲਿਆਉਣ ਵਾਲੇ ਕੇਂਦਰ ਰਹੇ ਹਨ।

ਇੱਥੋਂ ਦੇ ਵਿਦਿਆਰਥੀ ਹਮੇਸ਼ਾਂ ਵੇਲੇ ਦੀ ਹਕੂਮਤ ਤੇ ਸਥਾਪਤੀ ਦੇ ਵਿਰੁੱਧ ਖੜ੍ਹੇ ਹੁੰਦੇ ਰਹੇ ਹਨ। ਹੁਣ ਇਸ ਅਸਹਿਮਤੀ ਨੂੰ ਗੁਨਾਹ ਦੱਸਿਆ ਜਾ ਰਿਹਾ ਹੈ। ਸਿਆਸੀ ਆਗੂ ਹੀ ਨਹੀਂ, ਮੀਡੀਆ ਤੇ ਕੱਦਾਵਰ ਐਂਕਰ ਇਨ੍ਹਾਂ ਯੂਨੀਵਰਸਿਟੀਆਂ ਵਿਚਲੇ ਅਸਹਿਮਤੀ ਦੇ ਸਭਿਆਚਾਰ ਨੂੰ ਕੋਸਦੇ ਨਜ਼ਰ ਆਉਂਦੇ ਹਨ। ਗੱਲ ਸਿਰਫ਼ ਜਵਾਹਰਲਾਲ ਯੂਨੀਵਰਸਿਟੀ ਜਾਂ ਹੋਰ ਵਿੱਦਿਅਕ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦੀ ਨਹੀਂ ਹੈ ਸਗੋਂ ਲੋਕਾਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਅਸਹਿਮਤੀ ਦੇ ਸੱਭਿਆਚਾਰ ਨੂੰ ਸਹਿਣ ਨਹੀਂ ਕੀਤਾ ਜਾਏਗਾ।

# ਆਪਣੇ ਹਿੱਸੇ ਦੇ ਅੰਬਰ ਲਈ ਉਡਾਣ

ਡਾ. ਕੁਲਦੀਪ ਕੌਰ

ਦੱਖਣ-ਅਮਰੀਕੀ ਮੁਲਕ ਚਿੱਲੀ ਵਿਚ ਪਿਛਲੇ ਸਾਲ ਤੋਂ ਔਰਤਾਂ ਦੀ ਅਗਵਾਈ ਵਿਚ ਚੱਲ ਰਹੇ ਅੰਦੋਲਨਾਂ ਅਤੇ ਧਰਨਿਆਂ ਨੇ ਜਨਵਰੀ ਵਿਚ ਉਦੋਂ ਤਿੱਖਾ ਸਿਆਸੀ ਮੋੜ ਕੱਟ ਲਿਆ ਜਦੋਂ ਅੰਦੋਲਨਕਾਰੀਆਂ ਨੇ 'ਚੁੱਪ ਦਾ ਮਾਰਚ' ਕੱਢਣ ਦਾ ਐਲਾਨ ਕਰ ਦਿੱਤਾ। ਔਰਤਾਂ ਦੇ ਜ਼ਿਆਦਾਤਰ ਮਸਲਿਆਂ ਬਾਰੇ 'ਚੁੱਪ ਦਾ ਸਭਿਆਚਾਰ' ਅਣਦਿਸਦੇ ਪਰ ਅਟੱਲ ਵਿਧਾਨ ਵਾਂਗ ਸਦੀਆਂ ਤੋਂ ਲਾਗੂ ਹੈ। ਇਸ ਮਾਰਚ ਦੌਰਾਨ 29 ਵਰ੍ਹਿਆਂ ਦੀ ਅੰਗਰੇਜ਼ੀ ਦੀ ਇਕ ਪ੍ਰੋਫੈਸਰ ਕਹਿੰਦੀ ਹੈ, "ਅਸੀਂ ਮਰਨ ਦੀ ਕਗਾਰ ਤੇ ਖੜ੍ਹੀਆਂ ਹਾਂ। ਸਾਨੂੰ ਸਾਰਿਆਂ ਲਈ ਆਜ਼ਾਦੀ ਤੇ ਅਣਖ ਦੀ ਜ਼ਿੰਦਗੀ ਚਾਹੀਦੀ ਹੈ। ਸਾਨੂੰ ਇਸ ਸਰਕਾਰ ਅਤੇ ਸਿਸਟਮ ਵਿਚ ਤੁਰੰਤ ਤੇ ਜ਼ਰੂਰੀ ਤਬਦੀਲੀਆਂ ਚਾਹੀਦੀਆਂ ਹਨ। ਸਰਕਾਰ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਇੱਥੇ ਕੁਝ ਵੀ ਠੀਕ ਨਹੀਂ। ਮੈਂ ਰੋਜ਼ ਕੰਮ ਛੱਡ ਕੇ ਧਰਨੇ ਤੇ ਆ ਰਹੀ ਹਾਂ ਤੇ ਉਦੋਂ ਤੱਕ ਆਉਂਦੀ ਰਹਾਂਗੀ, ਜਦੋਂ ਤੱਕ ਇਸ ਸੰਵਿਧਾਨ ਨੂੰ ਰੱਦ ਕਰਕੇ ਨਵਾਂ ਸੰਵਿਧਾਨ ਨਹੀਂ ਲਿਖਿਆ ਜਾਂਦਾ।"

ਨੈਲੀ ਮੇਜ਼ਾ ਜਿਹੜੀ ਇਸ ਅੰਦੋਲਨ ਵਿਚ ਆਪਣੇ ਪਤੀ ਅਤੇ ਪੁੱਤਰ ਸਮੇਤ ਪਹੁੰਚੀ ਹੋਈ ਹੈ, ਆਖਦੀ ਹੈ, "ਸਾਨੂੰ ਸਮਾਜਿਕ ਇਨਸਾਫ਼ ਅਤੇ ਬਰਾਬਰੀ ਚਾਹੀਦੀ ਹੈ। ਸਰਕਾਰ ਸਾਨੂੰ ਸੁਧਾਰਾਂ ਦੇ ਰੂਪ ਵਿਚ ਐਸਪ੍ਰੀਨ ਦੀਆਂ ਗੋਲੀਆਂ ਦੇ ਰਹੀ ਹੈ। ਸਾਨੂੰ ਤਾਂ ਸਾਰਾ ਕੁਝ ਅਸਲ ਅਤੇ ਸੱਚਮੁੱਚ ਦਾ ਚਾਹੀਦਾ ਹੈ।" ਨੈਲੀ ਨੇ ਪਿਛਲੇ ਮਹੀਨੇ ਕੈਂਸਰ ਤੋਂ ਪੀੜਤ ਆਪਣੇ ਬੱਚੇ ਲਈ ਆਪਣਾ ਘਰ ਵੇਚਿਆ ਹੈ। ਉਸ ਅਨੁਸਾਰ, "ਅਸੀਂ ਤਾਂ ਬੇਘਰੇ ਹਾਂ ਹੀ, ਹੁਣ ਸਰਕਾਰ ਚੈਨ ਨਾਲ ਕਿਵੇਂ ਸੌਂ ਸਕਦੀ ਹੈ?"

ਚਿੱਲੀ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਰਕਾਰ ਅਤੇ ਰਾਸ਼ਟਰਪਤੀ ਦੇ ਭਾਰੀ ਸਿਆਸੀ ਦਬਾਓ ਦੇ ਬਾਵਜੂਦ ਇਸ ਅੰਦੋਲਨ ਦੌਰਾਨ ਸੈਨਾ ਅਤੇ ਪੁਲੀਸ ਦੁਆਰਾ ਇਨ੍ਹਾਂ ਔਰਤਾਂ, ਬੱਚਿਆਂ, ਮਰਦਾਂ ਤੇ ਬਜ਼ੁਰਗਾਂ ਖ਼ਿਲਾਫ਼ ਤਸ਼ੱਦਦ, ਲਿੰਗਕ ਹਮਲਿਆਂ ਤੇ ਹਿੰਸਾ ਦੇ 167 ਕੇਸ ਦਰਜ ਕੀਤੇ ਹਨ। ਇਸ ਮੁਲਕ ਦਾ ਰਾਸ਼ਟਰਪਤੀ ਸਿਬੈਸਤੀਅਨ ਪਨੇਰਾ ਮੁਲਕ ਵਿਚ ਆਵਾਜਾਈ ਦੇ ਸਾਧਨਾਂ, ਸਰਕਾਰੀ ਸਿਹਤ-ਤੰਤਰ ਅਤੇ ਸਿੱਖਿਆ-ਤੰਤਰ ਦਾ ਨਿੱਜੀਕਰਨ ਕਰ ਚੁੱਕਿਆ ਹੈ। ਸਕੂਲਾਂ ਦੇ ਵਿਦਿਆਰਥੀਆਂ ਦੁਆਰਾ ਬੱਸਾਂ ਦੇ ਕਿਰਾਏ ਵਿਚ ਕੀਤੇ ਵਾਧੇ ਖ਼ਿਲਾਫ਼ ਸ਼ੁਰੂ ਹੋਇਆ ਅੰਦੋਲਨ ਬਜ਼ੁਰਗਾਂ ਲਈ ਪੈਨਸ਼ਨ ਅਤੇ ਸਮਾਜਿਕ ਤੌਰ ਤੇ ਪਛੜੇ ਵਰਗਾਂ ਲਈ ਸਮਾਜਿਕ ਸੁਰੱਖਿਆ ਦੀਆਂ ਮੰਗਾਂ ਤੱਕ ਫੈਲ ਗਿਆ ਹੈ। ਅੰਦੋਲਨਾਂ ਦੀ ਇਹ ਸੁਰ ਤੈਅ ਕਰਨ ਵਿਚ ਔਰਤਾਂ ਦਾ ਵੱਡਾ ਹੱਥ ਹੈ।

ਚਿੱਲੀ ਦੀਆਂ ਜਾਗਰੂਕ ਤੇ ਪੜ੍ਹੀਆਂ-ਲਿਖੀਆਂ ਔਰਤਾਂ ਲਈ ਇਹ ਅੰਦੋਲਨ ਸਮਾਜਿਕ ਬਰਾਬਰੀ ਅਤੇ ਪਿਤਾ-ਪੁਰਖੀ ਸੱਤਾ ਦੇ ਸ਼ੋਸ਼ਣ ਤੋਂ ਮੁਕਤੀ ਤੱਕ ਮਹਿਦੂਦ ਨਾ ਰਹਿ ਕੇ ਨਵੀਂ ਅਤੇ ਬਿਹਤਰ ਸਿਆਸੀ ਪ੍ਰਣਾਲੀ ਦੀ ਕਾਇਮੀ ਤੱਕ ਪਹੁੰਚ ਚੁੱਕਾ ਹੈ। ਇਸ ਨਾਲ ਔਰਤਾਂ ਦੀ ਸਿਆਸੀ ਸੂਝ-ਬੂਝ ਅਤੇ ਵਿਚਾਰਧਾਰਕ ਪਕਿਆਈ ਦਾ ਪ੍ਰਗਟਾਵਾ ਤਾਂ ਹੋਇਆ ਹੀ ਹੈ ਸਗੋਂ ਔਰਤਾਂ ਦੇ ਸਮਾਜਿਕ ਤੇ ਪਰਿਵਾਰਕ ਯੋਗਦਾਨ ਦੀ ਨਵੇਂ ਸਿਰਿਓਂ ਵਿਆਖਿਆ ਕਰਨ ਦਾ ਰਾਹ ਵੀ ਮੋਕਲਾ ਹੋਇਆ ਹੈ। ਔਰਤਾਂ ਸਿਆਸੀ ਕਾਰਕੁਨਾਂ ਵਜੋਂ ਸਿਆਸੀ ਮੋਰਚੇ ਤੇ ਮਨੁੱਖੀ ਚੇਤਨਾ ਦੀ ਨਵੀਂ ਬਿਸਾਤ ਵਿਛਾ ਚੁੱਕੀਆਂ ਹਨ। ਹੁਣ ਗੇਂਦ ਪਿਤਰ-ਸੱਤਾ, ਰਾਜਵਾੜਸ਼ਾਹੀ, ਨਵ-ਬੁਰਜੂਵਾਦੀ ਵਿਵਸਥਾ ਅਤੇ ਜੜ੍ਹ ਹੋ ਚੁੱਕੇ ਸਮਾਜਿਕ ਢਾਂਚਿਆਂ ਦੇ ਪਾਲੇ ਵਿਚ ਹੈ।

ਬਰਾਜ਼ੀਲ ਦੇ ਸੱਜੇ-ਪੱਖੀ ਰਾਸ਼ਟਰਪਤੀ ਜੇਅਰ ਬੋਲਸੋਨਾਰੋ ਖ਼ਿਲਾਫ਼ ਹੋਏ ਪ੍ਰਦਰਸ਼ਨਾਂ ਵਿਚ ਉਸ ਮੁਲਕ ਦੀਆਂ ਆਦਿਵਾਸੀ ਔਰਤਾਂ ਨੇ 'ਬਰਾਬਰ ਦੀ ਸਿੱਖਿਆ, ਬਰਾਬਰ ਦੀਆਂ ਸਿਹਤ ਸਹੂਲਤਾਂ' ਦੇ ਨਾਅਰੇ ਨੂੰ ਲੈ ਕੇ ਆਵਾਜ਼ ਬੁਲੰਦ ਕੀਤੀ। 43 ਸਾਲਾਂ ਦੀ ਤਰੇਸਾ ਕ੍ਰਿਸਤੀਨਾ ਬਰਾਜ਼ੀਲ ਦੇ ਇੱਕ ਅਖ਼ਬਾਰ ਨੂੰ ਦਿੱਤੀ ਇੰਟਰਵਿਊ ਵਿਚ ਆਖਦੀ ਹੈ, "ਸਾਨੂੰ ਲਾਵਾਰਿਸਾਂ ਵਾਂਗ ਮੁਲਕ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ। ਅਸੀਂ ਤਾਂ ਆਪਣੇ ਜਿਉਣ ਦੇ ਮੂਲ ਅਧਿਕਾਰ ਲਈ ਲੜ ਰਹੇ ਹਾਂ।"

ਇਸ ਮੁਲਕ ਦੇ ਰਾਸ਼ਟਰਪਤੀ ਦੀ ਪਿੱਠ ਉੱਤੇ ਐਮਾਜ਼ਨ ਦੇ ਜੰਗਲਾਂ ਦੀ ਬੇਸ਼ਕੀਮਤੀ ਜ਼ਮੀਨ ਅਤੇ ਕੁਦਰਤੀ ਸਾਧਨਾਂ ਦੀ ਹਵਸ ਵਿਚ ਬੈਠੇ ਕਾਰਪੋਰੇਟ ਘਰਾਣੇ ਹਨ। ਸਤੰਬਰ 2019 ਵਿਚ ਐਮਾਜ਼ਨ ਦੇ ਜੰਗਲਾਂ ਵਿਚ ਲੱਗੀ ਅੱਗ ਦੇ ਖ਼ਿਲਾਫ਼ ਆਦਿਵਾਸੀ ਔਰਤਾਂ ਅਤੇ ਮਰਦਾਂ ਨੇ ਜਿਸ ਤਰ੍ਹਾਂ ਉਥੋਂ ਦੀ ਬਨਸਪਤੀ ਅਤੇ ਬੇਜ਼ੁਬਾਨ ਪੰਛੀਆਂ-ਪਸ਼ੂਆਂ ਨੂੰ ਬਚਾਉਣ ਲਈ ਯਤਨ ਕੀਤੇ, ਉਹ ਆਪਣੀ ਮਿਸਾਲ ਆਪ ਹੈ। ਇਨ੍ਹਾਂ ਜੰਗਲਾਂ ਨੂੰ ਲੱਗੀ ਸਾਜ਼ਿਸ਼ੀ ਅੱਗ ਬਾਰੇ ਚੁੱਪ ਤੋੜਦਿਆ 30 ਵਰ੍ਹਿਆਂ ਦੀ ਸੋਨੀਆ ਆਖਦੀ ਹੈ, "ਜੇ ਤੁਸੀਂ ਇਨ੍ਹਾਂ ਜੰਗਲਾਂ ਤੇ ਵਰਖਾ ਲਈ ਪ੍ਰਸਿੱਧ ਖੇਤਰਾਂ ਨੂੰ ਇਸ ਤਰ੍ਹਾਂ ਅੱਗਾਂ ਵਿਚ ਝੋਕ ਦਿਓਗੇ ਤਾਂ ਨਾ ਸਿਰਫ਼ ਆਦਿਵਾਸੀਆਂ ਦਾ ਉਜਾੜਾ ਹੋਵੇਗਾ ਸਗੋਂ ਸਾਰੀ ਮਾਨਵਤਾ ਦੀ ਹੋਂਦ ਉਤੇ ਹੀ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਫਿਰ ਜਲਵਾਯੂ ਪਰਿਵਰਤਨ ਖ਼ਿਲਾਫ਼ ਸ਼ੁਰੂ ਕੀਤੀਆਂ ਲੜਾਈਆਂ ਵਿਚ ਹਾਰਨਾ ਤੇ ਮਰਨਾ ਤੈਅ ਹੈ।" ਬਰਾਜ਼ੀਲ ਦੇ ਆਦਿਵਾਸੀ ਕਬੀਲਿਆਂ ਵਿਚ ਪਹਿਲੇ ਵਕੀਲ ਬਣੇ ਜੋਇਆ ਵਾਪੀਚਤਾ ਨੇ ਬੀਬੀਸੀ ਨਾਲ ਇੰਟਰਵਿਊ ਦੌਰਾਨ ਇਨ੍ਹਾਂ ਸੰਘਰਸ਼ਾਂ ਦੀ ਜ਼ਰੂਰਤ ਬਾਰੇ ਦੱਸਿਆ, "ਆਦਿਵਾਸੀਆਂ ਖ਼ਿਲਾਫ਼ ਹੁੰਦੀ ਹਿੰਸਾ ਦੀ ਚੂਲ ਜ਼ਮੀਨ ਦੀ ਮਾਲਕੀ ਵਿਚ ਪਈ ਹੈ। ਉਨ੍ਹਾਂ ਸਬੰਧੀ ਵਿਤਕਰਿਆਂ ਅਤੇ ਅਣਦੇਖੀ ਦੇ ਨਾਲ ਨਾਲ ਉਨ੍ਹਾਂ ਦੀ ਮਾਲਕੀ ਦੇ ਹੱਕਾਂ ਨੂੰ ਸਿੱਧਾ ਹੀ ਰੱਦ ਕਰਨ ਦੀ ਨੀਤੀ ਉਦਯੋਗਿਕ ਘਰਾਣਿਆਂ ਨੂੰ ਹਿੰਸਾ ਕਰਨ ਲਈ ਉਕਸਾਉਂਦੀ ਹੈ। ਜ਼ਮੀਨ ਸੰਵਿਧਾਨ ਅਨੁਸਾਰ ਸਾਡੀ ਹੈ।"

ਹਾਂਗਕਾਂਗ ਵਿਚ ਦੋ ਵਰ੍ਹਿਆਂ ਤੋਂ ਜਮਹੂਰੀਅਤ ਦੇ ਹੱਕ ਵਿਚ ਕੱਢੇ ਜਾ ਰਹੇ ਨੇਤਾ-ਰਹਿਤ ਮਾਰਚਾਂ ਵਿਚ ਹਿੱਸਾ ਲੈ ਰਹੀ ਬੇਘਰ ਅਤੇ ਨੌਜਵਾਨ ਕੁੜੀ ਜਾਰਡਨ ਆਖਦੀ ਹੈ, "ਜੇਕਰ ਤੁਸੀਂ ਇਨਸਾਫ਼ ਲੈਣਾ ਹੈ ਤਾਂ ਲੜਨਾ ਤਾਂ ਪੈਣਾ ਹੀ ਪੈਣਾ।" ਉਹ ਕਹਿੰਦੀ ਹੈ, "ਮੈਂ ਸਾਰੀ ਉਮਰ ਕਮਜ਼ੋਰ ਜ਼ਰੂਰ ਰਹੀ ਹੋਵਾਂਗੀ ਪਰ ਕਾਇਰ ਨਹੀਂ ਹਾਂ। ਔਰਤਾਂ ਬਾਰੇ ਸਾਡੇ ਸਮਾਜ ਦੀ ਸੋਚ ਹੈ ਕਿ ਅਸੀਂ ਪੈਸੇ ਅਤੇ ਪਦਾਰਥਵਾਦੀ ਉਪਭੋਗ ਪਿੱਛੇ ਭੱਜਦੀਆਂ ਹਾਂ ਪਰ ਅਸੀਂ ਤਾਂ ਇਥੇ ਇਸ ਲਈ ਆ ਰਹੀਆਂ ਹਾਂ ਕਿ ਸਰਕਾਰ, ਪ੍ਰਸ਼ਾਸਨ ਤੇ ਪੁਲੀਸ ਆਪਣੀਆਂ ਜ਼ਿੰਮੇਵਾਰੀਆਂ ਤੈਅ ਕਰੇ ਅਤੇ ਨਾਗਰਿਕਾਂ ਉੱਤੇ ਹੋ ਰਿਹਾ ਦਮਨ ਤੁਰੰਤ ਬੰਦ ਕਰੇ।"

ਹਾਂਗਕਾਂਗ ਵਿਚ ਧਰਨੇ ਤੇ ਡਟੀਆਂ ਇਨ੍ਹਾਂ ਕੁੜੀਆਂ ਖ਼ਿਲਾਫ਼ ਦਮਨ ਦੇ ਅਨੇਕਾਂ ਰੂਪਾਂ ਵਿਚੋਂ ਇਕ ਰੂਪ ਆਨਲਾਈਨ ਗਾਲ੍ਹੀ-ਗਲੋਚ, ਅਗਵਾ ਜਾਂ ਬਲਾਤਕਾਰ ਕਰਨ ਜਾਂ ਕੱਟ-ਵੱਢ ਕੇ ਸੁੱਟ ਦੇਣ ਦੀਆਂ ਧਮਕੀਆਂ ਦੇਣਾ ਅਤੇ ਸਮਾਜਿਕ ਤੌਰ ਤੇ ਜ਼ਲੀਲ ਕਰਨ ਲਈ ਅਸ਼ਲੀਲਤਾ ਦੇ ਰੂਪ ਵਿਚ ਸਾਹਮਣੇ ਆਇਆ ਹੈ। 27 ਵਰ੍ਹਿਆਂ ਦੀ ਇਕ ਕੁੜੀ ਕਹਿੰਦੀ, "ਪੁਲੀਸ ਜਾਣਬੁੱਝ ਕੇ ਕਾਲਜਾਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ।" 29 ਨਵੰਬਰ ਤੱਕ ਪੁਲੀਸ ਅਜਿਹੇ 5890 ਨੌਜਵਾਨ ਮੁੰਡੇ ਕੁੜੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਇਨ੍ਹਾਂ ਵਿਚ ਧਰਨਿਆਂ ਅਤੇ ਪ੍ਰਦਰਸ਼ਨਾਂ ਬਾਰੇ ਖ਼ਬਰਾਂ ਬਣਾਉਣ ਵਿਚ ਰੁੱਝੀਆਂ ਕੁੜੀਆਂ ਵੀ ਸ਼ਾਮਲ ਹਨ। ਇਸ ਸਾਰੇ ਵਿਰੋਧ ਦੌਰਾਨ ਇਕ ਡਿਟੈਂਨਸ਼ਨ ਕੈਂਪ ਵਿਚ ਜਿਨਸੀ ਹਮਲੇ ਦਾ ਸ਼ਿਕਾਰ ਹੋਈ ਐੈਸ ਨੇਗ ਆਖਦੀ ਹੈ, "ਸਾਨੂੰ ਬਹੁਤ ਸਾਰੇ ਸ਼ੁਭਚਿੰਤਕ ਸਲਾਹਾਂ ਦਿੰਦੇ ਹਨ ਕਿ ਤੁਸੀਂ ਪਿੱਛੇ ਹੋ ਕੇ ਲੜੋ, ਮੂਹਰਲੀਆਂ ਕਤਾਰਾਂ ਵਿਚ ਨਾ ਖੜ੍ਹੋ, ਕਿਉਂਕਿ ਪੁਲੀਸ ਵਾਲੇ ਤੁਹਾਡੇ ਸਰੀਰਾਂ ਨੂੰ ਗਲਤ ਢੰਗਾਂ ਨਾਲ ਛੂਹ ਕੇ ਤੁਹਾਨੂੰ ਔਰਤ ਵਜੋਂ ਨੀਵਾਂ ਦਿਖਾਉਣਾ ਚਾਹੁੰਦੇ ਹਨ ਪਰ ਅਸੀਂ ਇਨਸਾਨਾਂ ਦੇ ਤੌਰ ਤੇ ਪਹਿਲੀ ਲਾਈਨ ਵਿਚ ਹੀ ਖੜ੍ਹਨਾ ਹੈ। ਪੁਲੀਸ ਹਰ ਤਰ੍ਹਾਂ ਨਾਲ, ਹਰ ਤਰੀਕੇ ਨਾਲ ਸਾਨੂੰ ਕੁੱਟਦੀ-ਮਾਰਦੀ ਤੇ ਜ਼ਲੀਲ ਕਰਦੀ ਹੈ ਪਰ ਇਸ ਸੰਘਰਸ਼ ਨੂੰ ਮਨੁੱਖਾਂ ਦੇ ਲਹੂ ਦੀ ਜ਼ਰੂਰਤ ਹੈ। ਹਾਂਗਕਾਂਗ ਸਾਡਾ ਘਰ ਹੈ ਤੇ ਇਥੋਂ ਸਾਨੂੰ ਕੋਈ ਨਹੀਂ ਹਿਲਾ ਸਕਦਾ। ਮੈਨੂੰ ਮੇਰੇ ਲੋਕਾਂ ਤੇ ਉਮੀਦ ਹੈ।" ਨੇਗ ਨੇ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਬਾਰੇ 'ਚੁੱਪ ਧਾਰਨ' ਦੀ ਥਾਂ ਚੀਕ ਚੀਕ ਕੇ ਜਿੱਥੇ ਵੀ ਮੌਕਾ ਮਿਲਿਆ ਹੈ, ਬਿਆਨ ਕੀਤਾ ਹੈ। ਉਹ ਕਹਿੰਦੀ, "ਮੈਨੂੰ ਕੋਈ ਪਛਤਾਵਾ ਨਹੀਂ ਹੈ। ਮੈਂ ਕਿਉਂ ਸ਼ਰਮਿੰਦਾ ਹੋਵਾਂ?"




ਭਾਰਤ ਵਿਚ ਸ਼ਾਹੀਨ ਬਾਗ (ਨਵੀਂ ਦਿੱਲੀ) ਵਿਚ ਲਗਾਤਾਰ ਜਾਰੀ ਧਰਨੇ ਅਤੇ ਪ੍ਰਦਰਸ਼ਨ ਖ਼ਿਲਾਫ਼ ਸਰਕਾਰੀ ਪ੍ਰਚਾਰ-ਤੰਤਰ ਦੁਆਰਾ ਫੈਲਾਏ ਝੂਠਾਂ, ਅਫਵਾਹਾਂ ਅਤੇ ਦਹਿਸ਼ਤ ਨੇ ਇਸ ਬਾਗ਼ ਨੂੰ ਇਤਿਹਾਸਕ ਦਰਜਾ ਦੇ ਦਿੱਤਾ ਹੈ। ਦਾਦੀਆਂ-ਨਾਨੀਆਂ ਦੇ ਧਰਨੇ ਨਾਲ ਮਸ਼ਹੂਰ ਇਸ ਬਾਗ਼ ਵਾਲੇ ਪ੍ਰਦਰਸ਼ਨ ਨੇ ਇਹ ਰਵਾਇਤੀ ਮਿਥਾਂ ਵੀ ਤੋੜ ਸੁੱਟੀਆਂ ਹਨ ਕਿ ਆਪਣੀ ਹੋਂਦ ਦੀ ਲੜਾਈ ਲੜਨ ਅਤੇ ਆਧੁਨਿਕ ਵਿਕਾਸ ਵਿਚ ਮਰਦਾਂ ਦੀ ਬਰਾਬਰੀ ਲਈ ਸਿੱਖਿਆ, ਉੱਚ ਯੋਗਤਾ ਪ੍ਰਾਪਤ ਆਧੁਨਿਕ ਕੰਮ-ਕਾਜ ਜਾਂ ਨੌਕਰੀ ਦੀ ਜ਼ਰੂਰਤ ਹੈ, ਤੇ ਮੁਢਲੀ ਸ਼ਰਤ ਹੈ।

ਇਨ੍ਹਾਂ ਔਰਤਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਿਆਸੀ ਸਮਝ ਅਤੇ ਆਧੁਨਿਕ ਸਿੱਖਿਆ ਦਾ ਆਪਸੀ ਰਿਸ਼ਤਾ ਨਵਿਆਉਣ ਦੀ ਤੁਰੰਤ ਜ਼ਰੂਰਤ ਹੈ। ਇਸ ਪ੍ਰਦਰਸ਼ਨ ਨੇ ਆਧੁਨਿਕ ਸੱਤਿਆਗ੍ਰਹਿ ਦੀ ਨਵੀਂ ਮਿਸਾਲ ਘੜੀ ਹੈ। ਮੋਦੀ ਸਰਕਾਰ ਜਿੱਥੇ ਇਸ ਪ੍ਰਦਰਸ਼ਨ ਦੇ ਸਮਰਥਨ ਵਿਚ ਮੁਸਲਮਾਨਾਂ, ਦਲਿਤਾਂ, ਸਿੱਖਾਂ, ਈਸਾਈਆਂ ਅਤੇ ਬੋਧੀਆਂ ਦੇ ਖੜ੍ਹਨ ਤੋਂ ਭੈਭੀਤ ਸੀ, ਉਥੇ ਔਰਤਾਂ ਦੁਆਰਾ ਪੁਰ-ਅਮਨ, ਕਿਤਾਬਾਂ ਪੜ੍ਹਨ ਤੇ ਲਿਖਣ, ਸਾਂਝ, ਰਵਾਇਤੀ ਲੰਗਰ ਲਾਉਣ ਅਤੇ ਭਾਰਤੀ ਸੰਵਿਧਾਨ ਤੇ ਤਿਰੰਗੇ ਨਾਲ ਖ਼ੁਦ ਨੂੰ ਪ੍ਰੀਭਾਸ਼ਿਤ ਕਰਨ ਨੇ ਭਾਰਤੀ ਮੀਡੀਆ ਤੇ ਸੁਰੱਖਿਆ ਏਜੰਸੀਆਂ ਦੇ ਢੰਗ-ਤਰੀਕਿਆਂ ਉੱਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ।

ਅਸਲ ਵਿਚ ਸਰਕਾਰ ਅਤੇ ਉਸ ਦੇ ਵਿਭਾਗਾਂ ਨੂੰ ਸਮਝ ਹੀ ਨਹੀਂ ਆ ਰਹੀ ਕਿ ਇਸ ਅਹਿੰਸਕ, ਮੋਹ, ਨਿੱਘ ਅਤੇ ਜਮਹੂਰੀਅਤ ਨਾਲ ਭਰੇ ਪ੍ਰਦਰਸ਼ਨ ਨਾਲ ਕਿਵੇਂ ਨਜਿੱਠੇ? ਇਸ ਦੇ ਨਾਲ ਨਾਲ ਇਹ ਵੀ ਸਾਫ਼ ਹੋ ਗਿਆ ਹੈ ਕਿ ਔਰਤਾਂ ਸੱਭਿਅਤਾ ਅਤੇ ਸਮਾਜਿਕ ਸੂਝ ਦੇ ਬੇਸ਼ਕੀਮਤੀ ਨਵੇਂ ਪੰਨੇ ਨਾ ਸਿਰਫ਼ ਪੜ੍ਹ ਰਹੀਆਂ ਹਨ, ਬਲਕਿ ਉਨ੍ਹਾਂ ਨੇ ਨਫ਼ਰਤ, ਸਮਾਜਿਕ ਗ਼ੈਰ-ਬਰਾਬਰੀ ਅਤੇ ਸਿਆਸੀ ਫਾਸ਼ੀਵਾਦ ਖ਼ਿਲਾਫ਼ ਲੰਮੀ ਜੰਗ ਛੇੜ ਲਈ ਹੈ। ਇਸ ਵਕਤ ਔਰਤਾਂ ਸੰਸਾਰ ਭਰ ਵਿਚ ਸਿਆਸੀ ਮੋਰਚਿਆਂ ਉਪਰ ਡਟੀਆਂ ਹੋਈਆਂ ਹਨ। ਉਨ੍ਹਾਂ ਤੋਂ ਮਰਦਾਂ ਨੂੰ ਵੀ ਬਹੁਤ ਕੁਝ ਸਿੱਖਣ ਦੀ ਜ਼ਰੂਰਤ ਹੈ। ਸ਼ਾਇਦ ਔਰਤਾਂ ਆਪਣੇ ਦੁੱਖਾਂ-ਦਰਦਾਂ ਦੇ ਨਾਲ ਨਾਲ ਮਾਨਵਤਾ ਦੇ ਭਲੇ ਲਈ ਢੁਕਵੇਂ ਹੱਲ ਵੀ ਜ਼ਿਆਦਾ ਤਰਕ ਅਤੇ ਇਨਸਾਫ਼ ਆਧਾਰਿਤ ਕੱਢ ਸਕਦੀਆਂ ਹਨ।

## ਮੈਟਰੀਮੋਨੀਅਲ

### ਲੜਕੀ ਦੀ ਲੋੜ

ਅਰੋੜਾ ਗੁਰਸਿੱਖ ਜਿਸ ਦੀ 25 ਸਾਲ ਉਮਰ ਹੈ ਤੇ 6 ਫੁੱਟ ਕੱਦ ਤੇ ਸੋਹਣਾ ਸੁਨੱਖਾ ਸੈਕਿੰਡ ਈਅਰ ਨੌਨ ਮੈਡੀਕਲ ਸੀ. ਬੀ. ਐਸ. ਈ., ਦੋ ਸਾਲਾ ਤੇ ਡਿਪਲੋਮਾ ਕੰਪਿਊਟਰ ਨੈਟਵਰਕ ਜੋ ਜੌਰਜੀਅਨ ਕਾਲਜ ਕੈਨੇਡਾ ਤੋਂ ਕੀਤੀ ਹੈ। ਟਰੱਕਿੰਗ ਕੰਪਨੀ ਦਾ ਮਾਲਕ ਹੈ, ਲਈ ਅਮਰੀਕਾ ਵਿਚ ਸਿਟੀਜ਼ਨ ਲੜਕੀ ਦੀ ਲੋੜ ਹੈ, ਲੜਕਾ ਕੈਨੇਡਾ ਵਿਚ ਪੱਕਾ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ: 650-630-8588

### ਲੜਕੇ ਦੀ ਲੋੜ

ਅਰੋੜਾ ਗੁਰਸਿੱਖ ਲੜਕੀ ਜੋ ਗਰਾਫਿਕ ਡਿਜ਼ਾਇਨਰ ਹੈ ਤੇ 26 ਸਾਲ ਦੀ ਤੇ ਚੰਡੀਗੜ੍ਹ ਵਿਖੇ ਇਕ ਵੱਡੀ ਕੰਪਨੀ 'ਚ ਕੰਮ ਕਰਦੀ ਹੈ, ਉਚੀ ਲੰਮੀ ਤੇ ਸੁਨੱਖੀ ਲੜਕੀ ਲਈ ਅਮਰੀਕਾ ਵਿਚ ਸਿਟੀਜ਼ਨ ਲੜਕੇ ਦੀ ਲੋੜ ਹੈ। ਜਾਣਕਾਰੀ ਲਈ ਫੋਨ ਕਰੋ: 650-630-8588

### ਲੜਕੀ ਦੀ ਲੋੜ

34 ਸਾਲਾ ਸਿੱਖ ਤਲਾਕਸ਼ੁਦਾ, ਜਿਸਨੇ ਮਾਸਟਰ ਡਿਗਰੀ ਆਈ. ਟੀ. ਇੰਡਸਟਰੀ 'ਚ ਕੀਤੀ ਹੋਈ ਹੈ ਜੋ ਵਿਸਕਾਂਸਿਨ ਰਾਜ ਵਿਚ ਆਈ. ਟੀ. ਦੀ ਨੌਕਰੀ ਕਰਦਾ ਹੈ, ਲਈ ਤਲਾਕਸ਼ੁਦਾ ਜਾਂ ਜੋ ਵੀ ਚੰਗਾ ਸਮਝਦੇ ਹੋਣ ਗੱਲਬਾਤ ਕਰ ਸਕਦੇ ਹਨ। ਲੜਕੀ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਹੋਰ ਜਾਣਕਾਰੀ ਲਈ ਗੁਰਮੀਤ ਸਿੰਘ ਹੁਰਾਂ ਨਾਲ 99881-33331 'ਤੇ ਗੱਲਬਾਤ ਕਰ ਸਕਦੇ ਹੋ।

### ਲੜਕੇ ਦੀ ਲੋੜ

A tall professional suitable match (preferably doctor, lawyer or businessman) for a 29 year old Canadian born beautiful Grewal girl, over 5' 7" tall, only child, dual citizen, conversant with both cultures, kind hearted, animal lover, own house, post graduate, lawyer with Federal Government in Florida. Please contact via email: LawErGapPiL@gmail.com


FAIRWAY AUTO CENTER

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ

ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ



Gurdial Aujla

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Darshan Aujla
510-750-6116

1421 Industrial Parkway West #C
Hayward, CA 94644

510-538-2983

Email:-
fairwayautocenter@hotmail.com

# ਮਾਈ ਲਾਰਡਸ਼ਿਪ, ਏਦਾਂ ਚੰਗੇ ਨਹੀ ਲੱਗੀਦਾ!



ਸਵਰਾਜਬੀਰ

ਇਕ-ਦੋ ਦਿਨ ਪਹਿਲਾਂ ਦਿੱਲੀ ਹਾਈ ਕੋਰਟ ਤੋਂ ਬਦਲ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਆਏ ਜੱਜ ਜਸਟਿਸ ਐੱਸ ਮੁਰਲੀਧਰ ਨੇ ਵਕੀਲਾਂ ਨੂੰ ਹਦਾਇਤ ਕੀਤੀ ਹੈ ਕਿ ਉਨ੍ਹਾਂ ਨੂੰ 'ਮਾਈ ਲਾਰਡਸ਼ਿਪ' ਕਹਿ ਕੇ ਸੰਬੋਧਿਤ ਨਾ ਕੀਤਾ ਜਾਏ। 2006 ਵਿਚ ਬਾਰ ਕੌਂਸਲ ਆਫ਼ ਇੰਡੀਆ ਨੇ ਵੀ ਮਤਾ ਪਾਸ ਕੀਤਾ ਸੀ ਕਿ ਵਕੀਲਾਂ ਨੂੰ ਮਾਣਯੋਗ ਜੱਜਾਂ ਨੂੰ 'ਸਰ' ਜਾਂ 'ਯੂਅਰ ਆਨਰਸ਼ਿਪ' ਕਹਿ ਕੇ ਬੁਲਾਉਣਾ ਚਾਹੀਦਾ ਹੈ। ਅਜਿਹੀਆਂ ਹਦਾਇਤਾਂ/ਮਤਿਆਂ ਪਿੱਛੇ ਇਹ ਭਾਵਨਾ ਛੁਪੀ ਹੋਈ ਹੈ ਕਿ 'ਮਾਈ ਲਾਰਡਸ਼ਿਪ' ਦਾ ਸੰਬੋਧਨ ਬਸਤੀਵਾਦੀ ਨਿਜ਼ਾਮ ਦੀ ਦੇਣ ਹੈ। ਜਸਟਿਸ ਮੁਰਲੀਧਰ ਦੇ ਇਸ ਆਦੇਸ਼ ਦਾ ਸਵਾਗਤ ਕਰਦਿਆਂ ਪੰਜਾਬ ਅਤੇ ਹਰਿਆਣਾ ਦੇ ਸੀਨੀਅਰ ਵਕੀਲਾਂ ਅਨੁਸਾਰ ਇਹ ਆਦੇਸ਼ ਜਸਟਿਸ ਮੁਰਲੀਧਰ ਦੀ ਨਿਮਰਤਾ ਦਰਸਾਉਂਦਾ ਹੈ। ਜਸਟਿਸ ਮੁਰਲੀਧਰ ਨੇ ਦਿੱਲੀ ਹਾਈ ਕੋਰਟ ਵਿਚ ਕੰਮ ਕਰਦਿਆਂ ਕੁਝ ਅਜਿਹੇ ਫ਼ੈਸਲੇ ਕੀਤੇ ਸਨ ਜਿਨ੍ਹਾਂ ਨੂੰ ਸਰਕਾਰ ਦੇ ਹੱਕ ਵਿਚ ਨਹੀਂ ਮੰਨਿਆ ਜਾਂਦਾ। 26 ਫਰਵਰੀ ਨੂੰ ਸਮਾਜਿਕ ਕਾਰਕੁਨ ਹਰਸ਼ ਮੰਦਰ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਮੁਰਲੀਧਰ ਨੇ ਦਿੱਲੀ ਸਰਕਾਰ ਅਤੇ ਦਿੱਲੀ ਪੁਲੀਸ ਦੁਆਰਾ ਪਿਛਲੇ ਦਿਨੀਂ ਹੋਈ ਹਿੰਸਾ ਦੇ ਦੌਰਾਨ ਉਚਿਤ ਕਾਰਵਾਈ ਨਾ ਕਰਨ ਸਬੰਧੀ ਆਪਣੀ ਨਾਖੁਸ਼ੀ ਜ਼ਾਹਿਰ ਕੀਤੀ ਸੀ। ਹਰਸ਼ ਮੰਦਰ ਦੀ ਪਟੀਸ਼ਨ ਕੇਂਦਰੀ ਰਾਜ ਵਿੱਤ ਮੰਤਰੀ ਅਨੁਰਾਗ ਠਾਕੁਰ ਦੇ ਬਿਆਨ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ... ਕੋ', ਸੰਸਦ ਮੈਂਬਰ ਪ੍ਰਵੇਸ਼ ਸਾਹਿਬ ਸਿੰਘ ਵਰਮਾ ਅਤੇ ਸਥਾਨਕ ਆਗੂ ਕਪਿਲ ਮਿਸ਼ਰਾ ਦੇ ਭੜਕਾਊ ਬਿਆਨਾਂ ਬਾਰੇ ਦਿੱਲੀ ਪੁਲੀਸ ਦੁਆਰਾ ਕੋਈ ਕਾਰਵਾਈ ਨਾ ਕਰਨ 'ਤੇ ਕੇਂਦਰਿਤ ਸੀ। ਜਸਟਿਸ ਐੱਸ ਮੁਰਲੀਧਰ ਅਤੇ ਜਸਟਿਸ ਤਲਵੰਤ ਸਿੰਘ 'ਤੇ ਆਧਾਰਿਤ ਬੈਂਚ ਨੇ ਦਿੱਲੀ ਸਰਕਾਰ ਅਤੇ ਦਿੱਲੀ ਪੁਲੀਸ ਨੂੰ ਤੁਰੰਤ ਇਨ੍ਹਾਂ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਸੀ ਅਤੇ ਜ਼ੁਬਾਨੀ ਤੌਰ 'ਤੇ ਕਾਰਵਾਈ 24 ਘੰਟਿਆਂ ਦੇ ਅੰਦਰ ਅੰਦਰ ਮੁਕੰਮਲ ਕਰਨ ਦੀ ਹਦਾਇਤ ਦਿੱਤੀ ਸੀ। ਉਸੇ ਰਾਤ 11 ਵਜੇ ਕੇਂਦਰੀ ਸਰਕਾਰ ਨੇ ਜਸਟਿਸ ਮੁਰਲੀਧਰ ਦੇ ਤਬਾਦਲੇ ਦੇ ਹੁਕਮ ਜਾਰੀ ਕਰ ਦਿੱਤੇ ਸਨ। ਸਰਕਾਰ ਏਨੀ ਫੁਰਤੀ ਨਾਲ ਕੰਮ ਕਰ ਸਕਦੀ ਹੈ।

ਸਰਕਾਰ ਕਈ ਹੋਰ ਕੰਮ ਵੀ ਬਹੁਤ ਤੇਜ਼ੀ ਨਾਲ ਕਰਦੀ ਹੈ। ਇਕ ਦਿਨ ਪਹਿਲਾਂ, ਇਸੇ ਸੋਮਵਾਰ ਦੇਸ਼ ਦੇ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਹੈ। ਇਹ ਨਿਯੁਕਤੀ ਉਨ੍ਹਾਂ ਦੀ 17 ਨਵੰਬਰ 2019 ਨੂੰ ਹੋਈ ਸੇਵਾਮੁਕਤੀ ਦੇ ਲਗਭਗ 4 ਮਹੀਨਿਆਂ ਬਾਅਦ ਕੀਤੀ ਗਈ ਹੈ। ਇਸ ਨਾਮਜ਼ਦਗੀ ਬਾਰੇ ਟਿੱਪਣੀ ਕਰਦਿਆਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਮਦਨ ਬੀ ਲੋਕੁਰ ਨੇ ਕਿਹਾ ਹੈ, ''ਪੇਸ਼ੀਨਗੋਈਆਂ ਤਾਂ ਹੋ ਰਹੀਆਂ ਸਨ ਕਿ ਜਸਟਿਸ ਗੋਗੋਈ ਨੂੰ ਕਿਹੜੇ ਰੁਤਬੇ ਨਾਲ ਨਿਵਾਜਿਆ ਜਾਏਗਾ। ਇਸ ਤਰ੍ਹਾਂ ਇਹ ਨਾਮਜ਼ਦਗੀ ਹੈਰਾਨ ਕਰਨ ਵਾਲੀ ਨਹੀਂ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਹ ਏਨੀ ਜਲਦੀ ਕਰ ਦਿੱਤੀ ਗਈ। ਇਹ ਨਿਆਂਪਾਲਿਕਾ ਦੀ ਆਜ਼ਾਦੀ, ਨਿਰਪੱਖਤਾ ਅਤੇ ਅਖੰਡਤਾ ਨੂੰ ਮੁੜ ਪਰਿਭਾਸ਼ਿਤ ਕਰਨ ਵਾਂਗ ਹੈ। ਕੀ ਆਖ਼ਰੀ ਸਫ਼ ਹਾਰ ਗਈ ਹੈ?'' ਸੁਪਰੀਮ ਕੋਰਟ ਦੇ ਇਕ ਹੋਰ ਸਾਬਕਾ ਜੱਜ ਜਸਟਿਸ ਕੁਰੀਅਨ ਜੋਸਫ਼ ਅਨੁਸਾਰ ਜਸਟਿਸ ਗੋਗੋਈ ਦੁਆਰਾ ਇਹ ਨਾਮਜ਼ਦਗੀ ਸਵੀਕਾਰ ਕੀਤੇ ਜਾਣ ਨਾਲ ਆਮ ਆਦਮੀ ਦਾ ਨਿਆਂਪਾਲਿਕਾ ਦੀ ਨਿਰਪੱਖਤਾ 'ਚੋਂ ਵਿਸ਼ਵਾਸ ਡੋਲਿਆ ਹੈ।

12 ਜਨਵਰੀ 2018 ਨੂੰ ਜਸਟਿਸ ਰੰਜਨ ਗੋਗੋਈ, ਜਸਟਿਸ ਮਦਨ ਬੀ ਲੋਕੁਰ, ਜਸਟਿਸ ਜੇ ਚੇਲਮੇਸ਼ਵਰ ਅਤੇ ਜਸਟਿਸ ਕੁਰੀਅਨ ਜੋਸਫ਼, ਜਿਹੜੇ ਉਸ ਵੇਲੇ ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ 4 ਜੱਜ ਸਨ, ਨੇ ਪ੍ਰੈਸ ਕਾਨਫਰੰਸ ਕਰਕੇ ਸਾਰੇ ਲੋਕਾਂ ਨੂੰ ਹੈਰਾਨੀ ਵਿਚ ਪਾ ਦਿੱਤਾ ਸੀ। ਉਸ ਪ੍ਰੈਸ ਕਾਨਫਰੰਸ ਵਿਚ ਇਨ੍ਹਾਂ ਜੱਜਾਂ ਨੇ ਉਸ ਵੇਲ਼ੇ ਦੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ ਦੇ ਕੰਮ-ਕਾਰ ਕਰਨ ਦੇ ਤਰੀਕੇ ਉੱਤੇ ਸਵਾਲ ਉਠਾਉਂਦਿਆਂ ਕਿਹਾ ਸੀ ਕਿ ਕਈ ਗੰਭੀਰ ਕਿਸਮ ਦੇ ਕੇਸ ਸੁਪਰੀਮ ਕੋਰਟ ਦੇ ਸੀਨੀਅਰ ਜੱਜਾਂ ਨੂੰ ਨਾ ਭੇਜ ਕੇ ਖ਼ਾਸ ਤਰ੍ਹਾਂ ਦੇ ਬੈਂਚਾਂ ਨੂੰ ਭੇਜੇ ਜਾ ਰਹੇ ਸਨ। ਜਸਟਿਸ ਚੇਲਮੇਸ਼ਵਰ ਨੇ ਕਿਹਾ ਸੀ, ''ਇਹ ਇਸ ਦੇਸ਼ ਦੇ ਇਤਿਹਾਸ ਵਿਚ ਇਕ ਬਹੁਤ ਖ਼ਾਸ ਘਟਨਾ ਹੈ। ਅਸੀਂ ਇਹ ਪ੍ਰੈਸ ਕਾਨਫਰੰਸ ਕਰਨ ਲਈ ਮਜਬੂਰ ਹੋਏ ਹਾਂ। ਸੁਪਰੀਮ ਕੋਰਟ ਵਿਚ ਕੀਤੀ ਜਾ ਰਹੀ ਪ੍ਰਸ਼ਾਸਕੀ ਕਾਰਵਾਈ ਠੀਕ ਨਹੀਂ ਹੈ ਅਤੇ ਪਿਛਲੇ ਮਹੀਨਿਆਂ ਵਿਚ ਕੁਝ ਅਜਿਹੀਆਂ ਘਟਨਾਵਾਂ ਹੋਈਆਂ ਜੋ ਨਹੀਂ ਸਨ ਹੋਣੀਆਂ ਚਾਹੀਦੀਆਂ।'' ਜਸਟਿਸ ਚੇਲਮੇਸ਼ਵਰ ਨੇ ਇਹ ਵੀ ਕਿਹਾ ਸੀ ਕਿ ਜੇ ਇਸ ਸੰਸਥਾ ਭਾਵ ਸੁਪਰੀਮ ਕੋਰਟ ਦੀ ਮਰਿਆਦਾ ਨੂੰ ਨਾ ਬਚਾਇਆ ਗਿਆ ਤਾਂ ਜਮਹੂਰੀਅਤ ਨੂੰ ਬਚਾਉਣਾ ਮੁਸ਼ਕਲ ਹੋਵੇਗਾ। ਉਸੇ ਪ੍ਰੈਸ ਕਾਨਫਰੰਸ ਵਿਚ



ਜਸਟਿਸ ਗੋਗੋਈ ਨੇ ਕਿਹਾ ਕਿ ਉਹ ਮਰਿਆਦਾ ਦੀ ਉਲੰਘਣਾ ਨਹੀਂ ਕਰ ਰਹੇ ਸਗੋਂ ਦੇਸ਼ ਦੁਆਰਾ ਉਨ੍ਹਾਂ ਨੂੰ ਦਿੱਤਾ ਗਿਆ ਕਰਜ਼ ਮੋੜ ਰਹੇ ਹਨ। ਜਦ ਕੁਝ ਪੱਤਰਕਾਰਾਂ ਨੇ ਜਸਟਿਸ ਗੋਗੋਈ ਨੂੰ ਪੁੱਛਿਆ ਕਿ ਕੀ ਇਨ੍ਹਾਂ ਵਿਚ ਇਕ ਮੁੱਦਾ ਜਸਟਿਸ ਬੀਐੱਚ ਲੋਯਾ ਦੇ ਕੇਸ (ਜਿਨ੍ਹਾਂ ਦੀ ਮੌਤ ਸ਼ੱਕੀ ਹਾਲਾਤ ਵਿਚ ਹੋਈ ਸੀ) ਬਾਰੇ ਵੀ ਹੈ ਤਾਂ ਜਸਟਿਸ ਗੋਗੋਈ ਨੇ ਜਵਾਬ ਦਿੱਤਾ ਸੀ ਕਿ ''ਹਾਂ, ਕੇਸ ਕਿਸੇ ਬੈਂਚ ਨੂੰ ਦੇਣ ਬਾਰੇ ਮੁੱਦਾ ਵੀ ਹੈ।'' ਜਦ ਪੱਤਰਕਾਰਾਂ ਨੇ ਲੋਯਾ ਵਾਲੇ ਕੇਸ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਕਿ ਕੀ ਇਹ ਮੁੱਦਾ ਉਸ ਕੇਸ ਬਾਰੇ ਹੈ ਤਾਂ ਜਸਟਿਸ ਗੋਗੋਈ ਨੇ ਕਿਹਾ ਸੀ, 'ਹਾਂ' (Yes). 12 ਜਨਵਰੀ 2018 ਵਾਲੇ ਦਿਨ ਜਸਟਿਸ ਗੋਗੋਈ ਦੇਸ਼ ਦੀਆਂ ਜਮਹੂਰੀਅਤ-ਪਸੰਦ ਤਾਕਤਾਂ ਦੇ ਨਾਇਕ ਬਣ ਗਏ ਸਨ। ਲੋਕਾਂ ਨੂੰ ਇਉਂ ਲੱਗਾ ਸੀ ਕਿ ਦੇਸ਼ ਦੀ ਸੁਪਰੀਮ ਕੋਰਟ ਦੇ ਜੱਜਾਂ ਵਿਚ ਜਮਹੂਰੀਅਤ ਨੂੰ ਬਚਾਉਣ ਦੇ ਸੱਚੇ ਜਜ਼ਬੇ ਨੇ ਉਨ੍ਹਾਂ ਨੂੰ ਇਹ ਪ੍ਰੈਸ ਕਾਨਫਰੰਸ ਕਰਨ ਲਈ ਮਜਬੂਰ ਕੀਤਾ ਸੀ। ਲੋਕਾਂ ਨੂੰ ਇਹ ਵੀ ਮਹਿਸੂਸ ਹੋਇਆ ਸੀ ਕਿ ਇਸ ਦੇਸ਼ ਵਿਚ ਉੱਚੀਆਂ ਪਦਵੀਆਂ 'ਤੇ ਮੌਜੂਦ ਕੁਝ ਵਿਅਕਤੀ ਜਮਹੂਰੀਅਤ, ਸੱਚਾਈ ਅਤੇ ਮਨੁੱਖਤਾ ਦੇ ਹੱਕ ਵਿਚ ਲੜਨ ਲਈ ਤਿਆਰ ਹਨ। ਜਸਟਿਸ ਗੋਗੋਈ ਨੂੰ ਇਸ ਲਈ ਵੱਡਾ ਨਾਇਕ ਮੰਨਿਆ ਜਾ ਰਿਹਾ ਸੀ ਕਿਉਂਕਿ ਉਹ ਉਸ ਵੇਲ਼ੇ ਸੁਪਰੀਮ ਕੋਰਟ ਦੇ ਦੂਜੇ ਨੰਬਰ ਦੇ ਸੀਨੀਅਰ ਜੱਜ ਸਨ ਅਤੇ ਉਨ੍ਹਾਂ ਨੇ ਅਗਲੇ ਚੀਫ਼ ਜਸਟਿਸ ਬਣਨਾ ਸੀ। ਲੋਕਾਂ ਦੇ ਮਨ ਵਿਚ ਉਨ੍ਹਾਂ ਦੀ ਇੱਜ਼ਤ ਬਹੁਤ ਵਧ ਗਈ ਸੀ ਕਿ ਉਨ੍ਹਾਂ ਨੇ ਇਸ ਗੱਲ ਦਾ ਖ਼ਤਰਾ ਮੁੱਲ ਲਿਆ ਕਿਉਂਕਿ ਅਜਿਹੀ ਪ੍ਰੈਸ ਕਾਨਫਰੰਸ ਕਰਨ ਨਾਲ ਖ਼ਦਸ਼ੇ ਪੈਦਾ ਹੋ ਗਏ ਸਨ ਕਿ ਸ਼ਾਇਦ ਸਰਕਾਰ ਉਨ੍ਹਾਂ ਨੂੰ ਅਗਲਾ ਚੀਫ਼ ਜਸਟਿਸ ਨਾ ਬਣਾਏ।

ਜਸਟਿਸ ਰੰਜਨ ਗੋਗੋਈ 3 ਅਕਤੂਬਰ 2018 ਨੂੰ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬਣੇ। ਉਨ੍ਹਾਂ ਦੀ ਅਗਵਾਈ ਵਿਚ ਹੋਏ ਫ਼ੈਸਲੇ ਸਾਡੇ ਇਤਿਹਾਸ ਦਾ ਹਿੱਸਾ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਫ਼ੈਸਲਾ ਬਾਬਰੀ ਮਸਜਿਦ ਵਾਲੀ ਥਾਂ 'ਤੇ ਰਾਮ ਮੰਦਰ ਬਣਾਉਣ ਦਾ ਸੀ। ਇਸ ਫ਼ੈਸਲੇ ਵਿਚ ਬਾਕੀ ਦੇ ਵੀ 4 ਜੱਜ ਜਸਟਿਸ ਗੋਗੋਈ ਨਾਲ ਸਹਿਮਤ ਸਨ ਕਿ ਝਗੜੇ ਵਾਲੀ ਥਾਂ 'ਤੇ ਮੰਦਰ ਬਣਾਇਆ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਹ ਤਾਂ ਮੰਨਿਆ ਕਿ 1948 ਵਿਚ ਝਗੜੇ ਵਾਲੀ ਇਮਾਰਤ ਵਿਚ ਮੂਰਤੀਆਂ ਰੱਖਣ ਅਤੇ 1992 ਵਿਚ ਬਾਬਰੀ ਮਸਜਿਦ ਨੂੰ ਢਾਹੁਣ ਵਾਲੀਆਂ ਕਾਰਵਾਈਆਂ ਗ਼ੈਰ-ਕਾਨੂੰਨੀ ਸਨ ਪਰ ਲੋਕ ਇਸ ਗੱਲ 'ਤੇ ਹੈਰਾਨ ਹੋਏ ਸਨ ਕਿ ਅਖ਼ੀਰ ਵਿਚ ਫ਼ੈਸਲਾ ਉਨ੍ਹਾਂ ਲੋਕਾਂ ਦੇ ਹੱਕ ਵਿਚ ਦਿੱਤਾ ਗਿਆ ਜਿਨ੍ਹਾਂ ਨੇ 1992 ਵਿਚ ਬਾਬਰੀ ਮਸਜਿਦ ਨੂੰ ਢਾਹੁਣ ਦੇ ਅੰਦੋਲਨ ਵਿਚ ਵੱਡੀ ਭੂਮਿਕਾ ਨਿਭਾਈ ਸੀ। ਨਵੰਬਰ 2019 ਵਿਚ ਸੁਣਾਏ ਗਏ ਇਕ ਹੋਰ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ਉਨ੍ਹਾਂ ਸਾਰੀਆਂ ਪਟੀਸ਼ਨਾਂ ਨੂੰ ਰੱਦ ਕਰ ਦਿੱਤਾ ਜਿਨ੍ਹਾਂ ਵਿਚ ਰਾਫ਼ਾਲ ਜਹਾਜ਼ ਖਰੀਦ ਸਮਝੌਤੇ ਬਾਰੇ ਤਫ਼ਤੀਸ਼ ਕਰਨ ਦੀ ਮੰਗ ਕੀਤੀ ਗਈ ਸੀ। ਇਸੇ ਤਰ੍ਹਾਂ ਜਸਟਿਸ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਅਸਾਮ ਵਿਚ ਨਾਗਰਿਕਾਂ ਦੇ ਕੌਮੀ ਰਜਿਸਟਰ ਅਤੇ ਕੇਰਲ ਦੇ ਸਬਰੀਮਾਲਾ ਮੰਦਰ ਬਾਰੇ ਕੇਸਾਂ ਵਿਚ ਵੀ ਫ਼ੈਸਲੇ ਸੁਣਾਏ। ਉਸੇ ਜਸਟਿਸ ਰੰਜਨ ਗੋਗੋਈ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

ਸੁਪਰੀਮ ਕੋਰਟ ਵਿਚ ਕੰਮ ਕਰਨ ਵਾਲੀ ਇਕ ਔਰਤ ਕਰਮਚਾਰੀ ਨੇ ਜਸਟਿਸ ਗੋਗੋਈ ਦੇ ਵਿਰੁੱਧ ਛੇੜਛਾੜ ਦੇ ਦੋਸ਼ ਲਗਾਏ ਸਨ। ਬਾਅਦ ਵਿਚ ਸੁਪਰੀਮ ਕੋਰਟ ਵੱਲੋਂ ਬਣਾਈ ਗਈ ਅੰਦਰੂਨੀ ਤਫ਼ਤੀਸ਼ ਕਮੇਟੀ ਨੇ ਜਸਟਿਸ ਗੋਗੋਈ ਵਿਰੁੱਧ ਲਾਏ ਗਏ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ। ਇਸ ਸਬੰਧ ਵਿਚ ਜਸਟਿਸ ਮਦਨ ਬੀ ਲੋਕੁਰ ਨੇ ਕਿਹਾ ਸੀ ਕਿ ਉਹ ਕਮੇਟੀ, ਜਿਸ ਨੇ ਚੀਫ਼ ਜਸਟਿਸ ਨੂੰ ਕਲੀਨ ਚਿੱਟ ਦਿੱਤੀ ਸੀ, ਚੀਫ਼ ਜਸਟਿਸ ਦੁਆਰਾ ਹੀ ਬਣਾਈ ਗਈ ਸੀ ਅਤੇ ਕਮੇਟੀ ਨੂੰ ਸਿਰਫ਼ ਅਣਉਚਿਤ ਸਰੀਰਿਕ ਛੋਹ ਬਾਰੇ ਦੋਸ਼ਾਂ ਦੀ ਪੜਤਾਲ ਕਰਨ ਨੂੰ ਹੀ ਕਿਹਾ ਗਿਆ ਸੀ; ਔਰਤ ਵੱਲੋਂ ਉਸ ਨੂੰ ਹੋਰ ਤਰੀਕਿਆਂ ਰਾਹੀਂ ਪੀੜਤ ਕੀਤੇ ਜਾਣ ਦੇ ਦੋਸ਼ਾਂ ਬਾਰੇ ਤਫ਼ਤੀਸ਼ ਕਰਨ ਦੇ ਅਧਿਕਾਰ ਨਹੀਂ ਸਨ ਦਿੱਤੇ ਗਏ।

ਇਹ ਪਹਿਲੀ ਵਾਰ ਨਹੀਂ ਕਿ ਕਿਸੇ ਸਾਬਕਾ ਜੱਜ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੋਵੇ। ਚੀਫ਼ ਜਸਟਿਸ ਰੰਗਾਨਾਥ ਮਿਸ਼ਰਾ, ਜੋ 1991 ਵਿਚ ਸੇਵਾਮੁਕਤ ਹੋਏ ਸਨ, ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਸੀ। ਜਸਟਿਸ ਮਿਸ਼ਰਾ ਨੇ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਬਾਰੇ ਬਣਾਏ ਗਏ ਕਮਿਸ਼ਨ ਦੀ ਅਗਵਾਈ ਕਰਦਿਆਂ ਰਿਪੋਰਟ ਦਿੱਤੀ ਸੀ ਜਿਸ ਦੀ ਵੱਡੇ ਪੱਧਰ 'ਤੇ ਆਲੋਚਨਾ ਹੋਈ ਸੀ। ਜਸਟਿਸ ਮਿਸ਼ਰਾ ਨੂੰ ਕਾਂਗਰਸ ਪਾਰਟੀ ਵੱਲੋਂ 1998 ਤੋਂ ਲੈ ਕੇ 2004 ਤਕ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਸੀ। ਇਕ ਹੋਰ ਕੇਸ ਕਾਫ਼ੀ ਦਿਲਚਸਪ ਹੈ। ਬਾਹਰੁਲ ਇਸਲਾਮ ਨੇ ਕਾਂਗਰਸ ਦੀ ਟਿਕਟ 'ਤੇ 1962 ਵਿਚ ਰਾਜ ਸਭਾ ਦੀ ਮੈਂਬਰਸ਼ਿਪ ਹਾਸਲ ਕੀਤੀ ਅਤੇ ਬਾਅਦ ਵਿਚ ਉਸ ਨੂੰ ਗੁਹਾਟੀ ਹਾਈ ਕੋਰਟ ਦਾ ਜੱਜ ਬਣਾਇਆ ਗਿਆ। ਜਸਟਿਸ ਇਸਲਾਮ 1980 ਵਿਚ ਰਿਟਾਇਰ ਹੋ ਗਿਆ ਪਰ ਜਦ 1981 ਵਿਚ ਇੰਦਰਾ ਗਾਂਧੀ ਦੀ ਅਗਵਾਈ ਵਿਚ ਕੇਂਦਰੀ ਸਰਕਾਰ ਬਣੀ ਤਾਂ ਉਸ ਨੂੰ ਸੁਪਰੀਮ ਕੋਰਟ ਦਾ ਜੱਜ ਬਣਾਇਆ ਗਿਆ। ਉਸ ਵੱਲੋਂ ਕੀਤੇ ਗਏ ਮਹੱਤਵਪੂਰਨ ਫ਼ੈਸਲਿਆਂ ਵਿਚੋਂ ਇਕ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਨੂੰ ਸ਼ਹਿਰੀ ਸਹਿਕਾਰੀ ਬੈਂਕ ਘੁਟਾਲੇ ਵਿਚੋਂ ਦੋਸ਼-ਮੁਕਤ ਕਰਨਾ ਸੀ। ਉਸ ਨੇ ਬਾਅਦ ਵਿਚ ਸੁਪਰੀਮ ਕੋਰਟ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਉਸ ਨੂੰ ਫਿਰ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ।

ਇਸ ਤਰ੍ਹਾਂ ਸਾਬਕਾ ਚੀਫ਼ ਜਸਟਿਸ ਗੋਗੋਈ ਬਾਰੇ ਸੋਮਵਾਰ ਨੂੰ ਛਿੜੇ ਵਿਵਾਦ ਪਿੱਛੇ ਇਹੋ ਜਿਹੀਆਂ ਹੋਰ ਮਿਸਾਲਾਂ ਦਾ ਇਤਿਹਾਸ ਕਾਫ਼ੀ ਲੰਮਾ ਹੈ।

ਮਸ਼ਹੂਰ ਫ਼ਰਾਂਸੀਸੀ ਨਾਵਲਕਾਰ ਅਲਬੇਅਰ ਕਾਮੂ ਨੇ ਆਪਣੇ ਨਾਵਲ 'ਪਲੇਗ' ਵਿਚ ਇਕ ਸ਼ਹਿਰ, ਜਿੱਥੇ ਪਲੇਗ ਫੈਲ ਜਾਂਦੀ ਹੈ, ਦੀ ਕਹਾਣੀ ਲਿਖੀ ਹੈ। ਲੋਕ ਰੋਜ਼ ਮਰਦੇ ਅਤੇ ਕਈ ਸਰਕਾਰ ਦੁਆਰਾ ਲਈਆਂ ਪਾਬੰਦੀਆਂ ਦੇ ਬਾਵਜੂਦ ਸ਼ਹਿਰ ਤੋਂ ਬਾਹਰ ਭੱਜਣ ਦੀ ਕੋਸ਼ਿਸ਼ ਕਰਦੇ ਹਨ। ਕਹਾਣੀ ਦਾ ਨਾਇਕ ਇਕ ਡਾਕਟਰ ਹੈ ਜਿਸ ਦੀ ਪ੍ਰੇਮਿਕਾ ਸ਼ਹਿਰ ਤੋਂ ਬਾਹਰ ਰਹਿੰਦੀ ਹੈ। ਉਸ ਨੂੰ ਵੀ ਭੱਜਣ ਦੇ ਮੌਕੇ ਪ੍ਰਾਪਤ ਹੁੰਦੇ ਹਨ ਪਰ ਉਹ ਸ਼ਹਿਰ ਛੱਡ ਕੇ ਨਹੀਂ ਜਾਂਦਾ ਅਤੇ ਉੱਥੇ ਹੀ ਮਰੀਜ਼ਾਂ ਦੀ ਦੇਖਭਾਲ ਵਿਚ ਜੁਟਿਆ ਰਹਿੰਦਾ ਹੈ। ਜਦ ਉਸ ਦਾ ਦੋਸਤ ਸ਼ਹਿਰ ਦੀ ਨਿਰਾਸ਼ਾਜਨਕ ਸਥਿਤੀ ਬਾਰੇ ਗੱਲਬਾਤ ਕਰਦਿਆਂ ਉਸ ਨੂੰ ਭੱਜ ਜਾਣ ਦੀ ਸਲਾਹ ਦਿੰਦਾ ਹੈ ਤਾਂ ਡਾਕਟਰ ਕਹਿੰਦਾ ਹੈ, ''ਏਦਾਂ ਚੰਗੇ ਨਹੀਂ ਲੱਗਣਾ।'' ਅੰਗਰੇਜ਼ੀ ਵਿਚ ਇਸ ਲਈ 'ਕਾਮਨ ਡੀਸੈਂਸੀ' (ਛੋਮਮੋਨ ਧੲਚੲਨਚੇ) ਸ਼ਬਦ ਵਰਤੇ ਗਏ ਹਨ। ਇਹ ਸ਼ਬਦ ਬੜੇ ਸਾਧਾਰਨ ਹਨ ਪਰ ਇਨ੍ਹਾਂ ਵਿਚ ਕਾਮੂ ਉਸ ਡਾਕਟਰ ਦੁਆਰਾ ਪ੍ਰਗਟਾਏ ਗਏ ਡੂੰਘੇ ਮਨੁੱਖੀ ਜਜ਼ਬੇ ਦੀ ਤਰਜਮਾਨੀ ਕਰਦਾ ਹੈ।

ਨਾਵਲ ਵਿਚ ਪਲੇਗ ਦੀ ਬਿਮਾਰੀ ਫਾਸ਼ੀਵਾਦ ਦਾ ਪ੍ਰਤੀਕ ਹੈ; ਸ਼ਹਿਰ ਦੇ ਲੋਕ ਫਾਸ਼ੀਵਾਦ ਵਿਰੁੱਧ ਲੜ ਰਹੇ ਹਨ ਤੇ ਡਾਕਟਰ ਵੀ ਉਨ੍ਹਾਂ ਵਿਚੋਂ ਇਕ ਹੈ। ਡਾਕਟਰ ਦਾ ਇਹ ਕਹਿਣਾ ਕਿ 'ਏਦਾਂ ਚੰਗੇ ਨਹੀਂ ਲੱਗਣਾ' ਦਾ ਭਾਵ ਸ਼ਹਿਰੋਂ ਭੱਜ ਜਾਣਾ ਫਾਸ਼ੀਵਾਦ ਵਿਰੁੱਧ ਲੜਨ ਤੋਂ ਇਨਕਾਰ ਕਰਨਾ ਹੈ; ਮਨੁੱਖਤਾ ਅਤੇ ਮਨੁੱਖ ਹੋਣ ਦੇ ਹੱਕ-ਸੱਚ ਤੋਂ ਇਨਕਾਰ ਕਰਨਾ ਹੈ; ਮਨੁੱਖ ਹੋਣ ਦੇ ਮਾਣ-ਸਨਮਾਨ ਨੂੰ ਠੁਕਰਾਉਣਾ ਹੈ। ਪਰ ਸ਼ਬਦ ਬੜੇ ਸਾਧਾਰਨ ਹਨ- 'ਏਦਾਂ ਚੰਗੇ ਨਹੀਂ ਲੱਗਣਾ।'

ਚੰਡੀਗੜ੍ਹ ਦੇ ਵਕੀਲ ਜਸਟਿਸ ਮੁਰਲੀਧਰ ਦੇ ਨੋਟ ਬਾਰੇ ਕਹਿ ਰਹੇ ਹਨ ਕਿ ਉਨ੍ਹਾਂ ਨੇ ਬੜੀ ਚੰਗੀ ਹਦਾਇਤ ਕੀਤੀ ਹੈ ਪਰ ਦੇਸ਼ ਦੇ ਬਹੁਤ ਸਾਰੇ ਲੋਕ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਦੀ ਇਸ ਨਾਮਜ਼ਦਗੀ ਬਾਰੇ ਸੋਚਦਿਆਂ ਸ਼ਾਇਦ ਇਹ ਕਹਿਣ ਦਾ ਯਤਨ ਕਰ ਰਹੇ ਹਨ, "ਮਾਈ ਲਾਰਡਸ਼ਿਪ, ਏਦਾਂ ਚੰਗੇ ਨਹੀਂ ਲੱਗੀਦਾ।''

# ਇੰਨਾ ਆਸਾਨ ਨਹੀਂ ਹੁੰਦਾ ਸਿਆਸਤ ਛੱਡਣਾ



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜਨ ਦਾ ਐਲਾਨ ਕਰਕੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦੀ ਕੋਸ਼ਿਸ਼ ਕੀਤੀ ਹੈ। ਕੈਪਟਨ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਨੂੰ ਆਪਣੀ ਆਖ਼ਰੀ ਚੋਣ ਦੱਸ ਕੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਇਕ ਹੋਰ ਮੌਕਾ ਦੇਣ ਲਈ ਵੋਟਾਂ ਮੰਗੀਆਂ ਤੇ ਇਸ ਨਾਲ ਕਾਂਗਰਸ ਦੇ ਕਈ ਆਗੂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਨੰਬਰ ਇਕ ਦੇ ਖਿਡਾਰੀ ਬਣਨ ਲਈ ਪਰ ਤੋਲਣ ਲੱਗ ਪਏ ਸਨ। ਕਈ ਵਿਧਾਇਕਾਂ ਨੇ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਜਨਤਕ ਪੱਧਰ 'ਤੇ ਵੀ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਸਨ। ਸਿਆਸੀ ਮਾਹਿਰਾਂ ਅਨੁਸਾਰ ਅਮਰਿੰਦਰ ਸਿੰਘ ਦੇ ਇਕ ਵਾਰ ਹੋਰ ਚੋਣਾਂ ਲੜਨ ਦੇ ਐਲਾਨ ਪਿੱਛੇ ਅਸਲੀ ਕਾਰਨ ਪੰਜਾਬ ਦੇ ਸਿਆਸੀ ਮੈਦਾਨ ਵਿਚਲਾ ਖਲਾਅ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੀ ਸਿਆਸਤ ਲੀਹਾਂ ਤੋਂ ਲਹਿ ਚੁੱਕੀ ਹੈ।

ਕੈਪਟਨ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ, ਘਰ ਘਰ ਰੁਜ਼ਗਾਰ ਦੇਣ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਚਾਰ ਹਫ਼ਤਿਆਂ ਅੰਦਰ ਪੰਜਾਬ ਵਿਚੋਂ ਨਸ਼ਾ ਤਸਕਰੀ ਦਾ ਲੱਕ ਤੋੜ ਦੇਣ ਅਤੇ ਹਰ ਤਰ੍ਹਾਂ ਦਾ ਮਾਫ਼ੀਆ ਖਤਮ ਕਰ ਦੇਣ ਵਰਗੇ ਵਾਅਦੇ ਕੀਤੇ ਸੀ। ਰੁਜ਼ਗਾਰ ਨਾ ਦੇਣ ਦੀ ਸੂਰਤ ਵਿਚ 25 ਸੌ ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ। ਕਿਸਾਨਾਂ ਸਿਰ 31 ਮਾਰਚ 2017 ਦੀ ਸਰਕਾਰ ਵੱਲੋਂ ਤੈਅ ਕੀਤੀ ਗਈ ਅੰਤਿਮ ਤਾਰੀਖ਼ ਨੂੰ 73770 ਕਰੋੜ ਰੁਪਏ ਦੇ ਕਰੀਬ ਸੰਸਥਾਈ ਕਰਜ਼ਾ ਸੀ ਜਿਸ ਵਿਚੋਂ ਫਿਲਹਾਲ ਸਿਰਫ਼ 4700 ਕਰੋੜ ਰੁਪਏ ਮੁਆਫ਼ ਹੋਏ ਹਨ ਜਦੋਂਕਿ ਕਰਜ਼ੇ ਦੇ ਬੋਝ ਕਾਰਨ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਪਹਿਲਾਂ ਦੀ ਤਰ੍ਹਾਂ ਜਾਰੀ ਹਨ। ਭਾਵੇਂ ਵਾਅਦੇ ਪੂਰੇ ਕਰਨਾ ਨਾਮੁਮਕਿਨ ਦਿਖਾਈ ਦਿੰਦਾ ਹੈ ਪਰ ਆਪਣੀਆਂ ਤਿੰਨ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕੈਪਟਨ ਨੇ ਪੰਜਾਂ ਸਾਲਾਂ ਵਿਚ ਸਾਰੇ ਵਾਅਦੇ ਪੂਰੇ ਕਰਨ ਦਾ ਦਾਅਵਾ ਕੀਤਾ ਹੈ।

ਵਾਅਦਿਆਂ ਨੂੰ ਲਾਗੂ ਕਰਨ ਵਿਚ ਦੇਰੀ ਦੇ ਬਾਵਜੂਦ ਕੈਪਟਨ ਸਰਕਾਰ ਨੂੰ ਵੱਡੀ ਸਿਆਸੀ ਚੁਣੌਤੀ ਦੇਣ ਵਾਲੀ ਕੋਈ ਧਿਰ ਨਜ਼ਰ ਨਹੀਂ ਆਉਂਦੀ। ਤਕਨੀਕੀ ਤੌਰ ਉੱਤੇ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਮੁੱਖ ਵਿਰੋਧੀ ਪਾਰਟੀ ਹੈ ਜਿਹੜੀ ਪਿਛਲੇ ਤਿੰਨਾਂ ਸਾਲਾਂ ਤੋਂ ਆਪਸੀ ਫੁੱਟ ਨਾਲ ਜੂਝ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਅੰਦਰੂਨੀ ਫੁੱਟ ਦਾ ਸ਼ਿਕਾਰ ਹੋਣ ਦੇ ਨਾਲ ਨਾਲ ਪੰਥਕ ਸਫ਼ਾਂ ਵਿਚ ਆਪਣੀ ਸਾਖ ਕਮਜ਼ੋਰ ਹੋਣ ਦਾ ਸੰਤਾਪ ਝੱਲ ਰਿਹਾ ਹੈ। ਅਕਾਲੀ ਦਲ ਸਾਹਮਣੇ ਦੇਸ਼ ਦੇ ਮੌਜੂਦਾ ਹਾਲਾਤ ਵਿਚ ਆਪਣੀ ਖੇਤਰੀ ਨੁਹਾਰ ਨੂੰ ਬਚਾਉਣ ਤੇ ਭਾਜਪਾ ਨਾਲ ਗੱਠਜੋੜ ਜਾਰੀ ਰੱਖਣ ਜਾਂ ਖ਼ਤਮ ਕਰਨ ਦੀ ਦੁਬਿਧਾ ਵੀ ਹੈ। ਆਪ ਨੇ ਬਿਜਲੀ ਦੇ ਮੁੱਦੇ ਉੱਤੇ ਅੰਦੋਲਨ ਕਰਨ ਦੀ ਕੋਸ਼ਿਸ ਕੀਤੀ ਅਤੇ ਅਕਾਲੀ ਦਲ ਨੇ ਸਰਕਾਰ ਖ਼ਿਲਾਫ਼ ਰੈਲੀਆਂ ਕਰਕੇ 2022 ਲਈ ਕਾਰਕੁਨਾਂ ਨੂੰ ਸਰਗਰਮ ਕਰਨ ਦੀ ਰਣਨੀਤੀ ਅਪਣਾਈ ਹੈ। ਕੈਪਟਨ ਤੋਂ ਨਾਰਾਜ਼ ਨਵਜੋਤ ਸਿੱਧੂ ਕਈ ਮਹੀਨਿਆਂ ਤੋਂ ਸਿਆਸੀ ਮੰਚ ਤੋਂ ਰੂਪੋਸ਼ ਹੈ। ਆਪ ਨੂੰ ਦਿੱਲੀ ਚੋਣਾਂ ਤੋਂ ਬਾਅਦ ਕੁਝ ਆਕਸੀਜਨ ਜ਼ਰੂਰ ਮਿਲੀ ਹੈ। ਅਗਲੀਆਂ ਚੋਣਾਂ ਵਿਚ ਫ਼ੈਸਲਾ ਤਾਂ ਵੋਟਰਾਂ ਨੇ ਕਰਨਾ ਹੈ ਪਰ ਕੈਪਟਨ ਮੁੜ ਮੈਦਾਨ ਵਿਚ ਨਿੱਤਰਨ ਲਈ ਤਿਆਰ ਦਿਖਾਈ ਦੇ ਰਹੇ ਹਨ।

# ਸ਼ਹੀਦੀ ਦਿਹਾੜਾ ਕਿਤੇ ਰਸਮ ਤਾਂ ਨਹੀ ਬਣ ਗਿਆ?

ਹਰ ਸਾਲ 23 ਮਾਰਚ ਨੂੰ ਦੇਸ਼ ਦੇ ਆਗੂ ਆਜ਼ਾਦੀ ਸੰਘਰਸ਼ ਦੇ ਤਿੰਨ ਸਿਖਰਲੇ ਸ਼ਹੀਦਾਂ- ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕਰਦੇ ਹਨ। ਭਗਤ ਸਿੰਘ ਜਿਹੜਾ ਜਿਊਂਦੇ-ਜੀ ਹੀ ਇਨਕਲਾਬੀ ਲਹਿਰ ਦਾ ਪ੍ਰਤੀਕ ਬਣ ਚੁੱਕਾ ਸੀ, ਅੱਜ ਆਪਣੀ ਸ਼ਹੀਦੀ ਦੇ 89 ਸਾਲਾਂ ਬਾਅਦ ਵੀ ਮਹਾਤਮਾ ਗਾਂਧੀ ਅਤੇ ਸ਼ਾਇਦ ਸੁਭਾਸ਼ ਚੰਦਰ ਬੋਸ ਸਣੇ ਦੇਸ਼ ਦੀਆਂ ਸਭ ਤੋਂ ਵੱਧ ਮਕਬੂਲ ਹਸਤੀਆਂ ਵਿਚ ਸ਼ੁਮਾਰ ਹੈ। ਉਂਜ, ਕੀ ਦੇਸ਼ ਨੇ ਆਜ਼ਾਦੀ ਦੇ ਬੀਤੇ 73 ਸਾਲਾਂ ਦੌਰਾਨ ਭਗਤ ਸਿੰਘ ਦਾ ਸੱਚਮੁੱਖ ਸਨਮਾਨ ਕੀਤਾ ਹੈ ਜਾਂ ਫਿਰ ਇਸ ਸ਼ਹੀਦੀ ਦਿਹਾੜੇ ਨੂੰ ਮਹਿਜ਼ ਗੱਲੀਂ-ਬਾਤੀਂ ਹੀ ਸਨਮਾਨ ਦੀ ਰਸਮ ਜਿਹੀ ਬਣਾ ਕੇ ਰੱਖ ਦਿੱਤਾ ਹੈ?

**ਚਮਨ ਲਾਲ**

ਭਗਤ ਸਿੰਘ ਸਭ ਤੋਂ ਵੱਧ ਮਕਬੂਲ ਨੌਜਵਾਨ ਹਸਤੀ ਹੈ ਪਰ ਕੀ ਕਿਸੇ ਯੂਨੀਵਰਸਿਟੀ ਦਾ ਨਾਂ ਉਸ ਦੇ ਨਾਂ ਉਤੇ ਰੱਖਿਆ ਗਿਆ ਹੈ? ਕੀ ਉਸ ਦੇ ਵਿਚਾਰ, ਜੋ ਉਸ ਦੀਆਂ ਲਿਖਤਾਂ ਦੇ ਰੂਪ ਵਿਚ ਮੌਜੂਦ ਹਨ, ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਸਿਲੇਬਸ ਦਾ ਹਿੱਸਾ ਬਣਾਇਆ ਗਿਆ ਹੈ? ਇਥੋਂ ਤੱਕ ਕਿ ਮੁਲਕ ਦਾ ਨੌਜਵਾਨ ਦਿਵਸ ਵੀ ਉਸ ਦੇ ਨਾਂ ਤੇ ਨਹੀਂ। ਭਾਰਤ ਸਰਕਾਰ ਨੇ 1984 ਵਿਚ ਸਵਾਮੀ ਵਿਵੇਕਾਨੰਦ ਦੇ ਜਨਮ ਦਿਵਸ, 12 ਜਨਵਰੀ ਨੂੰ ਕੌਮੀ ਨੌਜਵਾਨ ਦਿਹਾੜਾ ਐਲਾਨਿਆ ਸੀ। ਕੀ ਪੰਜਾਬ ਸਰਕਾਰ 28 ਸਤੰਬਰ ਨੂੰ ਪੰਜਾਬ ਨੌਜਵਾਨ ਦਿਹਾੜਾ ਐਲਾਨਣ ਦਾ ਹੌਸਲਾ ਕਰੇਗੀ, ਖ਼ਾਸਕਰ ਨਸ਼ਿਆਂ ਵਿਚ ਗਰਕ ਰਹੀ ਪੰਜਾਬ ਦੀ ਨੌਜਵਾਨੀ ਦੇ ਮੱਦੇਨਜ਼ਰ, ਤਾਂ ਕਿ ਉਹ ਭਗਤ ਸਿੰਘ ਦੀ ਪ੍ਰੇਰਨਾਮਈ ਸੋਚ ਵਿਚੋਂ ਬਦਲ ਤਲਾਸ਼ ਸਕੇ। ਦੇਸ਼ ਦੇ ਅਨੇਕਾਂ ਕਾਲਜ ਅਤੇ ਨਾਲ ਹੀ ਪੰਜਾਬ ਵਿਚ ਸੈਂਕੜੇ ਸਕੂਲਾਂ ਤੇ ਯੂਥ ਕਲੱਬਾਂ ਦੇ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਹਨ, ਪਰ ਕੋਈ ਯੂਨੀਵਰਸਿਟੀ ਕਿਉਂ ਨਹੀਂ ਹੈ? ਮੈਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂਜੀਸੀ) ਦੀ ਵੈੱਬਸਾਈਟ ਘੋਖੀ। ਯੂਜੀਸੀ ਮੁਤਾਬਕ ਪਹਿਲੀ ਫਰਵਰੀ, 2020 ਤੱਕ ਦੇਸ਼ ਵਿਚ 935 ਯੂਨੀਵਰਸਿਟੀਆਂ ਹਨ, ਜਿਨ੍ਹਾਂ ਨੂੰ ਵੱਖ ਵੱਖ ਵਰਗਾਂ ਤਹਿਤ ਵੰਡਿਆ ਗਿਆ ਹੈ; 50 ਕੇਂਦਰੀ, 409 ਸੂਬਾਈ ਅਤੇ 127 ਡੀਮਡ ਯੂਨੀਵਰਸਿ-ਟੀਆਂ ਹਨ। ਇਸ ਤੋਂ ਬਿਨਾਂ ਬਹੁਤ ਸਾਰੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਹਨ, ਜਿਨ੍ਹਾਂ ਦੀ ਗਿਣਤੀ 349 ਦਿਖਾਈ ਗਈ ਹੈ।

ਬਹੁਤ ਸਾਰੀਆਂ ਯੂਨੀਵਰਸਿਟੀਆਂ ਸੂਬਿਆਂ ਜਾਂ ਸ਼ਹਿਰਾਂ ਦੇ ਨਾਵਾਂ 'ਤੇ ਹਨ, ਜਿਥੇ ਉਹ ਕਾਇਮ ਕੀਤੀਆਂ ਗਈਆਂ ਹਨ, ਜਿਵੇਂ ਦਿੱਲੀ ਯੂਨੀਵਰਸਿਟੀ, ਕਲਕੱਤਾ ਯੂਨੀਵਰਸਿਟੀ ਜਾਂ ਪੰਜਾਬ ਯੂਨੀਵਰਸਿਟੀ, ਪਰ ਬਹੁਤ ਸਾਰੀਆਂ ਯੂਨੀਵਰਸਿਟੀਆਂ ਨਾਮੀ ਕੌਮੀ ਆਗੂਆਂ ਜਾਂ ਵਿਦਵਾਨਾਂ ਦੇ ਨਾਵਾਂ ਉਤੇ ਵੀ ਹਨ। ਕੇਂਦਰੀ ਤੇ ਸੂਬਾਈ ਯੂਨੀਵਰਸਿਟੀਆਂ ਬਾਰੇ ਬੜੇ ਦਿਲਚਸਪ ਵੇਰਵੇ ਮਿਲੇ। ਜਨਤਕ ਖੇਤਰ ਦੀਆਂ ਸਭ ਤੋਂ ਵੱਧ ਯੂਨੀਵਰਸਿਟੀਆਂ ਡਾ. ਬੀਆਰ ਅੰਬੇਡਕਰ ਦੇ ਨਾਂ ਉਤੇ ਹਨ, ਜਿਨ੍ਹਾਂ ਦੀ ਕੁੱਲ ਗਿਣਤੀ 14 ਹੈ। ਇਨ੍ਹਾਂ ਤੋਂ ਐਨ ਅੱਧੀਆਂ, ਭਾਵ 7 ਯੂਨੀਵਰਸਿਟੀਆਂ ਮਹਾਤਮਾ ਗਾਂਧੀ ਦੇ ਨਾਂ ਉਤੇ ਹਨ।

ਇਨਕਲਾਬੀਆਂ ਵਿਚੋਂ ਬਿਰਸਾ ਮੁੰਡਾ ਤੇ ਸਿੱਦੋ ਕਾਨਹਾ, ਜੋ ਕਬਾਇਲੀ ਇਨਕਲਾਬੀ ਸਨ, ਦੇ ਨਾਂ ਉਤੇ ਦੋ ਯੂਨੀਵਰਸਿਟੀਆਂ ਹਨ। ਇਕ ਹੋਰ ਕਬਾਇਲੀ ਇਨਕਲਾਬੀ ਤਿਲਕਾ ਮਾਂਝੀ ਦੇ ਨਾਂ ਤੇ ਇਕ ਯੂਨੀਵਰਸਿਟੀ ਹੈ। ਵਧੇਰੇ ਮਕਬੂਲ ਇਨਕਲਾਬੀਆਂ ਵਿਚੋਂ ਸਿਰਫ਼ ਚੰਦਰ ਸ਼ੇਖਰ ਆਜ਼ਾਦ ਦੇ ਨਾਂ ਉਤੇ ਕਾਨਪੁਰ ਦੀ ਇਕ ਯੂਨੀਵਰਸਿਟੀ ਹੈ, ਪਰ ਨਾ ਭਗਤ ਸਿੰਘ ਦੇ ਨਾਂ ਤੇ ਕੋਈ ਯੂਨੀਵਰਸਿਟੀ ਹੈ ਤੇ ਨਾਂ ਹੀ ਕਿਸੇ ਹੋਰ ਨਾਮੀ ਇਨਕਲਾਬੀ ਜਿਵੇਂ ਸੂਰਿਆ ਸੇਨ ਦੇ ਨਾਂ ਉਤੇ ਹੈ। ਬਹੁਤੇ ਸੂਬਿਆਂ ਨੇ ਆਪਣੀਆਂ ਯੂਨੀਵਰਸਿਟੀਆਂ ਦੇ ਨਾਂ ਆਪਣੇ ਸਥਾਨਕ ਨਾਇਕਾਂ ਜਾਂ ਸੰਤਾਂ ਦੇ ਨਾਵਾਂ ਉਤੇ ਰੱਖੇ ਹਨ। ਭਗਤ ਸਿੰਘ ਦੇ ਨਾਂ ਬਾਰੇ ਨਾ ਪੰਜਾਬ ਤੇ ਨਾ ਹੀ ਕਮਿਊਨਿਸਟ ਹਕੂਮਤ ਵਾਲੇ ਕੇਰਲ, ਪੱਛਮੀ ਬੰਗਾਲ ਜਾਂ ਤ੍ਰਿਪੁਰਾ ਨੇ ਸੋਚਿਆ, ਜਿਨ੍ਹਾਂ ਨੇ ਆਪਣੀਆਂ ਨੌਜਵਾਨ ਤੇ ਵਿਦਿਆਰਥੀ ਜਥੇਬੰਦੀਆਂ ਲਈ ਸ਼ਹੀਦ ਭਗਤ ਸਿੰਘ ਨੂੰ ਨੌਜਵਾਨ ਪ੍ਰਤੀਕ ਵਜੋਂ ਅਪਣਾਇਆ ਹੈ। ਜਦੋਂ ਬਠਿੰਡਾ ਵਿਚ ਕੇਂਦਰੀ ਪੰਜਾਬ ਯੂਨੀਵਰਸਿਟੀ (ਸੀਯੂਪੀ) ਦੀ 2009 ਵਿਚ ਸਥਾਪਨਾ ਹੋਈ ਤਾਂ ਮੈਂ ਕੇਂਦਰੀ ਮਨੁੱਖੀ ਵਸੀਲੇ ਵਿਕਾਸ ਮੰਤਰੀ ਅਰਜੁਨ ਸਿੰਘ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਕਪਿਲ ਸਿੱਬਲ ਨੂੰ ਸੀਯੂਪੀ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਤੇ ਰੱਖਣ ਲਈ ਚਿੱਠੀਆਂ ਲਿਖੀਆਂ, ਪਰ ਕੋਈ ਜਵਾਬ ਨਹੀਂ ਮਿਲਿਆ। ਪੰਜਾਬ ਦੇ ਸੰਸਦ ਮੈਂਬਰ ਹਾਲੇ ਵੀ ਸੀਯੂਪੀ ਨੂੰ ਸ਼ਹੀਦ ਭਗਤ ਸਿੰਘ ਦਾ ਨਾਂ ਦੇਣ ਲਈ ਕੇਂਦਰ ਸਰਕਾਰ ਤੇ ਦਬਾਅ ਪਾ ਸਕਦੇ ਹਨ। ਜੇ ਈਟਾਨਗਰ ਸਥਿਤ ਅਰੁਣਾਚਲ ਪ੍ਰਦੇਸ਼ ਦੀ ਕੇਂਦਰੀ ਯੂਨੀਵਰਸਿਟੀ ਨੂੰ ਰਾਜੀਵ ਗਾਂਧੀ ਦਾ ਨਾਂ ਦਿੱਤਾ ਜਾ ਸਕਦਾ ਹੈ ਤਾਂ ਸੀਯੂਪੀ ਨੂੰ ਕਿਉਂ ਭਗਤ ਸਿੰਘ ਦਾ ਨਾਂ ਨਹੀਂ ਦਿੱਤਾ ਜਾ ਸਕਦਾ? ਭਗਤ ਸਿੰਘ ਦੀਆਂ ਅਜਿਹੀਆਂ 130 ਰਚਨਾਵਾਂ ਹਨ ਜਿਹੜੀਆਂ ਉਰਦੂ, ਪੰਜਾਬੀ, ਹਿੰਦੀ, ਅੰ-ਗਰੇਜ਼ੀ ਤੇ ਮਰਾਠੀ ਵਿਚ ਮਿਲਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਰਚਨਾਵਾਂ ਹੋਰ ਭਾਸ਼ਾਵਾਂ ਵਿਚ ਵੀ ਮਿਲਦੀਆਂ ਹਨ। ਇਨ੍ਹਾਂ ਰਚਨਾਵਾਂ ਵਿਚ 'ਧਰਮ ਅਤੇ ਸਾਡਾ ਆਜ਼ਾਦੀ



ਅੰਦੋਲਨ', 'ਫਿਰਕਾਪ੍ਰਸਤੀ ਅਤੇ ਇਸ ਦਾ ਹੱਲ', 'ਅਛੂਤ ਦਾ ਸਵਾਲ', 'ਨੌਜਵਾਨ ਸਿਆਸੀ ਕਾਰਕੁਨਾਂ ਲਈ ਖ਼ਤ', 'ਮੈਂ ਨਾਸਤਿਕ ਕਿਉਂ ਹਾਂ?' ਆਦਿ ਵਰਗੀਆਂ ਰਚਨਾਵਾਂ ਵੀ ਸ਼ੁਮਾਰ ਹਨ ਪਰ ਕਿਸੇ ਵੀ ਸੂਬਾਈ ਜਾਂ ਕੇਂਦਰੀ ਯੂਨੀ-ਵਰਸਿਟੀ ਜਾਂ ਕਿਸੇ ਵੀ ਸੂਬੇ ਦੇ ਸਕੂਲ ਬੋਰਡ ਨੇ ਉਸ ਦੀਆਂ ਰਚਨਾਵਾਂ ਸਿਲੇਬਸ ਵਿਚ ਨਹੀਂ ਲਗਾਈਆਂ ਹਨ।

ਹੋਰ ਤਾਂ ਹੋਰ, ਚੰਡੀਗੜ੍ਹ ਦੇ ਹਵਾਈ ਅੱਡੇ ਦਾ ਨਾਂ ਉਸ ਦੇ ਨਾਂ ਉੱਤੇ ਰੱਖਿਆ ਜਾਣਾ ਸੀ ਪਰ ਫ਼ਿਲਹਾਲ ਇਹ ਫ਼ੈਸਲਾ ਵੀ ਰੋਕ ਲਿਆ ਗਿਆ ਹੈ; ਹਾਲਾਂਕਿ ਪੰਜਾਬ ਤੇ ਹਰਿਆਣਾ ਵਿਧਾਨ ਸਭਾਵਾਂ ਨੇ 2009-10 ਵਿਚ ਇਸ ਸਬੰਧੀ ਮਤੇ ਵੀ ਪਾਸ ਕੀਤੇ ਸਨ। ਉਧਰ, ਦੀਨਦਿਆਲ ਉਪਾਧਿਆਏ ਦੇ ਨਾਂ ਉੱਤੇ ਰੇਲ ਸਟੇਸ਼ਨਾਂ, ਹਵਾਈ ਅੱਡਿਆਂ, ਯੂਨੀਵਰਸਿਟੀਆਂ ਦੇ ਨਾਂ ਰੱਖਣ ਦਾ ਹੜ੍ਹ ਆਇਆ ਹੋਇਆ ਹੈ। ਇਸ ਦੇ ਮੁਕਾਬਲੇ, ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਮੁਲਾਜ਼ਮਾਂ ਦੀਆਂ ਜਨਤਕ ਜਥੇਬੰਦੀਆਂ ਨੇ ਫੋਟੋਆਂ, ਗੀਤਾਂ, ਨਾਅਰਿਆਂ ਆਦਿ ਰਾਹੀਂ ਭਗਤ ਸਿੰਘ ਲਈ ਆਪਣਾ ਸਤਿਕਾਰ ਜ਼ਾਹਿਰ ਕੀਤਾ ਹੈ। ਇਹ ਤੱਥ ਸ਼ਾਹੀਨ ਬਾਗ਼ ਦੇ ਨਾਲ ਨਾਲ ਵੱਖ ਵੱਖ ਸਮਿਆਂ ਦੌਰਾਨ ਲਗਦੇ ਧਰਨਿਆਂ-ਮੁਜ਼ਾਹਰਿਆਂ ਜਾਂ ਜਥੇਬੰਦ ਕੀਤੇ ਜਾਂਦੇ ਜਲੂਸਾਂ ਦੌਰਾਨ ਪ੍ਰਗਟ ਹੁੰਦੇ ਰਹਿੰਦੇ ਹਨ। ਭਗਤ ਸਿੰਘ ਦਾ ਪਸੰਦੀਦਾ ਨਾਅਰਾ 'ਇਨਕਲਾਬ ਜ਼ਿੰਦਾਬਾਦ' ਤਾਂ ਹਰ ਸੰਘਰਸ਼ ਦਾ ਰੂਹੇ-ਰਵਾਂ ਹੁੰਦਾ ਹੈ। ਇਉਂ ਗ਼ੈਰ ਸਰਕਾਰੀ ਪੱਧਰ ਉਤੇ ਭਗਤ ਸਿੰਘ ਦਾ ਬੇਅੰਤ ਮਾਣ-ਸਤਿਕਾਰ ਹੈ।

ਮਗਰੋਂ ਸੁੱਝੀ: ਕਰੋਨਾਵਾਇਰਸ ਕਾਰਨ ਚੱਲ ਰਹੇ ਮੌਜੂਦਾ ਬੰਦ ਦੌਰਾਨ ਹੁਣ ਜਦੋਂ ਸਾਰੇ ਧਾਰਮਿਕ ਸਥਾਨ ਅਵਾਮ ਲਈ ਬੰਦ ਹੋ ਰਹੇ ਹਨ, ਤਾਂ ਭਗਤ ਸਿੰਘ ਦੇ ਆਪਣੇ ਅਹਿਮ ਲੇਖ 'ਮੈਂ ਨਾਸਤਿਕ ਕਿਉਂ ਹਾਂ?' ਦੇ ਸ਼ਬਦ ਜ਼ਿਹਨ ਅੰਦਰ ਗੂੰਜਦੇ ਹਨ।

ਉਹ ਸਵਾਲ ਉਠਾਉਂਦਾ ਹੈ: 'ਮੈਂ ਤੁਹਾਡੇ ਸਰਬ ਸ਼ਕਤੀਮਾਨ ਰੱਬ ਨੂੰ ਪੁੱਛਦਾਂ- ਉਹ ਯੁੱਧ ਦਾ ਕਹਿਰ ਵਰਤਾਉਣ ਵਾਲਿਆਂ ਜਾਂ ਉਨ੍ਹਾਂ ਅੰਦਰ ਭਰੇ ਕ੍ਰੋਧ ਨੂੰ ਕਿਉਂ ਨਹੀਂ ਮਾਰਦਾ ਤਾਂ ਕਿ ਮਨੁੱਖਤਾ ਦੇ ਸਿਰ ਪਈ ਆਫ਼ਤ ਤੋਂ ਬਚਾਅ ਹੋ ਸਕੇ?' ਜੇ ਅੱਜ ਭਗਤ ਸਿੰਘ ਹੁੰਦਾ ਤਾਂ ਇਹ ਸਵਾਲ ਜ਼ਰੂਰ ਕਰਦਾ: ਉਹ (ਰੱਬ) ਕਰੋਨਾਵਾਇਰਸ ਨੂੰ ਖ਼ਤਮ ਕਿਉਂ ਨਹੀਂ ਕਰਦਾ ਜਿਸ ਨੇ ਸਮੁੱਚੇ ਸੰਸਾਰ ਨੂੰ ਸੰਕਟ ਵਿਚ ਪਾਇਆ ਹੋਇਆ ਹੈ?

# ਆਮ ਆਦਮੀ ਪਾਰਟੀ ਦੀ ਜਿੱਤ ਅਤੇ ਪੰਜਾਬ ਦੀ ਸਿਆਸਤ

**ਜਗਰੂਪ ਸਿੰਘ ਸੇਖੋਂ**

ਦਿੱਲੀ ਵਿਧਾਨ ਸਭਾ ਦੀਆਂ ਹਾਲੀਆ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਦੀ ਸ਼ਾਨਦਾਰ ਜਿੱਤ ਨੇ, ਕੁਝ ਸਿਆਸੀ ਮਾਹਿਰਾਂ ਦੇ ਕਹਿਣ ਮੁਤਾਬਿਕ, ਪੰਜਾਬ ਵਾਸੀਆਂ ਤੇ ਖ਼ਾਸਕਰ ਪਾਰਟੀ ਕੇਡਰ ਲਈ ਨਵੀਂ ਉਮੀਦ ਜਗਾਈ ਹੈ। ਉਨ੍ਹਾਂ ਨੂੰ ਆਸ ਹੈ ਕਿ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ 2022 ਦੀਆਂ ਚੋਣਾਂ ਵਿਚ ਕਮਾਲ ਕਰ ਸਕਦੀ ਹੈ। ਦਿੱਲੀ ਚੋਣਾਂ ਵਿਚ ਦੁਨੀਆਂ ਦੀ ਅਖੌਤੀ ਸਭ ਤੋਂ ਵੱਡੀ ਪਾਰਟੀ ਭਾਜਪਾ ਦੀ ਬੁਰੀ ਹਾਲਤ ਅਤੇ ਪੁਰਾਣੀ ਪਾਰਟੀ ਕਾਂਗਰਸ ਦੀ ਨਮੋਸ਼ੀ ਭਰੀ ਹਾਰ ਨੇ ਮੌਜੂਦਾ ਸਿਆਸਤ ਨੂੰ ਨਵੇਂ ਆਯਾਮ ਦਿੱਤੇ ਹਨ। ਆਮ ਪ੍ਰਭਾਵ ਹੈ ਕਿ 'ਆਪ' ਦੀ ਜਿੱਤ ਨੇ ਫ਼ਿਰਕੂ ਨਫ਼ਰਤ ਭਰੇ ਸਮਾਜ, ਹਾਕਮ ਭਾਜਪਾ ਦੀ ਹੈਂਕੜਬਾਜ਼ੀ, ਉਸ ਵੱਲੋਂ ਸਿਆਸੀ ਵਿਰੋਧੀਆਂ ਖ਼ਿਲਾਫ਼ ਤਾਕਤ ਦੀ ਅੰਨ੍ਹੀ ਵਰਤੋਂ ਅਤੇ ਕਿਵੇਂ ਵੀ ਚੋਣਾਂ ਜਿੱਤਣ ਦੀ ਨੀਤੀ ਤੋਂ ਸਮਾਜ ਦੇ ਵੱਡੇ ਹਿੱਸੇ ਨੇ ਰਾਹਤ ਦਿਵਾਈ ਹੈ। ਹਰ ਤਰ੍ਹਾਂ ਦੇ ਵਿਰੋਧੀ ਹਾਲਾਤ ਦੇ ਬਾਵਜੂਦ 'ਆਪ' ਦੀ ਜਿੱਤ ਨੇ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਨੂੰ ਭਾਰਤੀ ਸਿਆਸਤ ਦਾ ਨਵਾਂ ਅਵਤਾਰ ਬਣਾ ਦਿੱਤਾ ਹੈ। 'ਆਪ' ਨੇ ਇਕ ਤਰ੍ਹਾਂ ਐਲਾਨਿਆ ਹੋਇਆ ਹੈ ਕਿ ਇਹ ਸਾਰੇ ਰਾਜਾਂ ਵਿਚ ਹਕੂਮਤ ਦਾ ਦਿੱਲੀ ਵਾਲਾ ਮਾਡਲ ਲਾਗੂ ਕਰੇਗੀ। ਸ੍ਰੀ ਕੇਜਰੀਵਾਲ ਵੱਲੋਂ ਬੀਤੀ 16 ਫਰਵਰੀ ਨੂੰ ਤੀਜੀ ਵਾਰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਸਮੇਂ ਕਿਸੇ ਵਿਰੋਧੀ ਆਗੂ ਨੂੰ ਨਾ ਸੱਦਣਾ ਵੀ ਉਨ੍ਹਾਂ ਦੀ ਪਾਰਟੀ ਦੀਆਂ ਨਵੀਆਂ ਉਪਜੀਆਂ ਖ਼ਾਹਿਸ਼ਾਂ ਦਾ ਸਾਫ਼ ਸੰਕੇਤ ਹੈ।

ਗ਼ੌਰਤਲਬ ਹੈ ਕਿ 2012 ਵਿਚ ਹੋਇਆ 'ਆਪ' ਦਾ ਉਭਾਰ ਸਮਾਜ ਦੇ ਸਾਰੇ ਤਬਕਿਆਂ ਦੀ ਇਸ ਚਾਹਤ ਦਾ ਸਿੱਟਾ ਸੀ ਕਿ ਉਨ੍ਹਾਂ ਨੂੰ ਵਧੇਰੇ ਇਮਾਨਦਾਰ, ਪਾਰਦਰਸ਼ੀ ਤੇ ਲੋਕ-ਪੱਖੀ ਸਰਕਾਰ ਮਿਲੇ। ਉਨ੍ਹਾਂ ਨੂੰ 'ਆਪ' ਵਿਚ ਨਵੀਂ ਕਿਸਮ ਦੀ ਸਿਆਸਤ ਦੀ ਝਲਕ ਦਿਖਾਈ ਦਿੱਤੀ ਜਿਸ ਲਈ ਲੋਕ ਹਿੱਤ ਸਭ ਤੋਂ ਪਹਿਲਾਂ ਹੋਣਗੇ ਅਤੇ ਜੋ ਦੇਸ਼ ਦੀ ਸਿਆਸਤ ਨੂੰ ਨਵੇਂ ਮਾਅਨੇ ਦੇਵੇਗੀ। ਇਸ ਪ੍ਰਸੰਗ ਵਿਚ ਦਿੱਲੀ ਅਸੈਂਬਲੀ ਦੀਆਂ 2013 ਦੀਆਂ ਚੋਣਾਂ ਦੌਰਾਨ 'ਆਪ' ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਤੇ ਇਸ ਨੇ ਕਾਂਗਰਸ ਦੀ ਹਮਾਇਤ ਨਾਲ ਮਹਿਜ਼ 49 ਦਿਨਾਂ ਦੀ ਸਰਕਾਰ ਚਲਾਈ। ਫਿਰ 2014 ਵਿਚ ਦੇਸ਼ ਦੀਆਂ 16ਵੀਆਂ ਆਮ ਚੋਣਾਂ ਹੋਈਆਂ ਜਿਨ੍ਹਾਂ ਨੇ ਪਾਰਟੀ ਵਿਚ ਜਾਰੀ ਉਥਲ-ਪੁਥਲ ਪੱਖੋਂ ਜ਼ੋਰਦਾਰ ਤਬਦੀਲੀ ਲਿਆਂਦੀ। ਮਤਭੇਦ ਇਨ੍ਹਾਂ ਮੁੱਦਿਆਂ 'ਤੇ ਸੀ ਕਿ ਚੋਣਾਂ ਵਿਚ ਸ੍ਰੀ ਕੇਜਰੀਵਾਲ ਦਿੱਲੀ 'ਤੇ ਹੀ ਧਿਆਨ ਕੇਂਦਰਿਤ ਕਰਨ ਦੇ ਹੱਕ ਵਿਚ ਸਨ ਜਦੋਂਕਿ ਹੋਰ ਨਾਮੀ ਤੇ ਮੁੱਢਲੇ ਆਗੂ ਖ਼ਾਸਕਰ ਪ੍ਰਸ਼ਾਂਤ ਭੂਸ਼ਨ, ਯੋਗੇਂਦਰ ਯਾਦਵ, ਆਨੰਦ ਕੁਮਾਰ ਤੇ ਐਡਮਿਰਲ ਰਾਮ ਦਾਸ ਆਦਿ ਪਾਰਟੀ ਨੂੰ ਮਿਲ ਰਹੇ ਜ਼ੋਰਦਾਰ ਹੁੰਗਾਰੇ ਕਾਰਨ ਦੇਸ਼ ਭਰ 'ਚ ਵੱਧ ਤੋਂ ਵੱਧ ਸੀਟਾਂ ਤੋਂ ਚੋਣ ਲੜਨ ਦੇ ਹਾਮੀ ਸਨ। ਇਸੇ ਸਦਕਾ ਪੰਜਾਬ ਵਾਸੀਆਂ ਨੇ 'ਆਪ' ਨੂੰ ਜ਼ੋਰਦਾਰ ਹੁੰਗਾਰਾ ਦਿੱਤਾ ਅਤੇ ਪਾਰਟੀ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿਚੋਂ ਚਾਰ 'ਤੇ ਜੇਤੂ ਰਹੀ ਤੇ ਇਸ ਨੂੰ 117 ਵਿਚੋਂ 33 ਵਿਧਾਨ ਸਭਾ ਹਲਕਿਆਂ ਵਿਚ ਵੀ ਜੇਤੂ ਲੀਡ ਹਾਸਲ ਹੋਈ ਤੇ ਹੋਰ ਕਰੀਬ ਦੋ ਦਰਜਨ ਹਲਕਿਆਂ ਵਿਚ ਪਾਰਟੀ ਦੂਜੇ ਨੰਬਰ 'ਤੇ ਰਹੀ।

'ਆਪ' ਨੇ ਪੰਜਾਬ ਵਿਚ 25 ਫ਼ੀਸਦੀ ਵੋਟਾਂ



ਹਾਸਲ ਕਰ ਕੇ ਆਪਣੀ ਤਾਕਤ ਦਾ ਲੋਹਾ ਮਨਵਾਇਆ ਤੇ ਇਸ ਮਾਮਲੇ ਵਿਚ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਬਰਾਬਰ ਰਹੀ, ਹਾਲਾਂਕਿ ਉਦੋਂ ਪਾਰਟੀ ਦਾ ਪੰਜਾਬ ਵਿਚ ਬੁਨਿਆਦੀ ਢਾਂਚਾ ਤੱਕ ਨਹੀਂ ਸੀ। ਪਾਰਟੀ ਵੱਲੋਂ ਉਠਾਏ ਨਸ਼ਿਆਂ ਦੇ ਕੋਹੜ, ਕਿਸਾਨ ਖ਼ੁਦਕੁਸ਼ੀਆਂ, ਅਸਮਾਨ ਛੂੰਹਦੀਆਂ ਰੇਤ-ਬਜਰੀ ਦੀਆਂ ਕੀਮਤਾਂ, ਭ੍ਰਿਸ਼ਟਾਚਾਰ, ਗੁੰਡਾਗਰਦੀ, ਹਾਕਮ ਗੱਠਜੋੜ ਦੇ ਆਗੂਆਂ ਦਾ ਘੁਮੰਡ, ਟਰਾਂਸਪੋਰਟ ਤੇ ਸ਼ਰਾਬ ਕਾਰੋਬਾਰ ਵਿਚਲੀ ਅਜਾਰੇਦਾਰੀ, ਅਮਨ-ਕਾਨੂੰਨ ਦੀ ਮਾੜੀ ਹਾਲਤ ਆਦਿ ਦੇ ਮੁੱਦੇ ਪੰਜਾਬੀਆਂ ਨੂੰ ਬਹੁਤ ਪਸੰਦ ਆਏ। ਪਰ ਪਾਰਟੀ ਨੂੰ ਬਾਕੀ ਭਾਰਤ ਵਿਚ ਲੜੀਆਂ ਕਰੀਬ 460 ਸੀਟਾਂ ਵਿਚੋਂ ਇਕ 'ਤੇ ਵੀ ਜਿੱਤ ਨਾ ਮਿਲੀ ਤੇ ਬਹੁਤੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਸਾਫ਼ ਹੈ ਕਿ ਪੰਜਾਬ ਨੇ ਹੀ ਇਸ ਨਵੀਂ ਉਭਰ ਰਹੀ ਪਾਰਟੀ ਨੂੰ ਕੌਮੀ ਪੱਧਰ 'ਤੇ ਮਾਨਤਾ ਦਿਵਾਈ ਤੇ ਪਾਰਟੀ ਦੇ ਚਾਰ ਨੁਮਾਇੰਦੇ ਲੋਕ ਸਭਾ ਵਿਚ ਪਹੁੰਚਾਏ।

ਇਸ ਤੋਂ ਬਾਅਦ ਫਰਵਰੀ 2015 ਵਿਚ ਦਿੱਲੀ ਅਸੈਂਬਲੀ ਦੀਆਂ ਮੱਧਕਾਲੀ ਚੋਣਾਂ ਵਿਚ 'ਆਪ' ਨੇ ਸ਼ਾਨਦਾਰ ਜਿੱਤ ਦਰਜ ਕਰਦਿਆਂ 70 ਵਿਚੋਂ 67 ਸੀਟਾਂ ਜਿੱਤੀਆਂ ਤੇ ਭਾਜਪਾ ਪੱਲੇ ਸਿਰਫ਼ 3 ਸੀਟਾਂ ਪਈਆਂ ਜਦੋਂਕਿ ਕੁਝ ਮਹੀਨੇ ਪਹਿਲਾਂ ਭਾਜਪਾ ਨੇ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ 'ਤੇ ਕਬਜ਼ਾ ਕੀਤਾ ਸੀ। ਇਸ ਜਿੱਤ ਨੇ ਸ੍ਰੀ ਕੇਜਰੀਵਾਲ ਨੂੰ ਪਾਰਟੀ ਦਾ ਇਕੋ-ਇਕ ਚੁਣੌਤੀ ਰਹਿਤ ਆਗੂ ਬਣਾ ਦਿੱਤਾ ਤੇ ਉਨ੍ਹਾਂ ਪਾਰਟੀ ਵਿਚ ਆਪਣੇ ਲਈ ਹਰ ਚੁਣੌਤੀ ਖ਼ਤਮ ਕਰ ਦੇਣ ਦੇ ਮਕਸਦ ਨਾਲ ਪ੍ਰਸ਼ਾਂਤ ਭੂਸ਼ਨ, ਯੋਗੇਂਦਰ ਯਾਦਵ, ਆਨੰਦ ਕੁਮਾਰ, ਐਡਮਿਰਲ ਰਾਮ ਦਾਸ ਵਰਗੇ ਮੁੱਢਲੇ ਆਗੂਆਂ ਨੂੰ ਦੁੱਧ ਵਿਚੋਂ ਮੱਖੀ ਵਾਂਗ ਕੱਢ ਕੇ ਬਾਹਰ ਮਾਰਿਆ ਜੋ 'ਆਪ' ਵਿਚ ਦੇਸ਼ ਦੀ ਰਵਾਇਤੀ ਸਿਆਸਤ ਵਾਲਾ ਪਹਿਲਾ ਝਲਕਾਰਾ ਸੀ। ਬਾਅਦ ਵਿਚ ਪਾਰਟੀ ਦੀ ਇਸੇ ਨੀਤੀ ਦਾ ਸ਼ਿਕਾਰ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਪਰਨੀਤ ਕੌਰ ਨੂੰ ਸਖ਼ਤ ਮੁਕਾਬਲੇ ਵਿਚ ਹਰਾ ਕੇ ਸੀਟ 'ਆਪ' ਦੀ ਝੋਲੀ ਪਾਉਣ ਵਾਲੇ ਡਾ. ਧਰਮਵੀਰ ਗਾਂਧੀ ਹੋਏ ਜੋ ਉਸ ਸਮੇਂ ਪਾਰਟੀ ਦੇ ਸੰਸਦੀ ਦਲ ਦੇ ਆਗੂ ਸਨ। ਉਨ੍ਹਾਂ ਨੂੰ ਸ੍ਰੀ ਕੇਜਰੀਵਾਲ ਦੀਆਂ ਹਦਾਇਤਾਂ ਨਾ ਮੰਨਣ ਕਾਰਨ ਇਸ ਅਹੁਦੇ ਤੋਂ ਹਟਾ ਦਿੱਤਾ ਗਿਆ। ਇਨ੍ਹਾਂ ਕਾਰਵਾਈਆਂ ਨੇ ਪਾਰਟੀ ਦੇ ਅਕਸ ਨੂੰ ਕਾਫ਼ੀ ਢਾਹ ਲਾਈ, ਪਰ ਸ੍ਰੀ ਕੇਜਰੀਵਾਲ ਨੇ ਆਪਣਾ ਅੜੀਅਲ ਰਵੱਈਆ ਜਾਰੀ ਰੱਖਦਿਆਂ ਹੋਰ ਕਈ ਸਤਿਕਾਰਤ ਆਗੂਆਂ ਨੂੰ ਬਾਹਰ ਦਾ ਰਾਸ ਦਿਖਾਇਆ। ਇਨ੍ਹਾਂ ਵਿਚ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵੀ ਸ਼ਾਮਲ ਸਨ ਜਿਨ੍ਹਾਂ ਖ਼ਿਲਾਫ਼ ਇਹ ਕਾਰਵਾਈ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੀ ਗਈ। ਇਸ ਤਰ੍ਹਾਂ ਪਾਰਟੀ ਦਾ ਸਾਰਾ ਢਾਂਚਾ ਟੁੱਟਣਾ ਤੇ ਇਸ ਦਾ 'ਝਾੜੂ' ਖਿੱਲਰਨਾ ਸ਼ੁਰੂ ਹੋ ਗਿਆ। ਸ੍ਰੀ ਕੇਜਰੀਵਾਲ ਦੀਆਂ ਨੀਤੀਆਂ ਨੇ ਪੰਜਾਬ ਦੇ ਵਿਧਾਇਕਾਂ ਨੂੰ ਵੀ ਛੇਤੀ ਹੀ ਨਾਰਾਜ਼ ਕਰ ਲਿਆ ਤੇ ਪੰਜਾਬੀ 'ਆਪ' ਤੋਂ ਨਿਰਾਸ਼-ਹਤਾਸ਼ ਹੁੰਦੇ ਗਏ।

ਇਸ ਸਾਰੇ ਸੰਦਰਭ ਵਿਚ ਸਾਨੂੰ 'ਆਪ' ਦੀ ਪੰਜਾਬ ਦੀ ਸਮਕਾਲੀ ਸਿਆਸਤ ਵਿਚ ਪ੍ਰਸੰਗਕਤਾ ਦੇਖਣ ਦੀ ਲੋੜ ਹੈ ਜਿਥੇ 2014 ਦੀ ਸਫਲਤਾ ਤੋਂ ਬਾਅਦ 'ਆਪ' ਦੀ ਪਹਿਲੀ ਵੱਡੀ ਪਰਖ 2017 ਦੀਆਂ ਵਿਧਾਨ ਸਭਾ ਚੋਣਾਂ ਸਨ। ਇਨ੍ਹਾਂ ਵਿਚ ਪਾਰਟੀ ਆਪਣਾ ਵੋਟ ਆਧਾਰ ਕਾਇਮ ਰੱਖਣ ਵਿਚ ਤਾਂ ਕਾਮਯਾਬ ਰਹੀ, ਪਰ ਸੀਟਾਂ ਪੱਖੋਂ ਬੁਰੀ ਤਰ੍ਹਾਂ ਹਾਰ ਗਈ ਜਿਸ ਤੋਂ ਪਾਰਟੀ ਦੇ ਦੇਸ਼-ਵਿਦੇਸ਼ ਵਿਚਲੇ ਹਮਾਇਤੀ ਬਹੁਤ ਨਿਰਾਸ਼ ਹੋਏ। ਕਿਆਸ ਲਾਏ ਜਾ ਰਹੇ ਸਨ ਕਿ ਪੰਜਾਬ ਵਿਚ ਵੀ 'ਆਪ' ਦਿੱਲੀ ਵਾਲਾ ਹੀ ਕਾਰਨਾਮਾ ਦੁਹਰਾਉਂਦੀ ਹੋਈ 100 ਤੋਂ ਵੱਧ ਸੀਟਾਂ ਜਿੱਤੇਗੀ ਤੇ ਇਹ ਵੀ ਸੱਚ ਹੈ ਕਿ 'ਆਪ' ਤੋਂ ਉਸ ਵਕਤ ਸੂਬੇ ਦੀਆਂ ਮੁੱਖ ਪਾਰਟੀਆਂ ਜਿਵੇਂ ਕਾਂਗਰਸ ਤੇ ਅਕਾਲੀ ਦਲ ਵਿਚ ਘਬਰਾਹਟ ਮਹਿਸੂਸ ਕੀਤੀ ਜਾ ਰਹੀ ਸੀ। ਪਰ ਚੋਣਾਂ ਦੇ ਨਤੀਜੇ ਪਾਰਟੀ ਹਮਦਰਦਾਂ ਹੀ ਨਹੀਂ, ਸਾਰਿਆਂ ਲਈ ਹੈਰਾਨੀਜਨਕ ਸਨ ਕਿਉਂਕਿ 'ਆਪ' ਮਹਿਜ਼ 20 ਸੀਟਾਂ ਜਿੱਤ ਸਕੀ ਤੇ ਦੋ ਦਰਜਨ ਤੋਂ ਵੱਧ ਸੀਟਾਂ 'ਤੇ ਇਸ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਪਾਰਟੀ ਨੇ ਇਨ੍ਹਾਂ ਚੋਣਾਂ ਦੇ ਨਾਲ ਹੀ ਨਵੀਂ ਕਿਸਮ ਦੀ ਸਿਆਸਤ ਦੇਣ ਪੱਖੋਂ ਆਪਣੀ ਸਾਖ ਵੀ ਬੁਰੀ ਤਰ੍ਹਾਂ ਗੁਆ ਲਈ।

ਪੰਜਾਬ ਵਿਚ 'ਆਪ' ਦੀ ਹਾਰ ਦੇ ਕਈ ਕਾਰਨ ਸਨ, ਪਰ ਮੁੱਖ ਕਾਰਨ ਸੀ ਸ੍ਰੀ ਕੇਜਰੀਵਾਲ ਕੋਲ ਤਾਕਤਾਂ ਦਾ ਭਾਰੀ ਕੇਂਦਰੀਕਰਨ ਤੇ ਉਨ੍ਹਾਂ ਵੱਲੋਂ ਪੰਜਾਬ ਵਿਚ ਲਾਏ

(ਬਾਕੀ ਸਫ਼ਾ 22 'ਤੇ)


New Introducing
Chaat Corner
Raja
King of Sweets Now Presents
Come and Enjoy Mouth Watering Chaat All Day
ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ
•BHEL PAPDI CHAAT
•FALUDA KULFI
•GOL GAPPE (PANI PURI)
•KHASTA KACHORI
RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100


MOON
indian cuisine
Moon Indian Cuisine
510-780-9233
ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ
* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜਰਬੇਕਾਰ ਕੁੱਕ
Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ
ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ
ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।
Paul 510-978-7170
Over 30 Years Experience in Restaurant & Catering Business
ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net


TEC Equipment
Your Best Business Partner
OAKLAND
ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿੰਦੇ ਹਾਂ
THE WEST'S LEADING FULL-SERVICE TRUCK
AND TRAILER DEALERSHIP
SALES & LEASING • PARTS & SERVICE • FINANCE & INSURANCE
MACK
HARJINDER SINGH BAL
NEW TRUCK SALES
Direct 510-577-5509 | Cell 510-613-3573
hsingh@tecequipment.com
TECEQUIPMENT.COM
8099 S COLISEUM WAY, OAKLAND, CA 94621



Cosmetic & Family Dentistry

# UPPAL DENTAL CARE

50 % Discount for Cash Patients



Charanjit S Uppal
D.D.S.

INVISALIGN

Call for Details
Straighten Teeth Without Wires

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com





# Quick Lube & Smog

We rent U-HAUL

OIL CHANGE & SMOG CHECK STATION

## SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330



# TASTE OF INDIA

specialist- Gurh Dee Barfee, Gurh Diyaan Jalebian

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

YOUR ONE-STOP CENTER BOTH FABRICS & APPLIANCES

*APPLIANCES & LUGGAGE CROSS, PARKER PENS, OSTER BLENDERS*

Watches (Seiko, Citizen & Swistar)
Shavers & Trimmers
Cellular Phones

## Onkar Singh Banwait

5156 Mowry AVE. Fremont. CA 94538
Tel- 510-797-7111

# ਕਰੋਨਾ ਮਸਲੇ ਦੀਆਂ ਤਹਿਆਂ ਫਰੋਲਦਿਆਂ




ਡਾ. ਅਮਰ ਸਿੰਘ ਆਜ਼ਾਦ

ਅੱਜਕੱਲ੍ਹ ਚਾਰ-ਚੁਫੇਰੇ ਕਰੋਨਾਵਾਇਰਸ ਦੀ ਚਰਚਾ ਹੀ ਨਹੀਂ, ਹੱਦ ਦਰਜੇ ਦਾ ਡਰ ਦਾ ਮਾਹੌਲ ਵੀ ਹੈ। ਇਸ ਲਈ ਹੁਣ ਇਹ ਜਾਣਨਾ ਬੇਹੱਦ ਜ਼ਰੂਰੀ ਹੋ ਗਿਆ ਹੈ ਕਿ ਇਹ ਦਹਿਸ਼ਤ ਕਿਸੇ ਵਿਗਿਆਨਕ ਤੱਥ ਤੇ ਆਧਾਰਿਤ ਹੈ? ਇਸ ਸਮੱਸਿਆ ਨਾਲ ਜੁੜਿਆ ਘਟਨਾ-ਕ੍ਰਮ ਇੰਨੀ ਤੇਜ਼ੀ ਨਾਲ ਵਾਪਰਿਆ ਹੈ ਕਿ ਹਰ ਸ਼ਖ਼ਸ ਭੌਂਚੱਕਾ ਰਹਿ ਗਿਆ ਹੈ। ਕਰੋਨਾਵਾਇਰਸ ਨਾਲ ਜੋੜ ਕੇ ਇੰਨੇ ਸਖਤ ਅਤੇ ਦੂਰ-ਪ੍ਰਭਾਵੀ ਕਦਮ ਉਠਾਏ ਜਾ ਰਹੇ ਹਨ। ਜਦ ਤੱਕ ਅਸੀਂ ਇਸ ਵਰਤਾਰੇ ਨੂੰ ਸਰਵ-ਪੱਖੀ ਢੰਗ ਨਾਲ ਸਮਝਣ ਦੀ ਕੋਸ਼ਿਸ਼ ਨਹੀਂ ਕਰਾਂਗੇ, ਤਦ ਤੱਕ ਇਹ ਸਾਡੀ ਪਕੜ ਵਿਚ ਨਹੀਂ ਆਵੇਗਾ। ਉਮੀਦ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਮਸਲਾ ਸਮਝਣ ਲਈ ਹੋਰ ਅਨੇਕਾਂ ਕੋਸ਼ਿਸ਼ਾਂ ਹੋਣਗੀਆਂ ਜੋ ਇਸ ਸਮੱਸਿਆ ਨੂੰ ਹੱਲ ਕਰਨ ਵਿਚ ਸਹਾਈ ਹੋਣਗੀਆਂ।

ਬ੍ਰਹਿਮੰਡ ਦੀ ਰਚਨਾ ਵਿਚ ਕਰੋੜਾਂ ਗਲੈਕਸੀਆਂ ਹਨ। ਇਹ ਗਲੈਕਸੀਆਂ ਊਰਜਾ ਦੇ ਭਰੇ ਅਥਾਹ ਆਕਾਸ਼ ਵਿਚ ਸਥਿਤ ਹਨ। ਊਰਜਾ ਦੇ ਭਰੇ ਇਸ ਅਥਾਹ ਆਕਾਸ਼ ਨੂੰ ਵਿਗਿਆਨ ਨੇ 'ਕੁਆਂਟਮ-ਫੀਲਡ' ਦਾ ਨਾਮ ਦਿੱਤਾ ਹੈ। ਵਿਗਿਆਨ ਨੇ ਹੁਣ ਇਹ ਮੰਨ ਲਿਆ ਹੈ ਇਹ ਕੁਆਂਟਮ-ਫੀਲਡ ਕੋਈ ਮੁਰਦਾ ਚੀਜ਼ ਨਹੀਂ ਸਗੋਂ ਚੇਤੰਨ ਹੈ ਅਤੇ ਆਪਣੇ ਹੀ ਬਣਾਏ ਹੋਏ ਕਨੂੰਨਾਂ ਤਹਿਤ ਚੱਲਦਾ ਹੈ। ਜਦ ਵਿਗਿਆਨੀ ਕੁਆਂਟਮ-ਫੀਲਡ ਦਾ ਅਧਿਐਨ ਕਰ ਰਹੇ ਸਨ ਤਾਂ ਉਹ ਅਵਾਕ ਹੀ ਰਹਿ ਗਏ, ਕਿਉਂਕਿ ਇਸ ਦੇ ਸਾਰੇ ਗੁਣ ਉਹੀ ਹਨ ਜੋ ਉਪਨਿਸ਼ਦਾਂ ਦੇ ਰਿਸ਼ੀਆਂ ਅਤੇ ਗੁਰਬਾਣੀ ਦੇ ਗੁਰੂਆਂ ਨੇ ਪਰਮਾਤਮਾ ਦੇ ਗੁਣ ਦੱਸੇ ਹਨ। ਇਸ ਊਰਜਾ ਭਰੇ ਆਕਾਸ਼ (ਕੁਆਂਟਮ-ਫੀਲਡ) ਵਿਚ ਕਰੋੜਾਂ ਗਲੈਕਸੀਆਂ ਸਥਿਤ ਹਨ। ਹਰ ਗਲੈਕਸੀ ਵਿਚ ਕਰੋੜਾਂ ਤਾਰੇ ਹਨ। ਹਰ ਤਾਰੇ ਦੀਆਂ ਕਰੋੜਾਂ ਧਰਤੀਆਂ ਹਨ। ਸਾਡੇ ਤਾਰੇ ਦਾ ਨਾਮ ਸੂਰਜ ਹੈ ਜੋ ਆਕਾਸ਼ ਗੰਗਾ ਨਾਮੀ ਗਲੈਕਸੀ ਦਾ ਹਿੱਸਾ ਹੈ। ਸੂਰਜ ਦੀਆਂ ਅੱਠ ਧਰਤੀਆਂ ਵਿਚੋਂ ਸਿਰਫ ਸਾਡੀ ਧਰਤੀ ਤੇ ਇੱਕ ਸੁੰਦਰ ਕੁਦਰਤ ਦਾ ਵਾਸ ਹੈ ਜਿਸ ਦਾ ਮਨੁੱਖ ਸਭ ਤੋਂ ਵਿਕਸਤ ਜੀਵ ਹੈ। ਇਸ ਧਰਤੀ ਤੇ ਮਨੁੱਖ ਤੱਕ ਦਾ ਵਿਕਾਸ ਹੋਣ ਲਈ ਕਰੋੜਾਂ ਸਾਲ ਲੱਗੇ। ਧਰਤੀ ਤੇ ਜੀਵਨ ਦਾ ਵਿਕਾਸ ਸੂਖਮ ਜੀਵਾਂ ਨਾਲ ਸ਼ੁਰੂ ਹੋਇਆ।

ਵਿਗਿਆਨ ਅਨੁਸਾਰ ਸੂਖਮ ਜੀਵ (ਬੈਕਟੀਰੀਆ, ਵਾਇਰਸ ਆਦਿ) ਕੋਈ ਬਾਹਰੀ ਚੀਜ਼ ਨਹੀਂ, ਉਹ ਪੂਰੇ ਜੀਵਨ ਦਾ ਆਧਾਰ ਹਨ। ਜਦੋਂ ਅਜੇ ਵੱਡਾ ਜੀਵਨ ਪੈਦਾ ਨਹੀਂ ਸੀ ਹੋਇਆ, ਕਰੋੜਾਂ ਸਾਲਾਂ ਤੱਕ ਉਹ ਇੱਕਲੇ ਹੀ ਇਸ ਧਰਤੀ ਦੇ ਨਿਵਾਸੀ ਸਨ। ਉਨ੍ਹਾਂ ਦੀ ਕਰੋੜਾਂ ਸਾਲਾਂ ਦੀ ਜੀਵਨ ਪ੍ਰਕਿਰਿਆ ਨਾਲ ਹੀ ਧਰਤੀ ਉਪਰ ਵੱਡੇ ਜੀਵਨ ਲਈ ਆਸਾਰ ਪੈਦਾ ਹੋਏ। ਇਸ ਤਰ੍ਹਾਂ ਇਹ ਬੈਕਟੀਰੀਆ ਅਤੇ ਵਾਇਰਸ ਵੱਡੇ ਜੀਵਨ ਨੂੰ ਪੈਦਾ ਕਰਨ ਦਾ ਆਧਾਰ ਬਣੇ। ਅੱਜ ਉਹ ਧਰਤੀ ਦੇ ਹਰ ਕਣ ਵਿਚ ਵਸਦੇ ਹਨ- ਹਵਾ, ਪਾਣੀ, ਮਿੱਟੀ, ਭੋਜਨ-ਲੜੀ ਅਤੇ ਹਰ ਜੀਵਾਂ ਦੇ ਸਰੀਰ ਵਿਚ। ਉਹ ਵੱਡੇ ਜੀਵਨ ਦੇ ਸਿਰਫ ਜਨਮ-ਦਾਤੇ ਹੀ ਨਹੀਂ ਸਗੋਂ ਜਦ ਵੱਡਾ ਜੀਵਨ ਪੈਦਾ ਹੋ ਗਿਆ ਤਾਂ ਉਹ ਇਸ ਜੀਵਨ ਦਾ ਪਾਲਣ-ਪੋਸ਼ਣ ਕਰਨ ਦਾ ਵੀ ਆਧਾਰ ਬਣੇ ਅਤੇ ਅੱਜ ਵੀ ਹਨ। ਅੱਜ ਵੀ ਜਦ ਵੱਡਾ ਜੀਵਨ ਧਰਤੀKਮਾਂ ਦੀ ਕੁੱਖ ਵਿਚ ਜੰਮਦਾ ਹੈ ਤਾਂ ਇਹ ਬੈਕਟੀਰੀਆ ਤੇ ਵਾਇਰਸ ਉਸ ਨੂੰ ਪੈਦਾ ਕਰਨ ਅਤੇ ਫਿਰ ਪਾਲਣ-ਪੋਸ਼ਣ ਕਰਨ ਵਿਚ ਵੱਡਾ ਰੋਲ ਨਿਭਾਉਂਦੇ ਹਨ। ਸਾਡੇ ਸਰੀਰ ਵਿਚ ਔਸਤਨ 1 ਕਰੋੜ ਕਰੋੜ ਸਾਡੇ ਸੈੱਲ ਹਨ; 10 ਕਰੋੜ ਕਰੋੜ ਬੈਕਟੀਰੀਆ ਹਨ ਜੋ ਸਾਡੇ ਸਰੀਰ ਵਿਚ ਰਹਿੰਦੇ ਹਨ ਅਤੇ 100 ਕਰੋੜ ਕਰੋੜ ਵਾਇਰਸ ਹਨ ਜੋ ਸਾਡੇ ਸੈੱਲਾਂ ਵਿਚ ਹਰ ਵਕਤ ਮੌਜੂਦ ਹੁੰਦੇ ਹਨ।

### ਅੰਕੜੇ ਕੀ ਕਹਿੰਦੇ ਹਨ?




ਫਲੂ ਦੀਆਂ ਅਲਾਮਤਾਂ (ਜ਼ੁਕਾਮ, ਬੁਖਾਰ, ਹੱਡ-ਪੈਰ ਟੁੱਟਣਾ, ਠੰਢKਕਾਂਬਾ ਲੱਗਣਾ, ਟੱਟੀਆਂKਉਲਟੀਆਂ ਲੱਗਣਾ ਆਦਿ) ਕਰਨ ਵਾਲੀਆਂ 100 ਦੇ ਲਗਭੱਗ ਵਾਇਰਸਾਂ (ਵਿਸ਼ਾਣੂ) ਹਨ ਜਿਨ੍ਹਾਂ ਨੂੰ ਵਿਗਿਆਨ ਦੇ ਵਰਗੀਕਰਨ ਅਨੁਸਾਰ 8-10 ਗਰੁੱਪਾਂ ਵਿਚ ਵੰਡਿਆ ਗਿਆ ਹੈ; ਕਰੋਨਾਵਾਇਰਸ ਵੀ ਇਨ੍ਹਾਂ ਵਿਚੋਂ ਇੱਕ ਗਰੁੱਪ ਹੈ। ਅੱਜਕੱਲ੍ਹ ਹਰ ਬਾਲਗ ਨੂੰ ਸਾਲ ਵਿਚ ਚਾਰ ਅਤੇ ਬੱਚੇ ਨੂੰ ਛੇ ਵਾਰ ਅਜਿਹੀਆਂ ਅਲਾਮਤਾਂ ਹੁੰਦੀਆਂ ਹਨ। ਜਦੋਂ ਕੋਈ ਵਾਇਰਸ ਫੈਲਦੀ ਹੈ ਤਾਂ ਕੁੱਲ ਆਬਾਦੀ ਦਾ ਸਿਰਫ 10-15% ਹਿੱਸਾ ਹੀ ਇਸ ਦੀ ਮਾਰ ਵਿਚ ਆਉਂਦਾ ਹੈ; ਬਾਕੀ 85-90% ਇਸ ਤੋਂ ਅਛੂਤਾ ਰਹਿੰਦਾ ਹੈ, ਕਿਉਂਕਿ ਉਨ੍ਹਾਂ ਅੰਦਰ ਕੁਦਰਤ ਦੀ ਦਿੱਤੀ ਦਾਤ (ਜੋ ਪਹਿਲਾਂ ਬਿਮਾਰ ਹੋਣ ਨਾਲ ਬਣੀ) ਜਿਸ ਨੂੰ ਵਿਗਿਆਨ ਇਮਿਊਨਿਟੀ ਕਹਿੰਦਾ ਹੈ, ਪ੍ਰਚੰਡ ਹੁੰਦੀ ਹੈ। ਮਾਰ ਵਿਚ ਆਉਣ ਵਾਲਿਆਂ ਵਿਚੋਂ 80% ਲੋਕਾਂ ਨੂੰ ਇਹ ਅਲਾਮਤਾਂ ਇੰਨੀਆਂ ਹਲਕੀਆਂ-ਫੁਲਕੀਆਂ ਹੁੰਦੀਆਂ ਹਨ (ਕਿਉਂਕਿ ਉਨ੍ਹਾਂ ਵਿਚ ਇਹ ਇਮਿਊਨਿਟੀ ਮੌਜੂਦ ਸੀ ਪਰ ਉਹ ਪੂਰੀ ਪ੍ਰਚੰਡ ਨਹੀਂ ਸੀ) ਕਿ ਉਨ੍ਹਾਂ ਨੂੰ ਕਿਸੇ ਡਾਕਟਰੀ ਮਦਦ ਦੀ ਲੋੜ ਨਹੀਂ ਪੈਂਦੀ। ਉਹ ਆਪਣਾ ਕੰਮ-ਕਾਰ ਵੀ ਆਮ ਵਾਂਗ ਕਰਦੇ ਰਹਿੰਦੇ ਹਨ ਅਤੇ 2-4 ਦਿਨ ਵਿਚ ਆਪਣੇ-ਆਪ ਹੀ ਠੀਕ ਹੋ ਜਾਂਦੇ ਹਨ। ਬਾਕੀ 20% ਨੂੰ ਇਹ ਅਲਾਮਤਾਂ ਕੁਝ ਵਧ ਹੁੰਦੀਆਂ ਹਨ (ਕਿਉਂਕਿ ਉਨ੍ਹਾਂ ਦੀ ਇਮਿਊਨਿਟੀ ਕਮਜ਼ੋਰ ਸੀ)।

ਇਨ੍ਹਾਂ ਵਿਚੋਂ ਵੀ ਬਹੁਤੇ 2-4 ਦਿਨ ਆਰਾਮ ਕਰਨ ਅਤੇ ਛੋਟੀ-ਮੋਟੀ ਡਾਕਟਰੀ ਮਦਦ ਉਪਰੰਤ ਆਪਣੇ-ਆਪ ਹੀ ਠੀਕ ਹੋ ਜਾਂਦੇ ਹਨ। ਮਾਰ ਵਿਚ ਆਏ ਸ਼ਖ਼ਸਾਂ ਵਿਚੋਂ ਸਿਰਫ 1% ਹੀ ਹਸਪਤਾਲ ਪਹੁੰਚਦੇ ਹਨ (ਜਿਨ੍ਹਾਂ ਦੀ ਇਮਿਊਨਿਟੀ ਬਹੁਤ ਕਮਜ਼ੋਰ ਸੀ)। ਉੱਥੇ ਇਨ੍ਹਾਂ ਦੇ ਟੈਸਟ ਕੀਤੇ ਜਾਂਦੇ ਹਨ। ਇਨ੍ਹਾਂ ਵਿਚੋਂ ਘੱਟੋ-ਘੱਟ 2 ਤੋਂ 10% ਦੀ ਮੌਤ ਹੋ ਜਾਂਦੀ ਹੈ। ਮਰਨ ਵਾਲੇ ਲੋਕ ਉਹ ਹੁੰਦੇ ਹਨ ਜਿਨ੍ਹਾਂ ਦੀ ਇਮਿਊਨਿਟੀ ਬੇਹੱਦ ਕਮਜ਼ੋਰ ਹੁੰਦੀ ਹੈ ਜਾਂ ਉਹ ਹੋਰ ਬਿਮਾਰੀਆਂ ਤੋਂ ਵੀ ਪੀੜਤ ਹੁੰਦੇ ਹਨ।

ਅਮਰੀਕਾ ਦੀ ਉਦਾਹਰਣ ਲੈ ਕੇ ਇਸ ਤੱਥ ਨੂੰ ਹੋਰ ਸਪਸ਼ਟ ਕਰੀਏ। ਅਮਰੀਕਾ ਦੀ ਆਬਾਦੀ 35 ਕਰੋੜ ਹੈ ਜਿਸ ਵਿਚੋਂ ਹਰ ਸਾਲ 3.5 ਤੋਂ 5 ਲੱਖ (10-15%) ਲੋਕ ਫਲੂ ਦੀਆਂ ਅਲਾਮਤਾਂ ਤੋਂ ਪੀੜਤ ਹੁੰਦੇ ਹਨ। ਇਨ੍ਹਾਂ ਵਿਚੋਂ 3.5 ਲੱਖ (1%) ਗੰਭੀਰ ਅਲਾਮਤਾਂ ਵਾਲੇ ਹਸਪਤਾਲ ਜਾਂਦੇ ਹਨ। ਮੌਜੂਦਾ 'ਕਰੋਨਾਵਾਇਰਸ ਮਹਾਮਾਰੀ' ਦੇ ਹੁਣ ਤੱਕ ਦੇ ਅੰਕੜੇ ਇਹ ਸਪੱਸ਼ਟ ਦਰਸਾ ਰਹੇ ਹਨ ਕਿ ਹਸਪਤਾਲ ਵਿਚ ਦਾਖਲ ਮਰੀਜ਼ਾਂ ਵਿਚੋਂ ਇਟਲੀ ਵਿਚ ਮੌਤ ਦਰ ਸਭ ਤੋਂ ਵਧ (9%) ਹੈ; ਚੀਨ ਵਿਚ ਉਸ ਤੋਂ ਘੱਟ (4%) ਅਤੇ ਬਾਕੀ ਸਭ ਦੇਸ਼ਾਂ ਵਿਚ ਇਸ ਤੋਂ ਵੀ ਘੱਟ ਹੈ। ਪੂਰੀ ਦੁਨੀਆਂ ਦੀ ਔਸਤ 2-3% ਤੋਂ ਵਧ ਨਹੀਂ ਬਣਦੀ।

ਉਂਜ, ਇਸ ਬਿਮਾਰੀ ਕਾਰਨ ਵੱਡੀਆਂ ਮੁਸ਼ਕਿਲਾਂ ਆ ਰਹੀਆਂ ਹਨ। ਰੁਜ਼ਗਾਰ ਵਿਚ ਲੱਗੇ ਲੋਕ ਬੇਰੁਜ਼ਗਾਰ ਹੋ ਰਹੇ ਹਨ। ਰੋਜ਼ ਕਮਾਓ-ਰੋਜ਼ ਖਾਓ ਵਾਲੇ, ਛੋਟੇ ਦੁਕਾਨਦਾਰ, ਫੜ੍ਹੀਆਂ ਵਾਲੇ, ਰਿਕਸ਼ਿਆਂ-ਰੇਹੜੀਆਂ ਵਾਲੇ, ਮਜ਼ਦੂਰ ਤੇ ਕੱਚੇ ਮੁਲਾਜ਼ਮ ਇਸ ਆਰਥਿਕ ਮੰਦੀ ਦੀ ਮਾਰ ਹੇਠ ਦਬਣ ਵੱਲ ਵਧ ਰਹੇ ਹਨ। ਛੋਟੇ ਅਤੇ ਦਰਮਿਆਨੇ ਕਾਰੋਬਾਰ ਠੱਪ ਹੋ ਰਹੇ ਹਨ। ਇਸ ਸਾਰੇ ਵਰਤਾਰੇ ਨਾਲ ਡਰ ਅਤੇ ਅਸੁਰੱਖਿਆ ਦੀ ਭਾਵਨਾ ਵਧੇਗੀ। ਇਹ ਵਿਗਿਆਨਕ ਸੱਚ ਹੈ ਕਿ ਡਰ ਅਤੇ ਅਸੁਰੱਖਿਆ ਦੀ ਭਾਵਨਾ ਜਿੱਥੇ ਸਰੀਰ ਦੀ ਲੜਨ ਸ਼ਕਤੀ (ਇਮਿਊਨਿਟੀ) ਦੀ ਵੈਰੀ ਹੈ, ਉੱਥੇ ਇਹ ਅਨੇਕਾਂ ਮਾਨਸਿਕ ਪ੍ਰੇਸ਼ਾਨੀਆਂ ਦਾ ਆਧਾਰ ਵੀ ਬਣਦੀ ਹੈ।

ਪੂਰੀ ਦੁਨੀਆਂ ਵਿਚ ਹਰ ਸਾਲ 10 ਕਰੋੜ ਬੰਦੇ ਮਰਦੇ ਹਨ ਜਿਨ੍ਹਾਂ ਵਿਚੋਂ 1 ਕਰੋੜ 70 ਲੱਖ (ਹਰ ਰੋਜ਼ 50000) ਬੰਦੇ ਛੂਤ ਦੀਆਂ ਬਿਮਾਰੀਆਂ (ਇਨਫੈਕਸ਼ਨਾਂ) ਨਾਲ ਮਰਦੇ ਹਨ।

ਇਨਫੈਕਸ਼ਨਾਂ ਨਾਲ ਮਰਨ ਵਾਲਿਆਂ ਵਿਚੋਂ ਸਾਹ-ਪ੍ਰਣਾਲੀ ਦੀਆਂ ਇਨਫੈਕਸ਼ਨਾਂ (ਕਰੋਨਾ ਅਤੇ ਫਲੂ ਕਰਨ ਵਾਲੀਆਂ ਬਾਕੀ ਵਾਇਰਸਾਂ ਸਮੇਤ) ਦੀ ਵੱਡੀ ਭੂਮਿਕਾ ਹੁੰਦੀ ਹਨ। ਬਾਕੀ ਇਨਫੈਕਸ਼ਨਾਂ ਵਿਚੋਂ ਟੀਬੀ ਨਾਲ 15 ਲੱਖ, ਕਾਲੇ ਪੀਲੀਏ ਨਾਲ 14 ਲੱਖ ਅਤੇ ਡੇਂਗੂ ਨਾਲ 25 ਹਜ਼ਾਰ ਤੋਂ ਇੱਕ ਲੱਖ ਮੌਤ ਹਰ ਸਾਲ ਹੁੰਦੀ ਹੈ।

ਦੁਨੀਆਂ ਵਿਚ ਮੌਜੂਦਾ ਵਰਤਾਰਾ ਅਮਰੀਕੀ ਪ੍ਰਭਾਵ ਹੇਠਲੇ ਉਤਰੀ ਅਮਰੀਕਾ, ਯੂਰੋਪ ਅਤੇ ਭਾਰਤ ਵਰਗੇ ਦੇਸ਼ਾਂ ਵਿਚ ਬਹੁਤਾ ਭਾਰੂ ਹੈ।

ਰੂਸ ਇਸ ਉਪਰ ਸ਼ਾਂਤ ਹੈ। ਲਾਤੀਨੀ ਅਮਰੀਕਾ ਅਤੇ ਅਫਰੀਕਾ ਵਿਚ ਵੀ ਇਹ ਰੌਲਾ-ਰੱਪਾ ਨਹੀਂ ਪੈ ਰਿਹਾ। ਚੀਨ ਵਿਚ ਵੂਹਾਨ ਨੂੰ ਛੱਡ ਕੇ ਬਾਕੀ ਸਭ ਆਮ ਵਾਂਗ ਚੱਲ ਰਿਹਾ ਹੈ।

ਖਾਣ-ਪੀਣ ਦੇ ਅਸੂਲਾਂ ਵਿਚ ਸ਼ਾਮਿਲ ਹਨ- ਕੋਈ ਵੀ ਸਨਅਤੀKਰਿਫਾਈਂਡKਡੱਬਾ-ਬੰਦ ਭੋਜਨ ਨਾ ਖਾਣਾ, ਦਿਨ ਭਰ ਦੇ ਕੁੱਲ ਭੋਜਨ ਦਾ ਅੱਧਾ ਖਾਣਾ ਕੱਚਾ (ਮੌਸਮੀ ਫਲ, ਸਲਾਦ, ਚਟਨੀ ਤੇ ਜੂਸ) ਖਾਣਾ। ਬਿਮਾਰੀ ਹੋਣ ਦੀ ਸੂਰਤ ਵਿਚ 3 ਦਿਨ ਜੂਸ/ਨਾਰੀਅਲ ਪਾਣੀ ਅਤੇ ਫਲ-ਸਲਾਦ ਦੀ ਜ਼ਿਆਦਾ ਵਰਤੋਂ ਕਰਨਾ ਸ਼ਾਮਿਲ ਹੈ। ਸਰੀਰ ਦੀ ਬਿਮਾਰੀ ਨਾਲ ਲੜਨ ਵਾਲੀ ਤਾਕਤ ਮਜ਼ਬੂਤ ਕਰਨ ਲਈ ਦਵਾ-ਪੌਦਿਆਂ ਵਿਚ ਤੁਲਸੀ, ਨਿੰਮ, ਗਿਲੋਅ, ਅਦਰਕ, ਮਸਾਲੇ, ਪੁਦੀਨਾ, ਹਲਦੀ, ਪਪੀਤਾ ਅਤੇ ਹੋਰ ਅਨੇਕਾਂ ਘਰੇਲੂ ਉਪਚਾਰ ਕਾਰਗਰ ਹਨ।

# ਕਰੋਨਾਵਾਇਰਸ ਤੇ ਪੰਜਾਬ ਦੀ ਸਮੱਸਿਆ



ਕਰੋਨਾਵਾਇਰਸ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਨ ਲਈ ਪੰਜਾਬ ਸਰਕਾਰ ਨੇ ਜਨਤਕ ਕਰਫ਼ਿਊ ਤੋਂ ਬਾਅਦ ਕਾਨੂੰਨ ਵਿਵਸਥਾ ਵਾਲਾ ਵਿਧੀਵਤ ਕਰਫ਼ਿਊ ਲਗਾਉਣ ਦਾ ਐਲਾਨ ਕੀਤਾ ਹੈ। ਪਰਵਾਸੀਆਂ ਦੀ ਸੰਖਿਆ ਵੱਧ ਹੋਣ ਕਰਕੇ ਪੰਜਾਬ ਵਾਇਰਸ ਦੇ ਫੈਲਾਅ ਦੀ ਸੰਭਾਵਨਾ ਪੱਖੋਂ ਸੰਵੇਦਨਸ਼ੀਲ ਸੂਬਾ ਹੈ। ਕਰਫ਼ਿਊ ਆਮ ਤੌਰ ਉੱਤੇ ਪ੍ਰਸ਼ਾਸਨਿਕ ਕਦਮਾਂ ਵਿਚੋਂ ਸਭ ਤੋਂ ਸਖ਼ਤ ਕਦਮ ਸਮਝਿਆ ਜਾਂਦਾ ਹੈ। ਲੋਕਾਂ ਨੂੰ ਕਾਨੂੰਨਨ ਆਪਣੇ ਘਰਾਂ ਵਿਚ ਬੰਦ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਅਜਿਹੇ ਸਮਿਆਂ ਵਿਚ ਦਿਹਾੜੀਦਾਰ ਕਾਮਿਆਂ ਨੂੰ ਸਭ ਤੋਂ ਵੱਧ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਨੂੰ ਉਨ੍ਹਾਂ ਉੱਤੇ ਪੈਣ ਵਾਲੇ ਪ੍ਰਭਾਵ ਨੂੰ ਧਿਆਨ ਵਿਚ ਰੱਖਦਿਆਂ ਸੰਤੁਲਿਤ ਕਦਮ ਉਠਾਉਣ ਦੀ ਲੋੜ ਹੈ।

ਪੰਜਾਬ ਦੇ ਮੁੱਖ ਮੰਤਰੀ ਨੇ ਪਹਿਲੀ ਵਾਰ ਕੁਝ ਕਦਮਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ 'ਚ ਮਾਰਚ ਮਹੀਨੇ ਦੀ ਵਿਧਵਾ, ਬੁਢਾਪਾ ਪੈਨਸ਼ਨ ਜਾਰੀ ਕਰਨਾ, ਦੋ ਮਹੀਨਿਆਂ ਦੇ ਬਿਜਲੀ ਬਿਲ ਅੱਗੇ ਪਾ ਦੇਣੇ, ਸ਼ਹਿਰਾਂ ਦੇ ਬਿਜਲੀ, ਪਾਣੀ ਤੇ ਸੀਵਰੇਜ ਦੇ ਬਿਲਾਂ ਦੀ ਵਸੂਲੀ ਅਤੇ ਪ੍ਰਾਪਰਟੀ ਟੈਕਸ ਦੀ ਵਸੂਲੀ ਅੱਗੇ ਪਾ ਦੇਣ ਦੇ ਫ਼ੈਸਲੇ ਸ਼ਾਮਿਲ ਹਨ। ਮੁੱਖ ਮੰਤਰੀ ਰਾਹਤ ਕੋਸ਼ ਲਈ ਮੰਤਰੀਆਂ ਨੇ ਇਕ ਇਕ ਮਹੀਨੇ ਦੀ ਤਨਖ਼ਾਹ ਦੇਣ ਦਾ ਐਲਾਨ ਵੀ ਕੀਤਾ ਹੈ। ਮੁੱਖ ਮੰਤਰੀ ਨੇ 20 ਕਰੋੜ ਰੁਪਏ ਜਾਰੀ ਕਰਕੇ ਡਿਪਟੀ ਕਮਿਸ਼ਨਰਾਂ ਅਤੇ ਐੱਸਡੀਐੱਮਜ਼ ਨੂੰ ਕਿਹਾ ਹੈ ਕਿ ਇਹ ਪੈਸਾ ਲੋੜਵੰਦਾਂ ਨੂੰ ਭੋਜਨ, ਰਿਹਾਇਸ਼ ਅਤੇ ਦਵਾਈਆਂ ਦੇਣ ਲਈ ਵਰਤਿਆ ਜਾਵੇ। ਅਸਲ ਵਿਚ ਇਹ ਸੰਕੇਤਕ ਕਦਮ ਹਨ। ਪ੍ਰਸ਼ਾਸਨਿਕ ਢਾਂਚੇ ਦੀ ਕਾਰਜਕੁਸ਼ਲਤਾ ਦੀ ਪਰਖ਼ ਸੰਕਟ ਵਿਚ ਹੋਰ ਵੀ ਜ਼ਿਆਦਾ ਹੁੰਦੀ ਹੈ। ਲੋੜਵੰਦ ਤਾਂ ਲੱਖਾਂ ਦੀ ਗਿਣਤੀ ਵਿਚ ਹੋਣਗੇ। ਉਨ੍ਹਾਂ ਦੀ ਨਿਸ਼ਾਨਦੇਹੀ ਅਤੇ ਉਨ੍ਹਾਂ ਦੀ ਲੋੜ ਪੂਰੀ ਕਰਨ ਦਾ ਤਰੀਕੇ ਵਿਚ ਸਪੱਸ਼ਟਤਾ ਲਿਆਉਣ ਦੀ ਜ਼ਰੂਰਤ ਹੈ।

ਦਿੱਲੀ ਵਿਚ ਆਮ ਆਦਮੀ ਪਾਰਟੀ ਦਾ ਫ਼ੈਸਲਾ ਗ਼ੌਰ ਕਰਨ ਲਾਇਕ ਹੈ ਕਿ ਉਸ ਨੇ ਪ੍ਰਾਈਵੇਟ ਸੰਸਥਾਵਾਂ ਅਤੇ ਕਾਰੋਬਾਰ ਬੰਦ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਸੰਸਥਾਵਾਂ ਵਿਚ ਕੰਮ ਕਰਦੇ ਕਾਮਿਆਂ ਨੂੰ ਤਨਖ਼ਾਹ ਸਮੇਤ ਛੁੱਟੀ ਮਿਲੇਗੀ; ਕੋਈ ਫ਼ਰਮ ਜਾਂ ਸੰਸਥਾ ਇਸ ਦਾ ਉਲੰਘਣ ਨਹੀਂ ਕਰੇਗੀ। ਕੇਂਦਰ ਅਤੇ ਪੰਜਾਬ ਸਰਕਾਰ ਨੂੰ ਵੀ ਅਜਿਹੇ ਫ਼ੈਸਲੇ ਕਰਨ ਦੀ ਲੋੜ ਹੈ। ਅਕਾਲ ਤਖ਼ਤ ਦੇ ਜਥੇਦਾਰ ਦੇ ਕਹਿਣ ਮੁਤਾਬਿਕ ਸ਼੍ਰੋਮਣੀ ਕਮੇਟੀ ਨੇ ਵੀ ਸਰਾਵਾਂ ਨੂੰ ਸ਼ੱਕੀ ਮਰੀਜ਼ਾਂ ਨੂੰ ਅਲੱਗ ਰੱਖਣ ਲਈ ਵਰਤਣ ਅਤੇ ਇਕ ਧਾਰਮਿਕ ਸੰਸਥਾ ਵੱਲੋਂ ਆਪਣੇ ਹਸਪਤਾਲ ਦੀ ਇਮਾਰਤ ਸਰਕਾਰ ਦੇ ਸਪੁਰਦ ਕਰਨ ਵਰਗੇ ਫ਼ੈਸਲੇ ਸਵਾਗਤਯੋਗ ਹਨ। ਇੱਥੇ ਡਾਕਟਰ ਅਤੇ ਲੋੜੀਂਦਾ ਮੈਡੀਕਲ ਸਟਾਫ਼ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਤਾਂ ਪੰਜਾਬ ਸਰਕਾਰ ਦੀ ਹੈ। ਆਉਣ ਵਾਲੇ ਦਿਨਾਂ ਵਿਚ ਪੰਜਾਬ ਸਰਕਾਰ ਨੂੰ ਕਰਫ਼ਿਊ ਲਗਾਉਣ ਦੇ ਨਾਲ ਨਾਲ ਹੋਰ ਸਾਰਥਿਕ ਕਦਮ ਵੀ ਚੁੱਕਣੇ ਪੈਣਗੇ ਤਾਂ ਕਿ ਲੋਕਾਂ ਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਜ਼ਿਆਦਾ ਵਿਘਨ ਨਾ ਪਵੇ।

### ਲੰਮੀ ਲੜਾਈ

ਕਰੋਨਾਵਾਇਰਸ ਦੀ ਬਿਮਾਰੀ ਨੇ ਦੁਨੀਆਂ ਭਰ ਵਿਚ ਵੱਡੀਆਂ ਸਮੱਸਿਆਵਾਂ ਪੈਦਾ ਕੀਤੀਆਂ ਹਨ। ਇਕ ਪਾਸੇ ਬਿਮਾਰੀ ਦੇ ਨਾਲ ਪ੍ਰਭਾਵਿਤ ਹੋਣ ਵਾਲੇ ਮਰੀਜ਼ਾਂ ਦੀ ਸੰਖਿਆ ਵਧ ਰਹੀ ਹੈ; ਦੂਸਰੇ ਪਾਸੇ ਇਸ ਤੋਂ ਪੈਦਾ ਹੋਇਆ ਸਹਿਮ ਲੋਕਾਂ ਨੂੰ ਹੋਰ ਡਰਾ ਰਿਹਾ ਹੈ। ਕਿਸੇ ਵੀ ਕੁਦਰਤੀ ਆਫ਼ਤ ਜਾਂ ਮਹਾਮਾਰੀ ਸਮੇਂ ਲੋਕਾਂ ਦਾ ਖ਼ੌਫ਼ਜ਼ਦਾ ਹੋ ਜਾਣਾ ਸੁਭਾਵਿਕ ਹੈ। ਇਸ ਲਈ ਸਰਕਾਰ ਤੇ ਸਮਾਜ ਦੀ ਇਹ ਸਾਂਝੀ ਜ਼ਿੰਮੇਵਾਰੀ ਹੈ ਕਿ ਬਿਮਾਰੀ ਦੇ ਲੜਨ ਦੇ ਨਾਲ ਨਾਲ ਇਸ ਖ਼ੌਫ਼ ਵਿਰੁੱਧ ਵੀ ਲੜਿਆ ਜਾਏ। ਦੇਸ਼ ਦੇ ਬਹੁਤ ਸਾਰੇ ਸੂਬਿਆਂ ਨੇ ਲੋਕਾਂ ਨੂੰ ਬਾਹਰ ਆਉਣ ਤੋਂ ਮਨ੍ਹਾ ਕਰਦਿਆਂ ਲੌਕਡਾਊਨ ਕਰਨ ਦਾ ਐਲਾਨ ਕੀਤਾ ਹੈ ਜਦੋਂਕਿ ਪੰਜਾਬ ਨੇ ਸਾਰੇ ਜ਼ਿਲ੍ਹਿਆਂ ਵਿਚ ਪੂਰਾ ਕਰਫ਼ਿਊ ਲਾਗੂ ਕਰ ਦਿੱਤਾ ਹੈ। ਮਸ਼ਹੂਰ ਅਰਥ ਸ਼ਾਸਤਰੀ ਜਾਂ ਦਰੀਜ਼ ਨੇ ਇਸ ਸਮੱਸਿਆ ਦੇ ਵੱਖ ਵੱਖ ਪੱਖਾਂ ਬਾਰੇ ਲਿਖਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਸਰਕਾਰ ਨੂੰ ਤੇਜ਼ੀ ਨਾਲ ਕਦਮ ਚੁੱਕਦਿਆਂ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਉਸ ਨੇ ਸਲਾਹ ਦਿੱਤੀ ਹੈ ਕਿ ਵਿਧਵਾਵਾਂ ਤੇ ਬਿਰਧਾਂ ਨੂੰ ਤਿੰਨ ਮਹੀਨੇ ਅਗਾਊਂ ਪੈਨਸ਼ਨ ਦੇਣੀ ਚਾਹੀਦੀ ਹੈ ਅਤੇ ਸਕੂਲਾਂ ਵਿਚ ਬੱਚਿਆਂ ਨੂੰ ਖੁਆਏ ਜਾਂਦੇ ਦੁਪਿਹਰ ਦੇ ਖਾਣੇ ਨੂੰ ਜਾਰੀ ਰੱਖਣਾ ਚਾਹੀਦਾ ਹੈ। ਜਾਂ ਦਰੀਜ਼ ਨੇ ਜਨਤਕ ਵੰਡ ਪ੍ਰਣਾਲੀ ਰਾਹੀਂ ਦਿੱਤੇ ਜਾਂਦੇ ਅਨਾਜ ਦੀ ਮਾਤਰਾ ਨੂੰ ਦੁੱਗਣਾ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਸ ਸਬੰਧ ਵਿਚ ਕੇਰਲ ਸਰਕਾਰ ਦੁਆਰਾ ਕੀਤੀਆਂ ਪਹਿਲਕਦਮੀਆਂ ਦੀ ਉਦਾਹਰਣ ਦਿੱਤੀ ਗਈ ਹੈ।

ਡਾਕਟਰਾਂ, ਨਰਸਾਂ ਤੇ ਹੋਰ ਪੈਰਾ ਮੈਡੀਕਲ ਸਟਾਫ਼ ਨੂੰ ਇਸ ਬਿਮਾਰੀ ਵਿਰੁੱਧ ਮੂਹਰਲੀਆਂ ਸਫ਼ਾਂ ਵਿਚ ਹੋ ਕੇ ਲੜਨਾ ਪੈ ਰਿਹਾ ਹੈ। ਸਰਕਾਰ ਨੂੰ ਉਨ੍ਹਾਂ ਦੇ ਹਸਪਤਾਲਾਂ ਵਿਚ ਆਉਣ ਜਾਣ ਦੇ ਵਸੀਲਿਆਂ ਤੇ ਯੋਗ ਸਾਜ਼ੋ-ਸਾਮਾਨ ਮੁਹੱਈਆ ਕਰਾਉਣ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਜਾਂ ਦਰੀਜ਼ ਨੇ ਇਹ ਵੀ ਕਿਹਾ ਕਿ ਵੱਡੀ ਪੱਧਰ 'ਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਕਾਰਨ ਆਰਥਿਕ ਵਿਗਾੜ ਪੈਦਾ ਹੋਣਗੇ ਜਿਨ੍ਹਾਂ ਵੱਲ ਧਿਆਨ ਦੇਣਾ ਅਤਿਅੰਤ ਜ਼ਰੂਰੀ ਹੈ। ਭਾਰਤ ਪਹਿਲਾਂ ਹੀ ਆਰਥਿਕ ਵਿਕਾਸ ਦੇ ਮੁਹਾਜ਼ 'ਤੇ ਪਛੜਿਆ ਹੋਇਆ ਹੈ ਤੇ ਮੌਜੂਦਾ ਬਿਮਾਰੀ ਅਤੇ ਇਹ ਪਾਬੰਦੀਆਂ ਦੇਸ਼ ਨੂੰ ਗੰਭੀਰ ਆਰਥਿਕ ਮੰਦਵਾੜੇ ਵੱਲ ਧੱਕ ਸਕਦੀਆਂ ਹਨ। ਉੱਘੇ ਆਰਥਿਕ ਅਰਥ ਸ਼ਾਸਤਰੀ ਅਰੁਣ ਕੁਮਾਰ ਨੇ ਇਨ੍ਹਾਂ ਹਾਲਾਤ ਦਾ ਮੁਕਾਬਲਾ ਜੰਗ ਨਾਲ ਕਰਦਿਆਂ ਕਿਹਾ ਕਿ ਜੰਗ ਵੇਲੇ ਜ਼ਿਆਦਾ ਹਥਿਆਰ ਅਤੇ ਹੋਰ ਸਬੰਧਿਤ ਵਸਤਾਂ ਬਣਨ ਨਾਲ ਅਰਥਚਾਰੇ ਵਿਚ ਹਿਲਜੁਲ ਕਾਇਮ ਰਹਿੰਦੀ ਹੈ ਪਰ ਮੌਜੂਦਾ ਹਾਲਾਤ ਹਰ ਤਰ੍ਹਾਂ ਦੀ ਪੈਦਾਵਾਰ ਨੂੰ ਘਟਾਉਣ ਵਾਲੇ ਹਨ; ਮੌਜੂਦਾ ਹਾਲਾਤ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਲੋਕ ਕੋਈ ਕੰਮਕਾਰ ਨਹੀਂ ਕਰ ਰਹੇ, ਵਿਚ ਮੰਗ ਘਟੇਗੀ ਤੇ ਆਰਥਿਕ ਮੰਦਹਾਲੀ ਵਧੇਗੀ; ਇਸ ਤਰ੍ਹਾਂ ਸਿਹਤ ਨਾਲ ਸਬੰਧਿਤ ਸਮੱਸਿਆ ਵੱਡੀ ਆਰਥਿਕ ਅਤੇ ਆਰਥਿਕ ਸਮੱਸਿਆ ਬਣ ਜਾਏਗੀ।

ਲੌਕਡਾਊਨ ਅਤੇ ਕਰਫ਼ਿਊ ਜਿਹੀਆਂ ਪਾਬੰਦੀਆਂ ਲਗਾਉਣ ਨਾਲ ਨਿਸ਼ਚੇ ਹੀ ਲੋਕ ਇਕ ਦੂਜੇ ਦੇ ਸੰਪਰਕ ਵਿਚ ਘੱਟ ਆਉਣਗੇ ਅਤੇ ਇਸ ਨਾਲ ਉਨ੍ਹਾਂ ਦੇ ਬਿਮਾਰੀ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਘਟਦੀ ਹੈ ਪਰ ਇਹੋ ਜਿਹੀਆਂ ਬੰਦਿਸ਼ਾਂ ਲੰਮੀ ਦੇਰ ਲਈ ਨਹੀਂ ਲਗਾਈਆਂ ਜਾ ਸਕਦੀਆਂ। ਬਹੁਤ ਸਾਰੇ ਪਰਿਵਾਰਾਂ ਕੋਲ ਖਾਣ-ਪੀਣ ਦਾ ਸਾਮਾਨ, ਦਵਾਈਆਂ ਅਤੇ ਜ਼ਰੂਰਤ ਦੀਆਂ ਵਸਤਾਂ ਸੀਮਤ ਸਮੇਂ ਲਈ ਹੁੰਦੀਆਂ ਹਨ। ਜਦ ਕਰਫਿਊ ਜਾਂ ਲੌਕਡਾਊਨ ਜਿਹੀ ਬੰਦਿਸ਼ ਲਗਾਈ ਜਾਂਦੀ ਹੈ ਤਾਂ ਉਸ ਵਿਚ ਕੁਝ ਸਮੇਂ ਤੋਂ ਬਾਅਦ ਸੀਮਤ ਸਮੇਂ ਲਈ ਛੋਟ ਦਿੱਤੀ ਜਾਂਦੀ ਹੈ। ਵੇਖਿਆ ਗਿਆ ਹੈ ਕਿ ਛੋਟ ਦੇ ਸਮੇਂ ਦੁਕਾਨਾਂ 'ਤੇ ਭੀੜ ਵਧਦੀ ਹੈ ਅਤੇ ਇਹ ਟੀਚਾ ਕਿ ਲੋਕਾਂ ਦਾ ਆਪਸੀ ਸੰਪਰਕ ਘਟਾਇਆ ਜਾਏ, ਪੂਰੀ ਨਹੀਂ ਹੁੰਦਾ। ਇਸ ਲਈ ਲੌਕਡਾਊਨ ਜਾਂ ਕਰਫ਼ਿਊ ਲਾਗੂ ਕਰਨ ਨਾਲੋਂ ਸੀਮਤ ਸੇਵਾਵਾਂ ਨੂੰ ਯੋਜਨਾਬੱਧ ਤਰੀਕੇ ਨਾਲ ਜਾਰੀ ਰੱਖਣਾ ਚਾਹੀਦਾ ਹੈ ਤਾਂ ਕਿ ਲੋਕਾਂ ਵਿਚ ਇਹ ਵਿਸ਼ਵਾਸ ਬਣ ਸਕੇ ਕਿ ਉਨ੍ਹਾਂ ਨੂੰ ਦਵਾਈਆਂ, ਖਾਣ-ਪੀਣ ਦੀਆਂ ਵਸਤਾਂ ਤੇ ਹੋਰ ਜ਼ਰੂਰੀ ਸਾਮਾਨ ਨਿਰਵਿਘਨ ਮਿਲਦਾ ਰਹੇਗਾ। ਇਨ੍ਹਾਂ ਸਮਿਆਂ ਵਿਚ ਹੀ ਕੁਝ ਲੋਕਾਂ ਵੱਲੋਂ ਗ਼ੈਰ-ਵਿਗਿਆਨਕ ਗੱਲਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਅਫ਼ਵਾਹਾਂ ਦੇ ਨਾਲ ਨਾਲ ਇਹੋ ਜਿਹੇ ਪ੍ਰਚਾਰ ਤੋਂ ਬਚਣ ਦੀ ਸਖ਼ਤ ਜ਼ਰੂਰਤ ਹੈ। ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਲਗਾਈਆਂ ਜਾ ਰਹੀਆਂ ਪਾਬੰਦੀਆਂ ਇਸ ਗੱਲ ਦਾ ਸੰਕੇਤ ਹਨ ਕਿ ਲੋਕਾਂ ਨੂੰ ਇਸ ਬਿਮਾਰੀ ਤੇ ਇਸ ਦੇ ਪ੍ਰਭਾਵਾਂ ਵਿਰੁੱਧ ਲੰਮੀ ਲੜਾਈ ਲੜਨੀ ਪਵੇਗੀ।

# ਖੰਭਾਂ ਨੂੰ ਪਰਵਾਜ਼ ਦੀ ਲੋੜ



ਗਗਨਦੀਪ ਸਿੰਘ ਬੁਗਰਾ

ਐਤਵਾਰ ਹੋਣ ਕਾਰਨ ਖੇਤ ਦੇ ਕੰਮਾਂ ਵਿਚ ਰੁੱਝਿਆ ਹੋਇਆ ਸੀ ਕਿ ਅਚਾਨਕ ਫੋਨ ਦੀ ਘੰਟੀ ਵੱਜੀ। ਵਿਦੇਸ਼ੀ ਨੰਬਰ ਹੋਣ ਕਾਰਨ ਉਤਸੁਕਤਾ ਹੋਈ। ਫੋਨ ਚੁੱਕਿਆ ਤਾਂ ਉਧਰੋਂ ਨੌਜਵਾਨ ਦੀ ਬੜੀ ਪਿਆਰੀ ਜਿਹੀ ਆਵਾਜ਼ ਆਈ, "ਸਤਿ ਸ੍ਰੀ ਅਕਾਲ ਸਰ! ਮੈਂ ਨਵਕਿਰਨਪਾਲ ਬੋਲਦਾਂ ਸਰ, ਮੈਂ ਆਸਟਰੇਲੀਆ ਹਾਂ, ਅੱਜ ਜੇ ਮੈਂ ਹਾਂ ਤਾਂ ਸਿਰਫ਼ ਤੁਹਾਡੇ ਕਰਕੇ; ਨਹੀਂ ਤਾਂ ਪਤਾ ਨ੍ਹੀਂ ਮੈਂ ਕਿੱਥੇ ਹੁੰਦਾ ਜੇ ਤੁਸੀਂ ਮੈਨੂੰ ਨਾ ਸਾਂਭਦੇ।" ਉਹ ਲਗਾਤਾਰ ਬੋਲ ਰਿਹਾ ਸੀ। ਇਸ ਨੌਜਵਾਨ ਨੂੰ ਪਛਾਣਦਿਆਂ ਮੈਨੂੰ ਦੇਰ ਨਾ ਲੱਗੀ। ਨਵਕਿਰਨਪਾਲ ਮੇਰਾ ਵਿਦਿਆਰਥੀ ਸੀ।

ਨਵਕਿਰਨਪਾਲ ਨੇ ਮੇਰੇ ਨਾਲ ਆਪਣੀ ਜ਼ਿੰਦਗੀ, ਸਕੂਲ ਅਤੇ ਵਿਦੇਸ਼ ਜਾਣ ਦੀਆਂ ਗੱਲਾਂ ਕੀਤੀਆਂ। ਫੋਨ ਕੱਟਣ ਤੋਂ ਬਾਅਦ ਮੇਰੀਆਂ ਯਾਦਾਂ ਦੇ ਪੰਖੇਰੂ ਤਕਰੀਬਨ ਗਿਆਰਾਂ ਕੁ ਸਾਲ ਪਿੱਛੇ ਚਲੇ ਗਏ। ਉਦੋਂ ਮੈਂ ਧੂਰੀ ਦੇ ਇਕ ਪ੍ਰਾਈਵੇਟ ਸਕੂਲ ਵਿਚ ਅਧਿਆਪਕ ਸੀ। ਕਿਸੇ ਕਾਰਨ ਲਾਗਲੇ ਪਿੰਡ ਦਾ ਨੌਵੀਂ ਵਿਚ ਪੜ੍ਹਦਾ ਬੇਹੱਦ ਸਾਊ ਅਤੇ ਪਿਆਰਾ ਬੱਚਾ ਨਵਕਿਰਨਪਾਲ ਚਿੰਤਾ ਰੋਗ ਦਾ ਸ਼ਿਕਾਰ ਹੋ ਗਿਆ। ਕੁੱਝ ਅਧਿਆਪਕ ਅਤੇ ਵਿਦਿਆਰਥੀ ਉਸ ਤੋਂ ਦੂਰ ਰਹਿਣ ਦੀ ਕੋਸ਼ਿਸ ਕਰਦੇ। ਇਹ ਗੱਲ ਬੜੀ ਹੀ ਮਹਿਸੂਸ ਹੁੰਦੀ ਅਤੇ ਮੈਂ ਉਸ ਦੇ ਵਧੇਰੇ ਨੇੜੇ ਰਹਿਣ ਦੀ ਕੋਸ਼ਿਸ਼ ਕਰਦਾ।

ਪਹਿਲੇ ਪੱਕੇ ਪੇਪਰ ਵਾਲੇ ਦਿਨ ਉਹ ਸਕੂਲ ਨਾ ਆਇਆ ਤਾਂ ਮੈਂ ਉਹਨੂੰ ਘਰ ਲੈਣ ਚਲਾ ਗਿਆ ਪਰ ਉਹ ਮੈਨੂੰ ਦੇਖਦੇ ਸਾਰ ਕੰਧ ਟੱਪ ਕੇ ਭੱਜ ਗਿਆ। ਇਕਲੌਤੇ ਬੱਚੇ ਦੇ ਮਾਪੇ ਰੋ ਰਹੇ ਸਨ। ਦੂਜੇ ਦਿਨ ਮੈਂ ਫਿਰ ਉਸ ਨੂੰ ਲੈਣ ਚਲਾ ਗਿਆ। ਉਹ ਖਾਮੋਸ਼, ਡਰਿਆ ਅਤੇ ਉਦਾਸ ਜਿਹਾ ਬੈਠਾ ਸੀ। ਮੈਂ ਉਹਦੇ ਨਾ.ਲ ਗੱਲਾਂ ਕੀਤੀਆਂ, ਉਸ ਨੂੰ ਪਿਆਰਿਆ ਅਤੇ ਸਮਝਾਇਆ। ਤਕਰੀਬਨ ਅੱਧੇ ਕੁ ਘੰਟੇ ਦੀ ਕੌਂਸਲਿੰਗ ਤੋਂ ਬਾਅਦ ਉਹ ਮੇਰੇ ਨਾਲ ਸਕੂਲ ਆਉਣ ਲਈ ਤਿਆਰ ਹੋ ਗਿਆ।

ਮੈਂ ਪ੍ਰਿੰਸੀਪਲ ਤੋਂ ਆਗਿਆ ਲੈ ਕੇ ਬਾਕੀ ਬੱਚਿਆਂ ਤੋਂ ਅੱਡ ਬਿਠਾ ਕੇ ਉਸ ਦੇ ਦੋਵੇਂ ਪੇਪਰ ਲੈ ਲਏ। ਪੜ੍ਹਨ ਵਿਚ ਵਧੀਆ ਹੋਣ ਕਾਰਨ ਉਹ ਪੇਪਰ ਠੀਕ ਕਰ ਗਿਆ। ਇਸ ਨਾ.ਲ ਉਹਨੂੰ ਤੇ ਮੈਨੂੰ ਵੀ ਥੋੜ੍ਹਾ ਹੌਸਲਾ ਹੋ ਗਿਆ। ਇਸ ਤੋਂ ਬਾਅਦ ਮੈਂ ਲਗਾਤਾਰ ਹਰ ਰੋਜ਼ ਘਰੋਂ ਆਪ ਉਸ ਨੂੰ ਲਿਆਉਂਦਾ ਅਤੇ ਪੇਪਰ ਤੋਂ ਬਾਅਦ ਘਰ ਛੱਡ ਕੇ ਆਉਂਦਾ।

ਨਤੀਜੇ ਤੋਂ ਪਹਿਲਾਂ ਵਧੇਰੇ ਅਧਿਆਪਕ ਉਸ ਦਾ ਨਾਮ ਕੱਟਣ ਲਈ ਬਜ਼ਿੱਦ ਸਨ ਪਰ ਮੈਂ ਸਭ ਨੂੰ ਬੇਨਤੀ ਕਰ ਕੇ ਉਸ ਨੂੰ ਦਸਵੀਂ ਵਿਚ ਦਾਖਲਾ ਦੇਣ ਲਈ ਪ੍ਰਿੰਸੀਪਲ ਨੂੰ ਮਨਾ ਲਿਆ। ਦਸਵੀਂ ਵਿਚ ਮੈਂ ਉਸ ਦਾ ਕੁੱਝ ਵਧੇਰੇ ਖਿਆਲ ਰੱਖਣ ਲੱਗ ਪਿਆ। ਫਿਰ ਕੁੱਝ ਸਮੇਂ ਬਾਅਦ ਸਰਕਾਰੀ ਅਧਿਆਪਕ ਵਜੋਂ ਮੇਰੀ ਤਾਇਨਾਤੀ ਆਪਣੇ ਪਿੰਡ ਦੇ ਨੇੜੇ ਹੋ ਗਈ ਪਰ ਇਧਰੋਂ-ਉਧਰੋਂ ਪਤਾ ਲੱਗਦਾ ਰਹਿੰਦਾ ਕਿ ਨਵਕਿਰਨਪਾਲ ਹੁਣ ਠੀਕ ਹੈ ਅਤੇ ਵਧੀਆ ਪੜ੍ਹ ਰਿਹਾ ਹੈ।

ਅਜੇ ਕੁੱਝ ਦਿਨ ਪਹਿਲਾਂ ਦੀ ਗੱਲ ਹੈ, ਨਵਕਿਰਨਪਾਲ ਦਾ ਪਿਤਾ ਧੂਰੀ ਬਾਜ਼ਾਰ ਵਿਚ ਮਿਲਿਆ ਤਾਂ ਉਹਨੇ ਝੁਕ ਕੇ ਮੈਨੂੰ ਗਲਵੱਕੜੀ ਪਾ ਲਈ। ਉਹਨੇ ਦੱਸਿਆ, "ਸਕੂਲ ਛੱਡਣ ਵਾਲਾ ਨਵਕਿਰਨਪਾਲ ਤੁਸੀਂ ਅਜਿਹਾ ਰਾਹ ਪਾਇਆ ਕਿ ਉਹ ਐੱਮਐੱਸਸੀ ਕਰ ਗਿਆ ਅਤੇ ਹੁਣ ਵਿਆਹ ਕਰਵਾ ਕੇ ਆਸਟਰੇਲੀਆ ਚਲਿਆ ਗਿਆ ਹੈ। ਤੁਹਾਨੂੰ ਬਹੁਤ ਯਾਦ ਕਰਦਾ ਰਹਿੰਦਾ।" ਉਸ ਦੇ ਪਿਤਾ ਨੇ ਉਸ ਦਿਨ ਮੇਰਾ ਫੋਨ ਨੰਬਰ ਵੀ ਲੈ ਲਿਆ। ਮੈਂ ਸੋਚ ਰਿਹਾ ਸੀ ਕਿ ਸ਼ਾਇਦ ਇਹ ਮਾਣ ਸਿਰਫ਼ ਅਧਿਆਪਕ ਨੂੰ ਹੀ ਮਿਲ ਸਕਦਾ ਹੈ।

ਇਸੇ ਤਰ੍ਹਾਂ ਮੇਰੀ ਇਕ ਵਿਦਿਆਰਥਣ ਜਦੋਂ ਜੱਜ ਬਣੀ, ਸਕੂਲ ਨੇ ਉਹਨੂੰ ਸਨਮਾਨਤ ਕਰਨ ਦਾ ਸਮਾਗਮ ਉਲੀਕਿਆ ਤਾਂ ਉਹਨੇ ਮੇਰੇ ਸਮੇਤ ਆਪਣੇ ਪੁਰਾਣੇ ਅਧਿਆਪਕਾਂ ਹੱਥੋਂ ਸਨਮਾਨ ਲੈਣ ਦੀ ਇੱਛਾ ਜ਼ਾਹਿਰ ਕੀਤੀ। ਮੈਂ ਹੈਰਾਨ ਹੋਇਆ ਕਿ ਉਹਨੂੰ ਜਮਾਤ ਵਿਚ ਮੇਰੀਆਂ ਬੋਲੀਆਂ ਕਵਿਤਾਵਾਂ, ਸ਼ਿਅਰ ਅਤੇ ਗੱਲਾਂ ਜ਼ੁਬਾਨੀ ਯਾਦ ਸਨ। ਉਸ ਨੇ ਮੇਰੇ ਮੂੰਹੋਂ ਹਰਭਜਨ ਹਲਵਾਰਵੀ ਦੀ ਨਜ਼ਮ 'ਰੌਸ਼ਨ ਸਵੇਰੇ ਆਉਣਗੇ' ਸੁਣਨ ਦੀ ਇੱਛਾ ਜ਼ਾਹਿਰ ਕੀਤੀ। ਉਸ ਅਨੁਸਾਰ ਮੇਰੇ ਦੁਆਰਾ ਬੋਲੀ ਜਾਂਦੀ ਇਸ ਰਚਨਾ ਨੇ ਉਸ ਨੂੰ ਔਕੜਾਂ ਨਾ.ਲ ਲੜਨ ਲਈ ਸਦਾ ਹੀ ਪ੍ਰੇਰਿਆ ਹੈ।

ਅਧਿਆਪਕਾਂ ਦੁਆਰਾ ਦਿੱਤੀ ਹੱਲਾਸ਼ੇਰੀ, ਸੁਭਾਵਿਕ ਕੀਤੀਆਂ ਗੱਲਾਂ ਅਤੇ ਸ਼ਖਸੀਅਤ ਦਾ ਬੱਚੇ ਅਚੇਤ ਹੀ ਪ੍ਰਭਾਵ ਕਬੂਲ ਲੈਂਦੇ ਹਨ ਜੋ ਉਸ ਦੀ ਸ਼ਖ਼ਸੀਅਤ ਦੇ ਨਕਸ਼ ਘੜਨ ਦਾ ਆਧਾਰ ਬਣਦੇ ਹਨ। ਸਰਕਾਰੀ ਸਕੂਲਾਂ ਵਿਚ ਭਾਵੇਂ ਧਰਾਤਲੀ ਹਕੀਕਤਾਂ ਦਾ ਬਹੁਤ ਫ਼ਰਕ ਹੈ ਪਰ ਬੱਚਿਆਂ ਦੀਆਂ ਅੱਖਾਂ ਵਿਚ ਤੈਰਦੇ ਸੁਪਨੇ ਉਹੀ ਨੇ। ਅਧਿਆਪਨ ਬੇਹੱਦ ਭਾਵਨਾਤਮਕ ਕਾਰਜ ਹੈ। ਸਰਕਾਰੀ ਨੀਤੀਆਂ ਭਾਵੇਂ ਭਾਵਨਾਵਾਂ ਦੀ ਥਾਂ ਅੰਕੜੇ-ਪ੍ਰਧਾਨ ਹਨ ਪਰ ਸਾਥੀ ਅਧਿਆਪਕਾਂ ਦੇ ਸਹਿਯੋਗ ਨਾ.ਲ ਹਮੇਸ਼ਾਂ ਬਾਲਾਂ ਦੀ ਕਲਾ ਅਤੇ ਸਮਰੱਥਾ ਨੂੰ ਵਿੱਦਿਅਕ, ਸਾਹਿਤਕ, ਸੱਭਿਆਚਾਰਕ ਤੇ ਹੋਰ ਸਰਗਰਮੀਆਂ ਰਾਹੀਂ ਤਰਾਸ਼ਣ, ਨਿਖਾਰਨ ਅਤੇ ਖੰਭ ਦੇਣ ਦੀ ਕੋਸ਼ਿਸ਼ ਕਰੀਦੀ ਹੈ ਕਿਉਂਕਿ ਇਨ੍ਹਾਂ ਨਿੱਕੇ ਖੰਭਾਂ ਨੂੰ ਪਰਵਾਜ਼ ਲੋੜੀਂਦੀ ਹੈ।

# ਕੀ ਬਜਟ ਖੇਤੀ ਵਿਕਾਸ ਨੂੰ ਹੁਲਾਰਾ ਦੇ ਸਕੇਗਾ?

ਡਾ. ਰਣਜੀਤ ਸਿੰਘ

ਪੰਜਾਬ ਦੀ ਆਰਥਿਕਤਾ ਦਾ ਮੁੱਖ ਧੁਰਾ ਅਜੇ ਖੇਤੀ ਹੀ ਹੈ। ਕਿਸਾਨਾਂ ਨੇ ਆਪਣੀ ਮਿਹਨਤ ਨਾਲ ਖੇਤੀ ਵਿਕਾਸ ਦੀ ਗਤੀ ਤੇਜ਼ ਕੀਤੀ ਜਿਸ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਜਾ ਸਕਿਆ। ਪੰਜਾਬ ਦੇ ਕਿਸਾਨਾਂ ਨੇ ਕੇਵਲ ਅਨਾਜ ਵਿਚ ਹੀ ਨਹੀਂ ਸਗੋਂ ਦੁੱਧ ਅਤੇ ਸਬਜ਼ੀਆਂ ਦੀ ਪੈਦਾਵਾਰ ਵਿਚ ਵੀ ਵਾਧਾ ਕੀਤਾ ਪਰ ਇਹ ਵੀ ਸੱਚ ਹੈ ਕਿ ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀ ਖੇਤੀ ਵਿਚ ਖੜੋਤ ਆ ਗਈ ਹੈ, ਕਿਉਂਕਿ ਕਣਕ-ਝੋਨਾ ਹੀ ਇਥੋਂ ਦਾ ਮੁੱਖ ਫ਼ਸਲੀ ਚੱਕਰ ਬਣ ਗਿਆ ਹੈ। ਇਹ ਕਿਸਾਨ ਦੀ ਮਜਬੂਰੀ ਹੈ ਕਿਉਂਕਿ ਇਨ੍ਹਾਂ ਦੋ ਫ਼ਸਲਾਂ ਦੀ ਹੀ ਸਰਕਾਰ ਵਲੋਂ ਖਰੀਦ ਯਕੀਨੀ ਬਣਾਈ ਗਈ ਹੈ। ਇਸ ਫ਼ਸਲ ਚੱਕਰ ਵਿਚ ਕਿਸਾਨ ਦੀ ਸ਼ੁੱਧ ਆਮਦਨ ਹਰ ਵਰ੍ਹੇ ਘਟ ਹੋ ਰਹੀ ਹੈ ਕਿਉਂਕਿ ਖੇਤੀ ਲੋੜਾਂ ਦੀਆਂ ਕੀਮਤਾਂ ਵਿਚ ਜਿਸ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਉਸ ਤੇਜ਼ੀ ਨਾਲ ਕਿਸਾਨ ਦੀ ਉਪਜ ਦੀ ਕੀਮਤ ਵਿਚ ਵਾਧਾ ਨਹੀਂ ਹੋ ਰਿਹਾ। ਪਰਿਵਾਰਕ ਵੰਡੀਆਂ ਕਾਰਨ ਖੇਤੀ ਜੋਤਾਂ ਦਾ ਆਕਾਰ ਘਟ ਰਿਹਾ ਹੈ। ਹੁਣ ਪੰਜਾਬ ਵਿਚ ਛੋਟੇ ਕਿਸਾਨਾਂ ਦੀ ਗਿਣਤੀ ਕੋਈ 65 ਪ੍ਰਤੀਸ਼ਤ ਹੋ ਗਈ ਹੈ। ਮਜਬੂਰ ਹੋ ਕੇ ਛੋਟੇ ਕਿਸਾਨਾਂ ਨੂੰ ਮਹਿੰਗੇ ਠੇਕੇ ਉਤੇ ਜ਼ਮੀਨ ਲੈਣੀ ਪੈ ਰਹੀ ਹੈ। ਜ਼ਮੀਨ ਦਾ ਠੇਕਾ ਇਸ ਸਮੇਂ ਸਾਰੇ ਦੇਸ਼ ਨਾਲੋਂ ਵਧ ਪੰਜਾਬ ਵਿਚ ਹੀ ਹੈ। ਇਕੋ ਫ਼ਸਲ ਚੱਕਰ ਕਾਰਨ ਧਰਤੀ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੋਈ ਹੈ ਤੇ ਨਦੀਨਾਂ ਵਿਚ ਵਾਧਾ ਹੋਇਆ ਹੈ। ਇਸੇ ਕਰਕੇ ਪੰਜਾਬ ਦੇ ਕਿਸਾਨ ਨੂੰ ਰਸਾਇਣਕ ਖਾਦਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਰਕਬੇ ਦੇ ਹਿਸਾਬ ਨਾਲ ਪੰਜਾਬ ਰਸਾਇਣਕ ਖਾਦਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਵਿਚ ਸਾਰੇ ਸੂਬਿਆਂ ਤੋਂ ਵੱਧ ਹੈ।

ਪੰਜਾਬ ਦੀ ਸਾਰੀ ਧਰਤੀ ਵਾਹੀਯੋਗ ਅਤੇ ਸੇਂਜੂ ਹੈ। ਇਥੇ ਬਹੁਭਾਂਤੀ ਖੇਤੀ ਦੀਆਂ ਬਹੁਤ ਸੰਭਾਵਨਾਵਾਂ ਹਨ। ਧਰਤੀ ਹੇਠਲੇ ਘਟ ਰਹੇ ਪਾਣੀ ਨੂੰ ਦੇਖਦਿਆਂ ਝੋਨੇ ਹੇਠੋਂ ਕੁਝ ਰਕਬਾ ਕੱਢਣਾ ਜ਼ਰੂਰੀ ਹੈ। ਬਹੁਭਾਂਤੀ ਖੇਤੀ ਨਾਲ ਹੀ ਕਿਸਾਨ ਦੀ ਆਮਦਨ ਵਿਚ ਵਾਧਾ ਹੋ ਸਕਦਾ ਹੈ ਤੇ ਇਸ ਨਾਲ ਰੁਜ਼ਗਾਰ ਵਿਚ ਵੀ ਵਾਧਾ ਹੋਵੇਗਾ। ਪੰਜਾਬ ਵਿਚ ਸਾਰੇ ਦੇ ਸਾਰੇ ਛੇ ਮੌਸਮ ਆਉਂਦੇ ਹਨ। ਇਥੇ ਸਾਰਾ ਸਾਲ ਸਬਜ਼ੀਆਂ ਦੀ ਕਾਸ਼ਤ ਹੋ ਸਕਦੀ ਹੈ। ਹੁਣ ਕੇਵਲ ਕੋਈ ਢਾਈ ਲੱਖ ਹੈਕਟੇਅਰ ਸਬਜ਼ੀਆਂ ਹੇਠ ਹੈ। ਫ਼ਲਾਂ ਹੇਠ ਵੀ ਕੇਵਲ ਇਕ ਲੱਖ ਹੈਕਟੇਅਰ ਹੀ ਰਕਬਾ ਹੈ। ਸਾਰਾ ਸਾਲ ਹਰਾ ਚਾਰਾ ਮਿਲਣ ਕਰਕੇ ਪੰਜਾਬ ਵਿਚ ਪਸ਼ੂ ਪਾਲਣ ਦੀਆਂ ਬਹੁਤ ਸੰਭਾਵਨਾਵਾਂ ਹਨ। ਪਸ਼ੂ ਪਾਲਣ ਨਾਲ ਰੂੜੀ ਦੀ ਖਾਦ ਮਿਲੇਗੀ ਅਤੇ ਰਸਾਇਣਕ ਖਾਦਾਂ ਉਤੋਂ ਨਿਰਭਰਤਾ ਘਟ ਹੋਵੇਗੀ ਪਰ ਅਜਿਹਾ ਸਰਕਾਰੀ ਸਹਾਇਤਾ ਤੋਂ ਬਗੈਰ ਸੰਭਵ ਨਹੀਂ ਹੋ ਸਕਦਾ। ਹੁਣ ਦੇਖਣਾ ਇਹ ਹੈ ਕਿ ਪੰਜਾਬ ਦਾ ਨਵਾਂ ਬਜਟ ਇਸ ਪਾਸੇ ਤਬਦੀਲੀ ਲਈ ਸਹਾਈ ਹੋਵੇਗਾ। ਪੰਜਾਬ ਦੇ ਬਹੁਗਿਣਤੀ ਵਿਧਾਇਕ ਕਿਸਾਨੀ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਬਜਟ ਤੋਂ ਸਪੱਸ਼ਟ ਹੋ ਜਾਵੇਗਾ ਕਿ ਉਨ੍ਹਾਂ ਨੂੰ ਕਿਸਾਨ ਅਤੇ ਕਿਸਾਨੀ ਦੇ ਹਿੱਤਾਂ ਦਾ ਕਿਤਨਾ ਕੁ ਫ਼ਿਕਰ ਹੈ। ਵਿੱਤ ਮੰਤਰੀ ਨੇ ਮੱਕੀ ਅਤੇ ਬਾਗ਼ਾਂ ਹੇਠ ਰਕਬੇ ਵਿਚ ਵਾਧੇ ਦੀ ਤਜਵੀਜ਼ ਰੱਖੀ ਹੈ। ਦੋ ਖੰਡ ਮਿੱਲਾਂ ਦੀ ਮਾਲੀ ਸਹਾਇਤਾ ਵੀ ਕੀਤੀ ਹੈ। ਇਸ ਨਾਲ ਗੰਨੇ ਹੇਠ ਕੁਝ ਰਕਬੇ ਵਿਚ ਵਾਧਾ ਹੋ ਸਕਦਾ ਹੈ। ਮੱਕੀ ਹੇਠ ਕਰਬੇ ਵਿਚ ਵਾਧੇ ਲਈ 200 ਕਰੋੜ ਰੁਪਏ ਰੱਖੇ ਹਨ। ਪਿਛਲੇ ਕੁਝ ਸਾਲਾਂ ਵਿਚ ਮੱਕੀ ਦਾ ਬੀਜ ਸਸਤੇ ਭਾਅ ਦਿੱਤਾ ਗਿਆ ਪਰ ਰਕਬੇ ਵਿਚ ਕੋਈ ਖਾਸ ਵਾਧਾ ਨਹੀਂ ਹੋਇਆ। ਜੇਕਰ ਮੱਕੀ ਹੇਠ ਕਰਬੇ ਵਿਚ ਵਾਧਾ ਕਰਨਾ ਹੈ ਤਾਂ ਇਸ ਦਾ ਘੱਟੋ-ਘੱਟ ਖਰੀਦ ਮੁੱਲ ਮਿੱਥਿਆ ਜਾਵੇ, ਜਦੋਂ ਮੰਡੀ ਵਿਚ ਕੀਮਤ ਹੇਠਾਂ ਆਉਣ ਲਗੇ ਤਾਂ ਇਹ ਘਾਟਾ ਪੂਰਾ ਕਰਨ ਦੀ ਸਰਕਾਰ ਗਰੰਟੀ ਦੇਵੇ, ਇੰਜ ਮੱਕੀ ਹੇਠ ਰਕਬਾ ਵਧ ਜਾਵੇਗਾ। ਫ਼ਲਾਂ ਹੇਠ ਨਾਸ਼ਪਤੀ, ਲੀਚੀ ਤੇ ਅਮਰੂਦ ਫ਼ਲ ਅਸਟੇਟ ਦਾ ਫ਼ੈਸਲਾ ਕੀਤਾ ਗਿਆ ਹੈ। ਅਮਰੂਦ ਦੀ ਕਾਸ਼ਤ ਹਰ ਥਾਂ ਹੋ ਸਕਦੀ ਹੈ। ਇਸ ਦੇ ਬਾਗ਼ ਪੰਜਾਬ ਦੇ ਬਾਕੀ ਇਲਾਕਿਆਂ ਵਿਚ ਵੀ ਲਗਾਉਣ ਦਾ ਯਤਨ ਕਰਨਾ ਚਾਹੀਦਾ ਹੈ। ਅੰਬ ਨੂੰ ਫ਼ਲਾਂ ਦਾ ਰਾਜਾ ਮੰਨਿਆ ਜਾਂਦਾ ਹੈ। ਕਦੇ ਦੋਆਬਾ ਅੰਬਾਂ ਲਈ ਪ੍ਰਸਿੱਧ ਸੀ। ਬਜਟ ਵਿਚ ਅੰਬ ਵਲ ਧਿਆਨ ਨਹੀਂ ਦਿੱਤਾ ਗਿਆ। ਰੋਪੜ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਵਿਚ ਅੰਬਾਂ ਦੇ ਬਗੀਚੇ ਲਗਾਉਣ ਦੀ ਲੋੜ ਹੈ। ਇਸ ਦੀ ਖੋਜ ਲਈ ਵੀ ਯਤਨ ਕਰਨੇ ਚਾਹੀਦੇ ਹਨ।



ਪੰਜਾਬ 'ਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਉਹ ਫ਼ਲਾਂ ਦੇ ਬਗੀਚੇ ਨਹੀਂ ਲਗਾ ਸਕਦੇ। ਉਨ੍ਹਾਂ ਨੂੰ ਸਬਜ਼ੀਆਂ ਦੀ ਕਾਸ਼ਤ ਲਈ ਉਤਸ਼ਾਹਿਤ ਕਰਨਾ ਚਾਹੀਦਾ ਸੀ ਪਰ ਇਸ ਪਾਸੇ ਵਿੱਤ ਮੰਤਰੀ ਚੁੱਪ ਹੀ ਰਹੇ ਹਨ। ਜਿਣਸਾਂ ਦੇ ਮੰਡੀਕਰਨ ਸਬੰਧੀ ਖੋਜ ਲਈ ਕੇਂਦਰ ਦੀ ਸਥਾਪਨਾ ਚੰਗਾ ਫ਼ੈਸਲਾ ਹੈ। ਜੇ ਇਹ ਕੇਂਦਰ ਬਿਜਾਈ ਤੋਂ ਪਹਿਲਾਂ ਹੀ ਕੁਝ ਚੰਗੀ ਸਲਾਹ ਦੇ ਸਕੇ ਤਾਂ ਕਾਸ਼ਤ ਦਾ ਰੁਝਾਨ ਬਦਲਿਆ ਜਾ ਸਕਦਾ ਹੈ। ਖੇਤੀ ਉਪਜ ਦੇ ਪਦਾਰਥੀਕਰਨ ਸਬੰਧੀ ਬਜਟ ਵਿਚ ਸਬਜ਼ਬਾਗ ਦਿਖਾਇਆ ਗਿਆ ਹੈ। ਜੇ ਕਾਰਖਾਨੇ ਲੱਗ ਜਾਣ ਤਾਂ ਕਿਸਾਨਾਂ ਲਈ ਲਾਹੇਵੰਦ ਹੋਣਗੇ। ਇਹ ਕੋਸ਼ਿਸ਼ ਕੀਤੀ ਜਾਵੇ ਕਿ ਕਾਰਖਾਨੇ ਪਿੰਡਾਂ ਵਿਚ ਲਗਾਏ ਜਾਣ ਤੇ ਸਥਾਨਕ ਲੋਕਾਂ ਲਈ ਇਨ੍ਹਾਂ ਵਿਚ ਰੁਜ਼ਗਾਰ ਯਕੀਨੀ ਬਣਾਇਆ ਜਾਵੇ।

ਖੇਤੀ ਵਿਦਿਆ ਨੂੰ ਉਤਸ਼ਾਹਿਤ ਕਰਨ ਲਈ ਦੋ ਨਵੇਂ ਕਾਲਜ ਖੋਲ੍ਹਣ ਦੀ ਤਜਵੀਜ਼ ਹੈ। ਇਹ ਕਾਲਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਜੋੜੇ ਜਾਣ ਤਾਂ ਜੋ ਮਿਆਰੀ ਸਿੱਖਿਆ ਦਿੱਤੀ ਜਾ ਸਕੇ ਅਤੇ ਖੇਤੀ ਖੋਜ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਪਿਛਲੇ ਕੁਝ ਵਰ੍ਹਿਆਂ ਵਿਚ ਖੇਤੀ ਕਾਲਜਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਹੁਣ ਇਹ ਗਿਣਤੀ 100 ਨੂੰ ਪਾਰ ਕਰ ਚੁੱਕੀ ਹੈ। ਹਰ ਕਾਲਜ ਹੀ ਖੇਤੀ ਦੀ ਡਿਗਰੀ ਦੇਣ ਲੱਗ ਪਿਆ ਹੈ। ਇਸ ਨਾਲ ਖੇਤੀ ਪੜ੍ਹਾਈ ਅਤੇ ਖੋਜ ਨੂੰ ਖੋਰਾ ਲੱਗਾ ਹੈ। ਸਾਰੇ ਕਾਲਜਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਜੋੜਿਆ ਜਾਵੇ ਤਾਂ ਜੋ ਪੜ੍ਹਾਈ ਦੇ ਮਿਆਰ ਨੂੰ ਖੋਰਾ ਨਾ ਲੱਗ ਸਕੇ। ਉਂਜ, ਇਤਨੀ ਗਿਣਤੀ ਵਿਚ ਪੜ੍ਹ ਰਹੇ ਬੱਚਿਆਂ ਨੂੰ ਨੌਕਰੀ ਦਾ ਪ੍ਰਬੰਧ ਕਿਵੇਂ ਹੋਵੇਗਾ?

ਸਬਜ਼ੀਆਂ ਹੇਠ ਰਕਬੇ ਵਿਚ ਵਾਧੇ ਦੀ ਲੋੜ ਹੈ। ਯੂਨੀਵਰਸਿਟੀ ਵਿਚ ਨਵਾਂ ਕਾਲਜ ਬਣ ਗਿਆ; ਇਸ ਕਾਲਜ ਨੂੰ ਸਬਜ਼ੀਆਂ ਉਤੇ ਖੋਜ ਕਰਨ ਲਈ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇ। ਪਿਆਜ ਹੇਠ ਮਸਾਂ ਦਸ ਹਜ਼ਾਰ ਹੈਕਟੇਅਰ ਹੈ। ਇਸ ਨੂੰ ਇਕ ਲੱਖ ਤੱਕ ਪਹੁੰਚਾਇਆ ਜਾਵੇ। ਜਿਵੇਂ ਬਾਗਬਾਨੀ ਕੇਂਦਰ ਬਣਾਏ ਗਏ ਹਨ, ਇਸੇ ਤਰ੍ਹਾਂ ਸਬਜ਼ੀਆਂ ਦੇ ਕੇਂਦਰ ਬਣਾਉਣ ਦੀ ਲੋੜ ਹੈ। ਜਲੰਧਰ ਆਲੂਆਂ ਵਿਚ ਅੱਗੇ ਹੈ। ਕਪੂਰਥਲਾ ਖਰਬੂਜ਼ੇ ਵਿਚ, ਨਵਾਂ ਸ਼ਹਿਰ ਵਿਚ ਪਿਆਜ, ਫਤਿਹਗੜ੍ਹ ਸਾਹਿਬ ਪੱਤਗੋਭੀ, ਰਾਜਪੁਰਾ ਮਿਰਚਾਂ ਆਦਿ ਜੇਕਰ ਕੇਂਦਰ ਬਣਾਏ ਜਾਣ ਤਾਂ ਸਬਜ਼ੀਆਂ ਦੀ ਵਿਕਰੀ ਦਾ ਪ੍ਰਬੰਧ ਵੀ ਹੋ ਸਕੇਗਾ। ਸਬਜ਼ੀਆਂ ਵਿਚ ਜ਼ਹਿਰਾਂ ਦੀ ਵਰਤੋਂ ਰੋਕਣ ਦੀ ਲੋੜ ਹੈ। ਸ਼ੁਰੂ ਵਿਚ ਖੇਤੀ ਮਾਹਿਰਾਂ ਨੇ ਕੀਟਨਾਸ਼ਕਾਂ ਨੂੰ ਦਵਾਈ ਆਖਣਾ ਸ਼ੁਰੂ ਕੀਤਾ ਸੀ। ਮੈਨੂੰ ਪੰਜ ਸਾਲ ਮਿਹਨਤ ਕਰਨੀ ਪਈ ਤਾਂ ਜਾ ਕੇ ਖੇਤੀ ਸਾਹਿਤ ਵਿਚ ਇਸ ਨੂੰ ਜ਼ਹਿਰ ਲਿਖਣਾ ਪ੍ਰਵਾਨ ਹੋਇਆ। ਗੁਆਂਢੀ ਦੇਸ਼ਾਂ ਨੂੰ ਸਬਜ਼ੀ ਉਦੋਂ ਹੀ ਭੇਜੀ ਜਾ ਸਕਦੀ ਹੈ ਜੇਕਰ ਇਸ ਵਿਚ ਜ਼ਹਿਰਾਂ ਦੇ ਅੰਸ਼ ਨਾ ਹੋਣ। ਵਿਤ ਮੰਤਰੀ ਨੇ ਬਜਟ ਵਿਚ ਪਸ਼ੂ ਪਾਲਣ ਨੂੰ ਉਤਸ਼ਾਹਿਤ ਕਰਨ ਦਾ ਵੀ ਯਤਨ ਕੀਤਾ ਹੈ। ਇਕ ਨਵਾਂ ਵੈਟਰਨਰੀ ਕਾਲਜ ਅਤੇ ਖੋਜ ਕੇਂਦਰ ਫਾਜ਼ਿਲਕਾ ਜ਼ਿਲ੍ਹੇ ਵਿਚ ਤੇ ਮੱਝਾਂ ਉਤੇ ਖੋਜ ਕੇਂਦਰ ਤਰਨ ਤਾਰਨ ਵਿਖੇ ਖੋਲ੍ਹਿਆ ਜਾ ਰਿਹਾ ਹੈ। ਵੇਰਕਾ ਦੁੱਧ ਪਲਾਂਟਾਂ ਵਿਚ ਵਾਧਾ ਕੀਤਾ ਜਾਵੇਗਾ। ਦੇਸੀ ਗਾਵਾਂ ਸਬੰਧੀ ਵੀ ਖੋਜ ਦੀ ਲੋੜ ਹੈ ਕਿਉਂਕਿ ਸਾਡੇ ਲੋਕ ਅਜੇ ਵੀ ਦੇਸੀ ਗਾਵਾਂ ਦੇ ਦੁੱਧ ਅਤੇ ਘਿਉ ਨੂੰ ਵਧੇਰੇ ਪਸੰਦ ਕਰਦੇ ਹਨ। ਪਸ਼ੂ ਪਾਲਣ ਨਾਲ ਚਾਰੇ ਹੇਠ ਰਕਬੇ ਵਿਚ ਵਾਧਾ ਹੋਵੇਗਾ ਜਿਸ ਨਾਲ ਧਰਤੀ ਦੀ ਸਿਹਤ ਵਿਚ ਸੁਧਾਰ ਹੋਵੇਗਾ। ਪਾਣੀ ਦੀ ਬੱਚਤ ਲਈ ਵੀ ਕੁਝ ਉਪਰਾਲੇ ਕੀਤੇ ਗਏ ਹਨ ਪਰ ਨਾਲ ਹੀ 11 ਹਜ਼ਾਰ ਸੌਰ ਊਰਜਾ ਟਿਊਬਵੈੱਲਾਂ ਵੀ ਲਗਾਏ ਜਾਣੇ ਹਨ। ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਨਹਿਰੀ ਸਿੰਜਾਈ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਪੰਜਾਬ ਦੇ ਸਾਰੇ ਇਲਾਕੇ ਵਿਚ ਨਹਿਰਾਂ ਦਾ ਜਾਲ ਵਿਛਿਆ ਹੋਇਆ ਹੈ। ਖਾਲੇ ਤੇ ਕੱਸੀਆਂ ਨੂੰ ਪੱਕਾ ਕਰਨ ਦੀ ਥਾਂ ਇਨ੍ਹਾਂ ਦੀ ਸਾਫ ਸਫਾਈ ਜ਼ਰੂਰੀ ਹੈ। ਇਨ੍ਹਾਂ ਵਿਚ ਪਾਣੀ ਛੱਡਿਆ ਜਾਵੇ ਅਤੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵਰਤੋਂ ਲਈ ਆਖਿਆ ਜਾਵੇ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੀ ਨਹੀਂ ਹੋਵੇਗੀ ਸਗੋਂ ਧਰਤੀ ਹੇਠਲੇ ਪਾਣੀ ਵਿਚ ਵਾਧਾ ਹੋਵੇਗਾ। ਧਰਤੀ ਹੇਠਲੇ ਪਾਣੀ ਵਿਚ ਵਾਧੇ ਲਈ ਨਹਿਰਾਂ ਸਭ ਤੋਂ ਵਧੀਆ ਵਸੀਲਾ ਹਨ। ਕਈ ਨਵੇਂ ਆਈ ਟੀ ਆਈ ਖੋਲ੍ਹਣ ਦੀ ਵੀ ਤਜਵੀਜ਼ ਹੈ। ਪਹਿਲਾਂ ਵੀ ਇਕ ਵਾਰ ਕਾਂਗਰਸ ਸਰਕਾਰ ਨੇ ਕਈ ਨਵੇਂ ਆਈਟੀਆਈ ਬਣਾਏ ਸਨ ਪਰ ਉਹ ਇਮਾਰਤਾਂ ਹੁਣ ਵੀ ਖਾਲੀ ਹੀ ਪਈਆਂ ਹਨ। ਨਵੇਂ ਸਿਖਲਾਈ ਕੇਂਦਰ ਪੂਰੀ ਸੰਜੀਦਗੀ ਨਾਲ ਖੋਲ੍ਹੇ ਜਾਣ। ਇਹ ਪੱਕਾ ਕੀਤਾ ਜਾਵੇ ਕਿ ਇੱਥੋਂ ਪੜ੍ਹੇ ਵਿਦਿਆਰਥੀ ਆਪਣੇ ਵਿਸ਼ੇ ਦੇ ਮਾਹਿਰ ਬਣ ਕੇ ਬਾਹਰ ਆਉਣ ਤਾਂ ਜੋ ਪਿੰਡਾਂ ਵਿਚ ਉਹ ਆਪਣਾ ਕਾਰੋਬਾਰ ਸ਼ੁਰੂ ਕਰ ਸਕਣ। ਇਨ੍ਹਾਂ ਕੇਂਦਰ ਵਿਚ ਸਿਖਲਾਈ ਕਲਾਸ ਰੂਮ ਵਿਚ ਨਹੀਂ ਸਗੋਂ ਵਰਕਸ਼ਾਪ ਵਿਚ ਦਿੱਤੀ ਜਾਵੇ ਤਾਂ ਜੋ ਵਿਦਿਆਰਥੀ ਆਪਣੇ ਕਸਬ ਵਿਚ ਪਰਪੱਕ ਹੋ ਸਕਣ।

ਨਵੇਂ ਰੁਜ਼ਗਾਰ ਪੈਦਾ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਪਿੰਡਾਂ ਦੇ ਸਕੂਲਾਂ ਦੇ ਹਾਲਾਤ ਭੈੜੇ ਹੋਣ ਕਰਕੇ ਪੇਂਡੂ ਬੱਚੇ ਮੁਕਾਬਲੇ 'ਚ ਪਿੱਛੇ ਰਹਿ ਜਾਂਦੇ ਹਨ। ਇਸ ਵਾਰ ਸਕੂਲਾਂ ਵਿਚ ਵਧੀਆ ਸਹੂਲਤਾਂ ਲਈ ਵਿਸ਼ੇਸ਼ ਯਤਨ ਕੀਤੇ ਗਏ ਹਨ। ਵਿਦਿਆ ਲਈ 12486 ਕਰੋੜ ਰੁਪਏ ਰੱਖੇ ਗਏ ਹਨ। ਸਰਕਾਰੀ ਸਕੂਲਾਂ ਵਿਸ਼ੇਸ਼ ਕਰਕੇ ਪਿੰਡਾਂ ਦੇ ਸਕੂਲਾਂ ਵਿਚ ਵਿਸ਼ੇਸ਼ ਸੁਧਾਰ ਦੀ ਲੋੜ ਹੈ। ਇਨ੍ਹਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਹਾਣ ਦਾ ਬਣਾਉਣਾ ਜ਼ਰੂਰੀ ਹੈ। ਉਮੀਦ ਹੈ, ਸਰਕਾਰੀ ਸਕੂਲਾਂ ਵਿਚ ਸੁਧਾਰ ਹੋਵੇਗਾ। ਇਹ ਵੀ ਚੰਗਾ ਹੈ ਕਿ ਸਿੱਖਿਆ ਅਤੇ ਖੇਤੀ ਲਈ ਇਮਾਨਦਾਰ ਤੇ ਮਿਹਨਤੀ ਅਫ਼ਸਰ ਕ੍ਰਿਸ਼ਨ ਕੁਮਾਰ ਅਤੇ ਕਾਹਨ ਸਿੰਘ ਪੰਨੂੰ ਹਨ। ਉਮੀਦ ਹੈ, ਉਨ੍ਹਾਂ ਦੀ ਅਗਵਾਈ ਹੇਠ ਇਹ ਸਾਰਾ ਪ੍ਰੋਗਰਾਮ ਸੰਜੀਦਗੀ ਨਾਲ ਸਿਰੇ ਚੜ੍ਹ ਸਕੇਗਾ। ਰੁਜ਼ਗਾਰ ਦੇ ਵਸੀਲਿਆਂ ਦੀ ਘਾਟ ਕਾਰਨ ਪਿੰਡਾਂ ਦੇ ਨੌਜਵਾਨਾਂ ਵਿਚ ਬੇਚੈਨੀ ਵਧ ਰਹੀ ਹੈ। ਉਨ੍ਹਾਂ ਨੂੰ ਕਾਰੋਬਾਰੀ ਬਣਾਉਣ ਲਈ ਵਿਦਿਆ, ਸਿਖਲਾਈ ਅਤੇ ਚੰਗੇ ਭਵਿੱਖ ਦੀ ਲੋੜ ਪੈਂਦੀ ਹੈ। ਸਰਕਾਰੀ ਸਕੂਲਾਂ ਵਿਚ ਸੁਧਾਰ, ਵਧੀਆ ਸਿਖਲਾਈ ਅਤੇ ਖੇਤੀ ਵਿਚ ਵੰਨ-ਸਵੰਨਤਾ ਪਿੰਡਾਂ ਵਿਚ ਰੁਜ਼ਗਾਰ ਦੇ ਵਸੀਲਿਆਂ ਵਿਚ ਵਾਧਾ ਕਰਨਗੇ। ਇਸ ਨਾਲ ਕਿਸਾਨ ਦੀ ਆਮਦਨ ਵਿਚ ਹੀ ਵਾਧਾ ਨਹੀਂ ਹੋਵੇਗਾ ਸਗੋਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਕੰਮ ਵੀ ਮਿਲੇਗਾ। ਨੌਜਵਾਨਾਂ ਵਿਚ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਖਤਰੇ ਸਹੇੜਨ ਦੀ ਵਧੇਰੇ ਹਿੰਮਤ ਹੁੰਦੀ ਹੈ। ਜੇਕਰ ਉਨ੍ਹਾਂ ਨੂੰ ਠੀਕ ਅਗਵਾਈ ਮਿਲ ਸਕੇ ਅਤੇ ਵਿਕਰੀ ਦਾ ਸੁਚੱਜਾ ਪ੍ਰਬੰਧ ਕੀਤਾ ਜਾਵੇ, ਤਾਂ ਉਹ ਖੇਤੀ ਨਾਲ ਸਹਾਇਕ ਧੰਦਿਆਂ ਵਿਚ ਜ਼ਰੂਰ ਦਿਲਚਸਪੀ ਲੈਣਗੇ। ਪੰਜਾਬ ਦੇ ਵਿਕਾਸ ਲਈ ਇਹ ਜ਼ਰੂਰੀ ਹੈ। ਉਮੀਦ ਹੈ, ਸਰਕਾਰ ਆਪਣੇ ਰਹਿੰਦੇ ਬਾਕੀ ਦੋ ਸਾਲਾਂ ਵਿਚ ਖੇਤੀ ਆਧਾਰਿਤ ਸਨਅਤਾਂ ਲਾ ਕੇ ਪਿੰਡ ਵਾਸੀਆਂ ਲਈ ਰੁਜ਼ਗਾਰ ਦੇਵੇਗੀ। ਪਿੰਡ ਵਾਸੀਆਂ ਦੇ ਸ਼ਹਿਰਾਂ ਜਾਂ ਵਿਦੇਸ਼ਾਂ ਵੱਲ ਜਾਣ ਦੇ ਰੁਝਾਨ ਨੂੰ ਵੀ ਠੱਲ੍ਹ ਪੈ ਸਕੇਗੀ।

# ਸੋਭਾ ਸਿੰਘ ਦਾ ਚਿਤਰਿਆ 'ਦੁਖੀ ਜੀਵਨ'

ਜਗਤਾਰਜੀਤ ਸਿੰਘ

ਚਿੱਤਰ 'ਦੁਖੀ ਜੀਵਨ' ਸੋਭਾ ਸਿੰਘ ਦੀ ਰਚਨਾ ਹੈ। ਚਿੱਤਰਕਾਰ ਦੇ ਕਈ ਪ੍ਰਸ਼ੰਸਕ ਅਤੇ ਸ਼ਾਗਿਰਦ ਇਹ ਕਿਰਤ ਦੇਖ ਕੇ ਹੈਰਾਨ ਹੋ ਸਕਦੇ ਹਨ ਕਿਉਂਕਿ ਬਹੁਤਿਆਂ ਨੇ ਇਹ ਤਸਵੀਰ ਨਹੀਂ ਦੇਖੀ। ਉਨ੍ਹਾਂ ਨੂੰ ਚਿੱਤ-ਚੇਤਾ ਵੀ ਨਹੀਂ ਕਿ ਉਨ੍ਹਾਂ ਕੋਈ ਦ੍ਰਿਸ਼ ਰਚਿਆ ਹੋਵੇ ਜਿਸ ਦਾ ਸਬੰਧ ਹਿੰਸਾ ਨਾਲ ਹੋਵੇ ਜਾਂ ਵਾਪਰ ਰਹੀ ਹਿੰਸਾ ਦੀ ਤਸਵੀਰਕਸ਼ੀ ਹੋਵੇ।

ਸੋਭਾ ਸਿੰਘ ਦਾ ਨਾਮ ਖ਼ਾਸ ਤਰ੍ਹਾਂ ਦੀਆਂ ਕਿਰਤਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਰਕੇ ਹੀ ਉਸ ਨੇ ਦੌਲਤ-ਸ਼ੁਹਰਤ ਕਮਾਈ। ਉਸ ਦੇ ਕੰਮ ਨੂੰ ਦੋ ਖ਼ਾਸ ਵਰਗਾਂ ਵਿਚ ਰੱਖ ਸਕਦੇ ਹਾਂ। ਇਕ ਵਰਗ ਵਿਚ ਵੱਖ-ਵੱਖ ਧਰਮਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਹਨ। ਦੂਜੇ ਪ੍ਰਮੁੱਖ ਵਰਗ ਵਿਚ ਪੰਜਾਬੀ ਕਿੱਸਾ-ਕਾਵਿ ਦੇ ਨਾਇਕਾਂ-ਨਾਇਕਾਵਾਂ ਨੂੰ ਚਿਤਰਿਆ ਗਿਆ ਹੈ। ਇਸ ਤੋਂ ਇਲਾਵਾ ਹੋਰ ਕਈ ਵਿਸ਼ਿਆਂ ਨੂੰ ਛੋਹਿਆ ਜਿਨ੍ਹਾਂ ਦਾ ਆਪਣਾ ਮਹੱਤਵ ਹੈ।

ਸੋਭਾ ਸਿੰਘ ਅਕਸਰ ਕਿਹਾ ਕਰਦਾ ਸੀ ਕਿ ਉਸ ਨੂੰ ਕੈਨਵਸ ਉੱਪਰ ਕੱਟ-ਵੱਢ, ਲਹੂ-ਮਿੱਝ ਦਿਖਾਉਣਾ ਚੰਗਾ ਨਹੀਂ ਲੱਗਦਾ। 'ਦੁਖੀ ਜੀਵਨ' ਵਿਚ ਹਿੰਸਾ, ਹਿੰਸਾ ਦੇ ਪ੍ਰਭਾਵ ਨੂੰ ਦਿਖਾਇਆ ਹੈ, ਪਰ ਕਿਸੇ ਪਾਸੇ ਵੀ ਜ਼ਖ਼ਮੀ ਵਿਅਕਤੀ ਜਾਂ ਲਹੂ ਦਾ ਨਿਸ਼ਾਨ ਨਹੀਂ ਮਿਲਦਾ। ਉਸ ਜੋ ਕਿਹਾ, ਉਸ ਨੂੰ ਅਮਲ ਵਿਚ ਵੀ ਲਿਆਂਦਾ। ਹਰ ਕਲਾਕਾਰ ਦੀ ਆਪਣੀ ਮਨੌਤ ਹੁੰਦੀ ਹੈ ਜਿਸ ਉੱਪਰ ਉਹ ਨਿਰੰਤਰ ਪਹਿਰਾ ਦਿੰਦਾ ਹੈ।

ਇਸ ਰਚਨਾ ਲਈ ਪਾਣੀ ਰੰਗਾਂ ਨੂੰ ਵਰਤਿਆ ਗਿਆ। ਚਿੱਤਰ ਦਾ ਵਿਸ਼ਾ ਦੇਸ਼ ਵੰਡ ਹੈ। ਜਿਸ ਨੂੰ ਚਿੱਤਰ ਸੰਦਰਭ ਦਾ ਪਤਾ ਨਹੀਂ, ਉਹ ਵੀ ਆਸਾਨੀ ਨਾਲ ਸਮਝ ਸਕਦਾ ਹੈ ਕਿ ਚਿੱਤਰ ਕਿਸੇ ਨਾ ਕਿਸੇ ਰੂਪ ਵਿਚ ਮਾਨਵੀ ਪੀੜ ਨੂੰ ਜ਼ੁਬਾਨ ਦੇ ਰਿਹਾ ਹੈ, ਬਿਨਾਂ ਕਿਸੇ ਸਮੇਂ-ਸਥਾਨ ਵਿਚ ਬੰਨ੍ਹਿਆਂ। ਇੱਥੇ ਕੋਈ ਹਥਿਆਰ ਚਲਾਉਂਦਾ ਸ਼ਖ਼ਸ ਨਹੀਂ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਹਥਿਆਰ ਦਾ ਸ਼ਿਕਾਰ ਹੋਇਆ ਕੋਈ ਜ਼ਖ਼ਮੀ ਦਿਖਾਈ ਦੇ ਰਿਹਾ ਹੈ ਤਾਂ ਵੀ ਦੁੱਖ ਪਰੁੱਚੇ, ਸਤਾਏ, ਬੇਸਹਾਰਾ ਲੋਕਾਂ ਦੀ ਪੇਸ਼ਕਾਰੀ ਦਰਸ਼ਕਾਂ ਨੂੰ ਹਲੂਣ ਦਿੰਦੀ ਹੈ। ਚਿੱਤਰ ਦੇਖਦਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਲੋਕ ਹਿੰਸਾ ਦਾ ਸ਼ਿਕਾਰ ਹੋਣ ਉਪਰੰਤ ਇਸ ਸਥਿਤੀ ਵਿਚ ਪਹੁੰਚੇ ਹਨ।

ਚਿਤੇਰੇ ਦੀ ਕਿਰਤ ਨਿਰੰਤਰਤਾ ਨੂੰ ਉਜਾਗਰ ਕਰ ਰਹੀ ਹੈ। ਜੋ ਹੋਇਆ ਉਹ ਚਿੱਤਰ ਦਾ ਅੰਗ ਬਣ ਗਿਆ, ਭਾਵੇਂ ਇਹ ਯਥਾਰਥ ਦਾ ਅਤਿ ਨਿਗੂਣਾ ਅੰਸ਼ ਹੈ। ਜੋ ਦਿਸ ਰਿਹਾ ਹੈ, ਇਸ ਦਾ ਪਾਸਾਰ ਬਿਨਾਂ ਕਿਸੇ ਰੋਕ-ਟੋਕ, ਬਿਨਾਂ ਸਮੇਂ-ਸਥਾਨ ਵਿਚ ਬੱਝਿਆਂ ਹੁੰਦਾ ਹੀ ਰਹੇਗਾ। ਇਹ ਕੱਲ੍ਹ ਹੋਇਆ, ਅੱਜ ਹੋ ਰਿਹਾ ਹੈ, ਕੱਲ੍ਹ ਨੂੰ ਵੀ ਹੋਵੇਗਾ। ਕਿਸੇ ਵੇਲੇ ਸਵਾਲ ਪੈਦਾ ਹੁੰਦਾ ਹੈ ਕਿ ਹਿੰਸਾ ਵਿਅਕਤੀ ਲਈ ਜ਼ਰੂਰੀ ਕਿਉਂ ਹੁੰਦੀ ਜਾ ਰਹੀ ਹੈ?

ਹਿੰਸਾ ਦੇ ਕਾਰਜ-ਕਾਰਨ ਸਬੰਧ ਇਤਿਹਾਸ ਵਿਚ ਦਰਜ ਹਨ। ਸਾਹਿਤ ਇਸ ਨਾਲ ਮਾਨਵੀ ਭਾਵਾਂ, ਸੰਵੇਦਨਾਵਾਂ ਨੂੰ ਜੋੜ ਦਿੰਦਾ ਹੈ। ਚਿੱਤਰ ਨੂੰ ਸਮਝਣ ਲਈ ਇਨ੍ਹਾਂ ਵਿਧਾਵਾਂ ਦਾ ਗਿਆਨ ਹੋਣਾ ਚਾਹੀਦਾ ਹੈ। ਇਹ ਗੰਭੀਰ ਸੂਝ-ਸਮਝ ਲਈ ਜ਼ਰੂਰੀ ਹੈ। ਉਂਜ, ਚਿੱਤਰ ਨੂੰ ਇਸ ਤੋਂ ਬਿਨਾਂ ਵੀ ਜਾਣਿਆ ਜਾ ਸਕਦਾ ਹੈ।

ਦੂਜੀ ਆਲਮੀ ਜੰਗ ਖ਼ਤਮ ਹੋਈ ਤਾਂ ਸੋਭਾ ਸਿੰਘ ਨੂੰ ਉਸ ਨੌਕਰੀ ਤੋਂ ਜਵਾਬ ਮਿਲ ਗਿਆ ਜਿਸ ਮਹਿਕਮੇ ਵਿਚ ਉਹ ਨੌਕਰ ਲੱਗਾ ਹੋਇਆ ਸੀ। ਉਸ ਵੇਲੇ ਉਸ ਨੇ ਕਲਾ ਨੂੰ ਆਪਣੇ ਜੀਵਨ ਵਿਚ ਰੋਜ਼ੀ-ਰੋਟੀ ਦਾ ਜ਼ਰੀਆ ਬਣਾਉਣ ਦਾ ਨਿਰਣਾ ਲਿਆ। ਇਹਦੇ ਲਈ ਲਾਹੌਰ ਸ਼ਹਿਰ ਦੀ ਚੋਣ ਕੀਤੀ ਕਿਉਂਕਿ ਸਾਹਿਤ, ਕਲਾ, ਸੱਭਿਆਚਾਰ ਇੱਥੇ ਖ਼ੂਬ ਪ੍ਰਫੁੱਲਿਤ ਹੋ ਰਹੇ ਸਨ। ਦੇਸ਼ ਵੰਡ ਦੇ ਐਲਾਨ ਮਗਰੋਂ ਫ਼ਿਰਕੂ ਦੰਗੇ ਸ਼ੁਰੂ ਹੋ ਜਾਣ ਕਾਰਨ ਛੇਤੀ ਹੀ ਉਸ ਨੂੰ ਇਹ ਸ਼ਹਿਰ ਤਿਆਗਣਾ ਪਿਆ। ਆਪਣੇ ਸੁਫ਼ਨਿਆਂ ਦੇ ਸ਼ਹਿਰ ਨੂੰ ਅਲਵਿਦਾ ਆਖੀ ਤਾਂ ਉਹ ਬਿਲਕੁਲ ਖਾਲੀ ਹੱਥ ਸੀ। ਕਲਾਕਾਰ ਦੇ ਕਹੇ ਅਨੁਸਾਰ ਸੌ ਤੋਂ ਵੱਧ ਪੂਰੇ ਅਤੇ ਅਧੂਰੇ ਕੰਮ ਸਦਾ ਵਾਸਤੇ ਲਾਹੌਰ ਰਹਿ ਗਏ।

ਇਸ ਪਾਸੇ ਵੱਲ ਆ ਕੇ ਜੀਵਨ-ਘੋਲ ਮੁੜ ਸ਼ੁਰੂ ਹੋਇਆ। ਖਿੱਚੀ ਜਾ ਚੁੱਕੀ ਲਕੀਰ ਦੇ ਪਾਰੋਂ ਆਉਣ ਵਾਲੇ ਲੋਕਾਂ ਦੇ ਵਸੇਬੇ ਵਾਲੇ ਮਹਿਕਮੇ ਦਾ ਪ੍ਰਮੁੱਖ ਡਾ. ਮਹਿੰਦਰ ਸਿੰਘ ਰੰਧਾਵਾ ਸੀ। ਉਸੇ ਨੇ ਇਸ ਮਹਿਕਮੇ ਵਾਸਤੇ ਸੋਭਾ ਸਿੰਘ ਨੂੰ ਕਲਾਤਮਿਕ ਪੋਸਟਰ ਬਣਾਉਣ ਲਈ ਕਿਹਾ। 'ਦੁਖੀ ਜੀਵਨ' ਸਿਰਲੇਖ ਵਾਲੀ ਕਿਰਤ ਉਸੇ ਦਾ ਨਤੀਜਾ ਹੈ। ਇਹ ਗੱਲ 1948 ਦੇ ਲਾਗੇ-ਚਾਗੇ ਦੀ ਹੈ।

ਬਿਲਕੁਲ ਅਗਲੇਰੇ ਹਿੱਸੇ 'ਚ ਦਰਮਿਆਨੀ ਉਮਰ ਦੀ ਇਕ ਔਰਤ ਬੈਠੀ ਹੈ ਜਿਸ ਪਾਸ ਕੁਝ ਸਾਮਾਨ ਤੋਂ ਇਲਾਵਾ ਉਸ ਦੇ ਦੋ ਬੱਚੇ ਹਨ। ਇਸ ਤੋਂ ਇਲਾਵਾ ਜੇ ਕੋਈ ਇਕਾਈ ਪ੍ਰਮੁੱਖ ਹੈ ਤਾਂ ਉਹ ਲੱਗੀ ਹੋਈ ਅੱਗ ਹੈ।



ਵਿਚ-ਵਿਚਾਲੇ ਏਧਰ-ਉਧਰ ਖਿਲਰੇ ਲੋਕ ਹਨ ਜਿਨ੍ਹਾਂ ਦੇ ਕਦਮ ਇਕੋ ਦਿਸ਼ਾ ਵੱਲ ਵਧ ਰਹੇ ਹਨ।

ਅੱਗ ਦੀ ਖੋਜ ਨੇ ਆਦਿ ਮਾਨਵ ਦੇ ਜੀਵਨ-ਵਿਹਾਰ ਨੂੰ ਬਦਲਿਆ। ਇਹ ਸੁੱਖ-ਆਰਾਮ ਦਾ ਸਾਧਨ ਵੀ ਬਣੀ। ਕਾਲ ਕ੍ਰਮ ਵਿਚ ਇਹ ਯੁੱਧਾਂ ਦਾ ਅੰਗ ਬਣ ਤਬਾਹੀ ਵੀ ਕਰਦੀ ਰਹੀ।

'ਦੁਖੀ ਜੀਵਨ' ਵਿਚਲੀ ਅੱਗ ਵੱਖ-ਵੱਖ ਫ਼ਿਰਕਿਆਂ ਦੇ ਉਜਾੜੇ ਦਾ ਸਾਧਨ ਬਣੀ। ਲੱਗੀ ਅੱਗ ਦੇ ਭਾਂਬੜ ਤ੍ਰਾਸਦੀ ਦੇ ਦ੍ਰਿਸ਼ ਨੂੰ ਸਾਫ਼-ਸਾਫ਼ ਦੱਸ ਰਹੇ ਹਨ।

ਦੂਰ ਪਰ੍ਹਾਂ ਬਲ ਰਹੀ ਅੱਗ ਦੀਆਂ ਬੇਮੁਹਾਰ ਲਪਟਾਂ ਜਿਵੇਂ ਖਲਾਅ ਨੂੰ ਚੱਟ ਰਹੀਆਂ ਹਨ। ਅੱਗ ਦੇ ਸਿਰ ਉੱਧਰ ਧੂੰਏਂ ਦਾ ਰਾਜ ਹੈ। ਇਸ ਨੇ ਉੱਪਰਲੀ ਸਪੇਸ ਨੂੰ ਖੱਬੇ ਤੋਂ ਸੱਜੇ ਵੱਲ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਜੋ ਖਲਾਅ ਵਿਚ ਦਿਸ ਰਿਹਾ, ਉਸ ਦੀਆਂ ਜੜ੍ਹਾਂ ਬਸਤੀਆਂ ਵਿਚ ਹਨ। ਬਸਤੀਆਂ ਜਿਨ੍ਹਾਂ ਅੰਦਰ ਭਾਂਤ-ਸੁਭਾਂਤ ਦੇ ਲੋਕ ਰਹਿੰਦੇ ਹੁੰਦੇ ਸਨ, ਹੁਣ ਨਹੀਂ ਰਹਿ ਰਹੇ ਕਿਉਂਕਿ ਅੱਗ ਨੇ ਵਾਸ ਕਰ ਲਿਆ ਹੈ। ਵਿਅਕਤੀ ਪਾਸ ਵੱਖਰਤਾ ਪੈਦਾ ਕਰਨ ਦੇ ਅਨੇਕ ਸਾਧਨ ਹਨ ਜਿਨ੍ਹਾਂ ਦਾ ਪਾਸਾਰ ਵਿਚਾਰ ਤੋਂ ਲੈ ਕੇ ਭੌਤਿਕਤਾ ਤੱਕ ਹੈ। ਅੱਗ ਪਾਸ ਵਖਰੇਵਾਂ ਨਹੀਂ। ਉਸ ਨੂੰ ਆਪਣੇ ਲਈ ਵਸਤੂ ਰੂਪ ਵਿਚ ਈਂਧਣ ਚਾਹੀਦਾ ਹੈ ਜਿਹੜਾ ਬਸਤੀਆਂ ਵਿਚ ਮੌਜੂਦ ਸੀ।

ਦ੍ਰਿਸ਼ ਅੱਗ ਲਾਉਣ ਵਾਲਿਆਂ ਨੂੰ ਆਪਣੇ ਫਰੇਮ ਵਿਚ ਨਹੀਂ ਆਉਣ ਦੇ ਰਿਹਾ। ਬੈਠੀ ਹੋਈ ਔਰਤ ਦੇ ਅੱਗੇ-ਪਿੱਛੇ ਤਿੰਨ ਗੱਠੜੀਆਂ ਹਨ। ਗੱਠੜੀਆਂ ਵਿਚ ਕੀ ਹੈ, ਭੇਤ ਹੈ। ਰਸੇ-ਵਸੇ ਘਰੋਂ ਗੱਠੜੀਆਂ ਵਿਚ ਲਿਪਟਿਆ ਸਾਮਾਨ ਹੀ ਬਾਹਰ ਆ ਸਕਿਆ। ਕਦੇ ਸੁਰੱਖਿਅਤ ਕਹੇ ਜਾਂਦੇ ਘਰਾਂ ਦੇ ਮਾਲਕ ਬੇਘਰ ਹੋ ਗਏ। ਦਿਸ ਰਿਹਾ ਪਰਿਵਾਰ ਇਸ ਦੀ ਉਦਾਹਰਣ ਹੈ। ਉਦਾਹਰਣ ਉਸ ਵੇਲੇ ਦੀ ਹੀ ਨਹੀਂ ਸਗੋਂ ਉਸ ਹਰ ਦੰਗੇ ਦੀ ਹੈ ਜੋ ਉਸ ਸਮੇਂ ਤੋਂ ਬਾਅਦ ਹੁੰਦੇ ਆ ਰਹੇ ਹਨ। ਦੇਸ਼ ਦੇ ਅਨੇਕ ਸ਼ਹਿਰਾਂ ਨੂੰ ਬਿਨਾਂ ਕਿਸੇ ਡਰ ਤੋਂ ਹਿੰਸਾ ਦਾ ਸੁਆਦ ਚਖਾ ਦਿੱਤਾ ਗਿਆ ਹੈ ਅਤੇ ਦਿੱਤਾ ਜਾਂਦਾ ਰਹੇਗਾ।

ਕੀ ਇਹ ਪੂਰਾ ਪਰਿਵਾਰ ਹੈ? ਹੋ ਸਕਦਾ ਹੈ ਅਤੇ ਨਹੀਂ ਵੀ। ਲੱਗਦਾ ਹੈ, ਕਦੇ ਪਰਿਵਾਰ ਪੂਰਾ ਸੀ, ਹੁਣ ਨਹੀਂ ਹੈ। ਪਰਿਵਾਰ ਨਾਲ ਕੋਈ ਮਰਦ ਪਾਤਰ ਨਹੀਂ। ਇਹ ਖ਼ਿਆਲ ਦਿਸ ਰਹੀ ਸਥਿਤੀ ਨੂੰ ਹੋਰ ਗੰਭੀਰ ਬਣਾ ਰਿਹਾ ਹੈ। ਜੋੜ ਸਕਦੇ ਹਾਂ, ਘਰੋਂ ਤਾਂ ਸਾਰੇ ਇਕੱਠੇ ਹੀ ਤੁਰੇ ਹੋਣਗੇ, ਪਰ ਰਸਤਿਆਂ ਦੇ ਕਿਸੇ ਇਕ ਪੜਾਅ ਨੇ ਪਰਿਵਾਰ ਦੇ ਮਰਦ ਜੀਅ ਨੂੰ ਨਿਗਲ ਲਿਆ ਜਾਂ ਆਪਣੇ ਪਰਿਵਾਰ ਦੀ ਰਾਖੀ ਕਰਦਾ-ਕਰਦਾ ਖ਼ੁਦ ਹੀ ਮਰ ਗਿਆ। ਕਾਰਨ ਜੋ ਵੀ ਰਹੇ ਹੋਣ, ਉਸ ਕਰਕੇ ਇਹ ਪਰਿਵਾਰ ਬੇਸਹਾਰਾ ਅਤੇ ਨਿਰਬਲ ਜ਼ਰੂਰ ਹੋ ਗਿਆ ਹੈ। ਤੁਲਨਾ ਹਿਤ ਧਿਆਨ ਉਨ੍ਹਾਂ ਚਾਰ ਸਿਆਹ ਆਕਾਰਾਂ ਵੱਲ ਜਾਂਦਾ ਹੈ ਜੋ ਚਿੱਤਰ ਦੇ ਖੱਬੇ ਵੱਲ ਕੁੜੀ ਪਿੱਛੇ ਹਨ। ਇਸ ਪਰਿਵਾਰ ਵਿਚ ਮਰਦ, ਬੱਚਾ ਅਤੇ ਕੁੱਛੜ ਚੁੱਕੇ ਬੱਚੇ ਵਾਲੀ ਔਰਤ ਹੈ। ਪਰਿਵਾਰ ਤਾਂ ਪੂਰਾ ਹੈ, ਪਰ ਇਸ ਪਾਸੇ ਅਸਬਾਬ ਨਹੀਂ ਹੈ। ਹੋਰ ਦੂਰ-ਦੁਰਾਡੇ ਦੂਸਰੇ ਕਈ ਪ੍ਰੇਤ ਛਾਵਾਂ ਜਿਹੇ ਆਕਾਰ ਨਜ਼ਰੀਂ ਪੈਂਦੇ ਹਨ। ਇਹ ਸਾਰੇ ਰਲਮਿਲ ਚਿੱਤਰ ਦੇ ਵਿਸ਼ੇ ਨੂੰ ਸਚਿਆਉਂਦੇ ਅਤੇ ਮਜ਼ਬੂਤੀ ਦਿੰਦੇ ਹਨ।

ਮੁੱਖ ਆਕਾਰਾਂ ਦੇ ਖੱਬੇ ਵੱਲ ਜੋ ਦਿਖਾਈ ਦੇ ਰਿਹਾ, ਉਹ ਵੱਖਰੀ ਸਚਾਈ ਦੀ ਲਿਸ਼ਕੋਰ ਹੈ, ਭਾਵੇਂ ਸਾਰਾ ਕੁਝ ਸਾਫ਼-ਸਾਫ਼ ਨਹੀਂ। ਘਰਾਂ ਦਾ ਤਿਆਗ ਕਰਨ ਤੋਂ ਬਾਅਦ ਲੋਕਾਂ ਨੇ ਸਮੂਹ ਬਣਾ ਉਸ ਪਾਸੇ ਤੋਂ ਇਸ ਪਾਸੇ ਵੱਲ ਆਉਣਾ ਸ਼ੁਰੂ ਕੀਤਾ। ਇਨ੍ਹਾਂ ਨੂੰ ਕਾਫ਼ਲੇ ਕਿਹਾ ਗਿਆ। ਕਈ ਦਿਨਾਂ ਦੀ ਮੁਸ਼ੱਕਤ, ਜਰਵਾਣਿਆਂ ਦੇ ਹਮਲੇ ਸਹਾਰਦਿਆਂ, ਕੁਦਰਤੀ ਆਫ਼ਤਾਂ ਨੂੰ ਝੱਲਦਿਆਂ, ਆਪਣੇ ਪਰਿਵਾਰਾਂ ਦੇ ਜੀਆਂ ਨੂੰ ਵਿਛੜਦਿਆਂ-ਮਰਦਿਆਂ ਦੇਖਣ ਬਾਅਦ ਖਿੱਚੀ ਲੀਕਰ ਪਾਰ ਕੀਤੀ।

ਸਾਹ ਲੈਣ ਲਈ, ਰਾਤ ਕੱਟਣ ਲਈ ਕਾਫ਼ਲਿਆਂ ਨੂੰ ਰੁਕਣਾ ਪੈਂਦਾ। ਬੰਦਿਆਂ ਦੇ ਨਾਲ ਪਸ਼ੂ ਵੀ ਆਰਾਮ ਕਰਦੇ ਕਿਉਂਕਿ ਕਾਫ਼ਲੇ ਵਿਚ ਸ਼ਾਮਲ ਲੋਕਾਂ ਦਾ ਸਾਮਾਨ ਗੱਡਿਆਂ ਉੱਪਰ ਲੱਦਿਆ ਹੁੰਦਾ। ਗੱਡਿਆਂ ਨੂੰ ਬਲਦ ਜਾਂ ਝੋਟੇ ਖਿੱਚਦੇ। ਇੱਥੇ ਦੋ ਸਿੱਖ ਗੱਡੇ ਨਾਲ ਦੋ ਬੈਲਾਂ ਨੂੰ ਜੋੜਨ ਦੇ ਆਹਰ ਵਿਚ ਹਨ। ਇਸ ਦੇ ਪਿੱਛੇ ਹੋਰ ਗੱਡੇ ਦਿਖਾਈ ਦੇ ਰਹੇ ਹਨ। ਇਨ੍ਹਾਂ ਦੇ ਆਸ-ਪਾਸ ਅਤੇ ਹੋਰ ਪਿਛਾਂਹ ਵੱਲ ਲੋਕਾਂ ਦੀਆਂ ਵਹੀਰਾਂ ਹਨ। ਸਭ ਆਪੋ-ਆਪਣੇ ਬਸੇਰੇ ਤਿਆਗ ਕੇ ਨਿ-ਰੰਤਰ ਉਸ ਤੋਂ ਦੂਰ ਹੁੰਦੇ ਜਾ ਰਹੇ ਹਨ, ਕਦੇ ਮੁੜ ਵਾਪਸ ਨਾ ਆਉਣ ਲਈ।

ਬੈਠੀ ਔਰਤ ਦਾ ਇਕ ਹੱਥ ਗੱਠੜੀ ਉੱਪਰ ਹੈ। ਦੂਜੇ ਹੱਥ ਨਾਲ ਅੱਖੀਂ ਆਏ ਹੰਝੂਆਂ ਨੂੰ ਪੂੰਝਿਆ ਜਾ ਰਿਹਾ ਹੈ। ਸਿਰ ਉੱਪਰੋਂ ਹੋ ਕੇ ਅੱਗੇ ਆਏ ਮੈਲੇ ਸਫ਼ੈਦ ਕੱਪੜੇ ਨੇ ਉਸ ਦੇ ਚਿਹਰੇ ਨੂੰ ਨ੍ਹੇਰਾ ਕੀਤਾ ਹੋਇਆ ਹੈ। ਗੌਰ ਨਾਲ ਦੇਖਣ 'ਤੇ ਪਤਾ ਲੱਗਦਾ ਹੈ, ਉਸ ਦੀਆਂ ਅੱਖਾਂ ਦੀ ਸਫ਼ੇਦੀ ਐਨ ਸਿੱਧਾ ਦੇਖ ਰਹੀ ਹੈ। ਇਹ ਪਥਰਾਈਆਂ ਪ੍ਰਤੀਤ ਹੋ ਰਹੀਆਂ ਹਨ। ਜਿਹੜਾ-ਜਿਹੜਾ ਮੰਜ਼ਰ ਇਨ੍ਹਾਂ ਦੇਖਿਆ, ਉਹ ਇਹ ਦਿਖਾ ਨਹੀਂ ਸਕਦੀਆਂ, ਪਰ ਦੇਖਣ ਵਾਲੇ ਦਰਸ਼ਕ ਮਨ ਅੰਦਰ ਖ਼ੌਫ਼ ਜ਼ਰੂਰ ਭਰ ਸਕਦੀਆਂ ਹਨ। ਸਰੀਰ ਦਾ ਢਿੱਲਾਪਣ ਕਾਫ਼ੀ ਕੁਝ ਬਿਆਨਦਾ ਹੈ।

ਕਰੀਬ ਖੜ੍ਹੀ ਲੜਕੀ ਦੇ ਕੁੱਛੜ ਬਾਲ ਹੈ। ਕੁੜੀ ਦਾ ਚਿਹਰਾ ਬਰੀਕੀ ਨਾਲ ਨਹੀਂ ਬਣਾਇਆ ਗਿਆ। ਚਿਹਰੇ ਅਤੇ ਸਰੀਰ ਦੇ ਬਜਾਏ ਲੜਕੀ ਦੇ ਕੱਪੜੇ ਜ਼ਿਆਦਾ ਬੋਲਦੇ ਹਨ। ਪਾਈ ਹੋਈ ਕਮੀਜ਼ ਅਤੇ ਸਲਵਾਰ ਦੀ ਹਾਲਤ ਤਰਸਯੋਗ ਹੈ। ਵਸਤਰ ਲੀਰਾਂ ਬਣਨ ਦੇ ਰਾਹ ਉੱਪਰ ਹਨ। ਇਹ ਇੱਥੋਂ ਤੱਕ ਦੀਆਂ ਦੁਸ਼ਵਾਰੀਆਂ ਨੂੰ ਬਿਆਨ ਰਹੇ ਹਨ। ਅੱਗੋਂ ਹੋਰ ਕੀ ਹੋਣਾ ਹੈ, ਕੁਝ ਕਿਹਾ ਨਹੀਂ ਜਾ ਸਕਦਾ।

ਦੰਗਿਆਂKਕਤਲੇਆਮ ਦੀ ਭਿਆਨਕਤਾ ਦੀ ਤਰਜਮਾਨੀ ਕੁੱਛੜ ਚੜ੍ਹਿਆ ਬਾਲ ਵੀ ਕਰ ਰਿਹਾ ਹੈ। ਉਹਦੇ ਗਲ ਪਏ ਲੀੜੇ ਸੰਤੋਖਜਨਕ ਨਹੀਂ। ਜੋ ਹਨ, ਉਹ ਗੁਜ਼ਾਰੇ-ਯੋਗ ਹਨ।

ਕੱਪੜਿਆਂ ਦੀ ਅਜਿਹੀ ਸਥਿਤੀ ਕਿਵੇਂ? ਦਰਅਸਲ, ਇਹ ਸਮੇਂ ਦੇ ਨਾਲ-ਨਾਲ ਵਸਤੂ ਦੀ ਉਪਲੱਬਧਤਾ ਨੂੰ ਜ਼ਾਹਿਰ ਕਰ ਰਹੀ ਹੈ। ਸੋਚਿਆ ਜਾ ਸਕਦਾ ਹੈ ਜਦ ਤੋਂ ਇਹ ਪਰਿਵਾਰ ਘਰੋਂ ਤੁਰਿਆ, ਹਾਲਾਤ ਨੇ ਇਨ੍ਹਾਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਦਿੱਤਾ। ਇਹ ਜਿਨ੍ਹਾਂ ਵਸਤਰਾਂ ਨੂੰ ਪਾ ਘਰੋਂ ਨਿਕਲੇ, ਪ੍ਰਤੀਤ ਹੁੰਦਾ ਹੈ, ਉਨ੍ਹਾਂ ਵਿਚ ਹੀ ਚਿੱਤਰ ਦਾ ਅੰਗ ਬਣੇ ਹਨ।

ਲੜਕੀ ਅਤੇ ਬੱਚਾ ਪੈਰੋਂ ਨੰਗੇ ਹਨ। ਯਕੀਨ ਹੈ, ਬੈਠੀ ਹੋਈ ਇਨ੍ਹਾਂ ਦੀ ਮਾਂ ਵੀ ਪੈਰੋਂ ਨੰਗੀ ਹੋਵੇਗੀ। ਰਾਹਾਂ ਦੇ ਸਫ਼ਰ ਨੇ ਪੈਰਾਂ ਦੇ ਰਾਖਿਆਂ ਨੂੰ ਲੀਲ ਲਿਆ।

ਅਗਲੇਰੇ ਹਿੱਸੇ ਵਿਚ ਜੇ ਇਹ ਪਰਿਵਾਰ ਹੈ ਤਾਂ ਪਿਛੋਕੜ ਵਿਚ ਧੁਖ਼ਦੀ ਅੱਗ ਦਾ ਰਕਸ ਹੈ। ਅੱਗ ਦੀਆਂ ਲਪਟਾਂ ਕਹਿ ਲਉ ਜਾਂ ਉਸ ਦਾ ਸੇਕ ਦਰਸ਼ਕ ਦੀ ਅੱਖ ਤੱਕ ਪਹੁੰਚਦਾ ਹੈ। ਚਿੱਤਰਕਾਰ ਨੇ ਰੰਗਾਂ ਦੀ ਵਰਤੋਂ ਹੀ ਅਜਿਹੀ ਕੀਤੀ ਹੈ। ਵਿਸ਼ਾਲ ਪਿੱਠਭੂਮੀ ਅੱਗ ਦੇ ਸਪੁਰਦ ਹੈ। ਸੱਜੇ ਵੱਲ ਦਾ ਥੋੜ੍ਹਾ ਜਿਹਾ ਨੀਲਾ ਆਸਮਾਨ ਦਿਸ ਆਉਂਦਾ ਹੈ। ਅੱਗ ਦੀ ਲੋਅ ਵੀ ਕਾਫ਼ੀ ਅੱਗੇ ਤੱਕ ਆਈ ਲਗਦੀ ਹੈ। ਜੋ ਵੀ ਹੈ ਇਹ ਤਬਾਹੀ ਦੇ ਅਕਸ ਨੂੰ ਗੂੜ੍ਹਾ ਕਰਦਾ ਹੈ।

ਧਿਆਨ ਵਿਚ ਆਉਂਦਾ ਹੈ ਕਿ ਇਹ ਕਿਹੜਾ ਸਮਾਂ ਹੋ ਸਕਦਾ ਹੈ? ਜੇ ਅਗਲੇਰੇ ਪਾਸੇ ਨੂੰ ਦੇਖਿਆ ਜਾਵੇ ਤਾਂ ਸਮਾਂ ਰਾਤ ਦਾ ਲੱਗਦਾ ਹੈ। ਜਿੱਦਾਂ ਦੇ ਰੰਗ ਲਾਏ ਗਏ ਹਨ, ਉਹ ਚਾਨਣੀ ਰਾਤ ਦਾ ਸਮਾਂ ਦਰਜ ਕਰਦੇ ਹਨ। ਨੀਲਾ ਰੰਗ ਦਰਸ਼ਕ ਨੂੰ ਸ਼ਾਂਤ-ਇਕਾਂਤ ਵਾਤਾਵਰਨ ਨਾਲ ਜੋੜਦਾ ਹੈ, ਪਰ ਲੱਗੀ ਹੋਈ ਅੱਗ ਏਨੀ ਪ੍ਰਬਲ ਹੈ ਕਿ ਉਹ ਦਿਨ ਦਾ ਭਰਮ ਦੇ ਰਹੀ ਹੈ।

ਇਹ ਭਰਮ ਕੁਝ ਸਮੇਂ ਦਾ ਹੈ ਕਿਉਂਕਿ ਸਭ ਵਸਤਾਂ ਨੇ ਸੁਆਹ ਵਿਚ ਬਦਲ ਜਾਣਾ ਹੈ। ਅਸਲ ਵਿਚ ਕਿਸੇ ਭੁਲੇਖੇ ਨੂੰ ਪਾਲ ਕੇ ਬਸਤੀਆਂ ਨੂੰ ਉਜਾੜਨਾ, ਉਨ੍ਹਾਂ ਨੂੰ ਅੱਗ ਲਾਉਣੀ, ਬਾਸ਼ਿੰਦਿਆਂ ਨੂੰ ਮਾਰ ਮੁਕਾਉਣਾ ਆਦਿ ਅਜੋਕੇ ਸਮੇਂ ਦੇ ਵੀ ਸ਼ੁਗਲ ਹਨ। ਚਿੱਤਰ ਭਾਵੇਂ ਸੱਤਰ ਕੁ ਸਾਲ ਪਹਿਲਾਂ ਦਾ ਹੈ, ਪਰ ਜਿਸ ਜ਼ਹਿਰੀਲੀ ਫ਼ਿਤਰਤ ਦੀ ਇਹ ਗੱਲ ਕਰਦਾ ਹੈ ਦੇਸ਼ ਨੇ ਉਸ ਤੋਂ ਮੁਕਤ ਤਾਂ ਕੀ ਹੋਣਾ ਸੀ ਸਗੋਂ ਹਰ ਰੋਜ਼ ਨਵੇਂ ਵਿਕਸਿਤ ਤਰੀਕਿਆਂ ਨੂੰ ਅਪਣਾਅ ਰਿਹਾ ਹੈ।

# ਬਿਜਲੀ ਦੀ ਮੰਗ ਘਟੀ, ਥਰਮਲ ਪਲਾਂਟ ਬੰਦ

ਪੰਜਾਬ ਨੂੰ ਵਾਧੂ ਬਿਜਲੀ ਬਣਾਉਣ ਵਾਲਾ ਸੂਬਾ ਬਣਾਉਣਾ ਹੀ ਪ੍ਰਾਂਤ ਦੇ ਅਰਥਚਾਰੇ ਲਈ ਸਰਾਪ ਸਿੱਧ ਹੋ ਰਿਹਾ ਹੈ। ਨਿੱਜੀ ਥਰਮਲ ਪਲਾਂਟਾਂ ਨਾਲ ਕੀਤੇ ਬਿਜਲੀ ਖ਼ਰੀਦ ਸਮਝੌਤਿਆਂ ਕਰਕੇ ਪਾਵਰਕੌਮ ਉੱਤੇ ਪੈ ਰਿਹਾ ਵਿੱਤੀ ਬੋਝ ਪਹਿਲਾਂ ਹੀ ਚਰਚਾ ਦਾ ਮੁੱਦਾ ਬਣਿਆ ਹੋਇਆ ਹੈ। ਇਸ ਬਾਰੇ ਪੰਜਾਬ ਸਰਕਾਰ ਨੇ ਵ੍ਹਾਈਟ ਪੇਪਰ ਜਾਰੀ ਕਰਨ ਦਾ ਵਾਅਦਾ ਕੀਤਾ ਹੈ। ਹੁਣ ਫਿਰ ਮੰਡੀ ਵਿਚ ਬਿਜਲੀ ਦੀ ਮੰਗ ਘਟ ਜਾਣ ਦੇ ਕਾਰਨ ਰਾਜਪੁਰਾ, ਤਲਵੰਡੀ ਸਾਬੋ ਅਤੇ ਗੋਇੰਦਵਾਲ ਸਾਹਿਬ ਸਥਿਤ ਨਿੱਜੀ ਥਰਮਲ ਪਲਾਂਟਾਂ ਦੇ ਨਾਲ ਨਾਲ ਪਾਵਰਕੌਮ ਨੂੰ ਵੀ ਆਪਣੇ ਪਲਾਂਟ ਬੰਦ ਕਰਨੇ ਪਏ ਹਨ। ਕਰੋਨਾਵਾਇਰਸ ਅਤੇ ਹੋਰਾਂ ਕਾਰਨਾਂ ਕਰਕੇ ਅਰਥਿਕ ਮੰਦੀ ਅਤੇ ਲਗਾਤਾਰ ਹੋ ਰਹੀ ਬਰਸਾਤ ਦੇ ਕਾਰਨ ਬਿਜਲੀ ਦੀ ਮੰਗ ਵਿਚ ਹੋਰ ਕਮੀ ਆਈ ਹੈ। ਸਨਅਤੀ ਇਕਾਈਆਂ ਵਿਚ ਪੈਦਾਵਾਰ ਘਟੀ ਹੈ ਅਤੇ ਕਈ ਕਾਰਖਾਨੇ ਬੰਦ ਹੋ ਗਏ ਹਨ।

ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਬਿਜਲੀ ਦੀ ਮੰਗ ਘਟ ਕੇ 4325 ਮੈਗਾਵਾਟ ਤੱਕ ਰਹਿ ਗਈ ਹੈ। ਨਿੱਜੀ ਥਰਮਲ ਪਲਾਂਟਾਂ ਤੋਂ ਬਿਜਲੀ ਪੈਦਾ ਕਰਨ ਦੀ ਪ੍ਰਤੀ ਯੂਨਿਟ ਲਾਗਤ 2.14 ਤੋਂ 3.66 ਰੁਪਏ ਅਤੇ ਪਾਵਰਕੌਮ ਦੇ ਆਪਣੇ ਥਰਮਲਾਂ ਦੀ ਪ੍ਰਤੀ ਯੂਨਿਟ ਉਤਪਾਦਨ ਲਾਗਤ 3.8 ਰੁਪਏ ਪੈ ਰਹੀ ਹੈ। ਦੇਸ਼ ਦੀ ਮੰਡੀ ਵਿਚ ਬਿਜਲੀ ਦੀ ਮੰਗ ਘਟਣ ਕਰਕੇ ਪਾਵਰ ਗਰਿੱਡ ਵਿਚ ਬਿਜਲੀ ਹੋਰ ਘੱਟ ਦਰਾਂ ਦੇ ਮਿਲ ਸਕਦੀ ਹੈ। ਉਂਝ ਵੀ ਦੇਸ਼ ਵਿਚ ਬਿਜਲੀ ਦੀ ਖ਼ਪਤ ਲਗਭਗ 10 ਫ਼ੀਸਦੀ ਘਟ ਗਈ ਹੈ। ਪੰਜਾਬ ਦੀਆਂ ਸਨਅਤਾਂ ਵਿਚ ਬਿਜਲੀ ਦੀ ਮੰਗ ਪੰਜ ਫ਼ੀਸਦੀ ਘਟੀ ਹੈ।

ਪੰਜਾਬ ਅੰਦਰ ਬਿਜਲੀ ਦੀ ਮੰਗ ਜ਼ਿਆਦਾਤਰ ਝੋਨੇ ਦੇ ਸੀਜ਼ਨ ਦੌਰਾਨ ਤਿੰਨ ਮਹੀਨਿਆਂ ਲਈ ਹੀ ਹੁੰਦੀ ਹੈ। ਸਰਦੀਆਂ ਵਿਚ ਸੂਬੇ ਦੀ ਮੰਗ ਭਾਖੜਾ ਨੰਗਲ ਤੇ ਹੋਰ ਹਾਈਡਲ ਪ੍ਰਾਜੈਕਟਾਂ ਵਿਚੋਂ ਆਉਂਦੇ ਹਿੱਸੇ ਅਤੇ ਪਾਵਰਕੌਮ ਦੇ ਥਰਮਲਾਂ ਰਾਹੀਂ ਪੂਰੀ ਹੋ ਜਾਂਦੀ ਸੀ। ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਨੂੰ ਵਾਧੂ ਬਿਜਲੀ ਬਣਾਉਣ ਵਾਲਾ ਸੂਬਾ ਬਣਾਉਣ ਦੇ ਨਾਅਰੇ ਹੇਠ ਨਿੱਜੀ ਥਰਮਲ ਕੰਪਨੀਆਂ ਨਾਲ ਬਿਜਲੀ ਖ਼ਰੀਦ ਸਮਝੌਤੇ ਕੀਤੇ। ਸਿਆਸੀ ਭਾਸ਼ਣਾਂ ਵਿਚ ਪਾਕਿਸਤਾਨ ਨੂੰ ਬਿਜਲੀ ਵੇਚ ਕੇ ਪੈਸਾ ਕਮਾਉਣ ਦੇ ਦਾਅਵੇ ਹੀ ਕੀਤੇ ਜਾਂਦੇ ਰਹੇ ਪਰ ਵਾਧੂ ਬਿਜਲੀ ਪੰਜਾਬ ਦੇ ਅਰਥਚਾਰੇ 'ਤੇ ਬੋਝ ਬਣ ਗਈ ਹੈ। ਬਿਜਲੀ ਸਮਝੌਤਿਆਂ ਮੁਤਾਬਿਕ ਜੇਕਰ ਨਿੱਜੀ ਥਰਮਲ ਪਲਾਂਟ ਬੰਦ ਵੀ ਹੁੰਦੇ ਹਨ ਤਾਂ ਉਨ੍ਹਾਂ ਨੂੰ ਕਰੋੜਾਂ ਰੁਪਿਆ ਬਿਜਲੀ ਪੈਦਾ ਨਾ ਕਰਨ ਦੇ ਇਵਜ਼ ਵਜੋਂ ਅਦਾ ਕਰਨਾ ਪੈਂਦਾ ਹੈ। ਇਹ ਸਮਝੌਤੇ ਲੋਕ ਹਿੱਤ ਵਿਚ ਨਹੀਂ। ਇਸੇ ਕਰਕੇ ਸੂਬੇ ਵਿਚ ਨਿੱਜੀ ਥਰਮਲ ਕੰਪਨੀਆਂ ਨਾਲ ਕੀਤੇ ਸਮਝੌਤਿਆਂ ਉੱਤੇ ਮੁੜ ਵਿਚਾਰ ਕਰਨ ਦੀ ਮੰਗ ਜ਼ੋਰ ਫੜ ਰਹੀ ਹੈ ਕਿਉਂਕਿ ਅੰਤ ਨੂੰ ਇਹ



ਭਾਰ ਖਪਤਕਾਰਾਂ ਉੱਤੇ ਹੀ ਪੈਂਦਾ ਹੈ। ਸੁਪਰੀਮ ਕੋਰਟ ਵੱਲੋਂ ਕੋਇਲੇ ਦੀ ਧੁਲਾਈ ਦਾ ਪੈਸਾ ਪਾਵਰਕੌਮ ਉੱਤੇ ਪਾ ਦੇਣ ਨਾਲ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਬਿਜਲੀ ਦਰਾਂ ਵਿਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਸੀ। ਸੂਬਾ ਸਰਕਾਰ ਨੂੰ ਬਿਜਲੀ ਦੇ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰ ਕੇ ਇਸ ਸਬੰਧੀ ਦੂਰਗਾਮੀ ਫ਼ੈਸਲੇ ਕਰਨ ਦੀ ਜ਼ਰੂਰਤ ਹੈ। ਅਜਿਹੇ ਫ਼ੈਸਲੇ ਮਜ਼ਬੂਤ ਸਿਆਸੀ ਇੱਛਾ ਨਾਲ ਹੀ ਕੀਤੇ ਜਾ ਸਕਦੇ ਹਨ।

# ‘ਦੰਗਾ’ ਸ਼ਬਦ ਦੀ ਗੁੰਮਰਾਹਕੁਨ ਵਰਤੋਂ



ਪ੍ਰੋ. ਪ੍ਰੀਤਮ ਸਿੰਘ

ਬੀਤੇ 35 ਸਾਲਾਂ ਤੋਂ ਵੱਧ ਅਰਸੇ ਤੋਂ ਨਾ ਸਿਰਫ਼ ਮੀਡੀਆ ਵਿਚਲੇ ਬਹੁਤੇ ਭਾਰਤੀ ਟਿੱਪਣੀਕਾਰ ਸਗੋਂ ਕਈ ਵਾਰ ਅਕਾਦਮੀਸ਼ੀਅਨ ਵੀ ਆਪਣੀਆਂ ਲਿਖਤਾਂ ਵਿਚ 1984 ’ਚ ਸਿੱਖ ਘੱਟਗਿਣਤੀ ਭਾਈਚਾਰੇ ਖ਼ਿਲਾਫ਼ ਦਿੱਲੀ ਤੇ ਉੱਤਰੀ ਭਾਰਤ ਦੇ ਹੋਰ ਕਈ ਸ਼ਹਿਰਾਂ ਵਿਚ ਹੋਈ ਹਿੰਸਾ ਦਾ ਜ਼ਿਕਰ ਕਰਦਿਆਂ ਸ਼ਬਦ ’ਦੰਗੇ’ ਦੀ ਵਰਤੋਂ ਕਰਦੇ ਹਨ। ਹੁਣ ਇਹੋ ਸ਼ਬਦ ਦੇਸ਼ ਦੀ ਵੱਡੀ ਘੱਟਗਿਣਤੀ ਦੇ ਲੋਕਾਂ ਖ਼ਿਲਾਫ਼ ਦਿੱਲੀ ਵਿਚ ਹੋਈ ਹਾਲੀਆ ਹਿੰਸਾ ਲਈ ਵਰਤਿਆ ਜਾ ਰਿਹਾ ਹੈ। ਦੋਵਾਂ ਮਾਮਲਿਆਂ ਵਿਚ ਹਮਲਾਵਰ ਹਿੰਸਕ ਟੋਲੇ ਦੇਸ਼ ਦੀ ਵੱਡੀ ਬਹੁਗਿਣਤੀ ਵਾਲੇ ਭਾਈਚਾਰੇ ਨਾਲ ਸਬੰਧਤ ਸਨ। ਯਕੀਨਨ 1984 ਵਿਚ ਹਿੰਦੂ ਅਤੇ ਸਿੱਖ ਧੜਿਆਂ ਦਰਮਿਆਨ ਕੋਈ ਝੜਪ ਨਹੀਂ ਸੀ ਹੋਈ, ਹਾਂ ਹੁਣ 2020 ਵਿਚ ਬਹੁਗਿਣਤੀ ਭਾਈਚਾਰੇ ਅਤੇ ਵੱਡੀ ਘੱਟਗਿਣਤੀ ਦੇ ਧੜਿਆਂ ਦੌਰਾਨ ਕੁਝ ਝੜਪਾਂ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ। ਪਰ ਇਨ੍ਹਾਂ ਝੜਪਾਂ ਦੌਰਾਨ ਵੀ ਜੇ ਵੱਡੀ ਘੱਟਗਿਣਤੀ ਦਾ ਕੋਈ ਗਰੁੱਪ ਜਥੇਬੰਦ ਹੋਇਆ ਤਾਂ ਉਹ ਹਿਫ਼ਾਜ਼ਤੀ ਤੇ ਸਵੈ-ਰੱਖਿਆਤਮਕ ਕਿਸਮ ਦੀ ਕਾਰਵਾਈ ਸੀ ਤਾਂ ਜੋ ਬਹੁਗਿਣਤੀ ਧੜਿਆਂ ਵੱਲੋਂ ਗਿਣ-ਮਿਥ ਕੇ ਕੀਤੀ ਜਾ ਰਹੀ ਹਿੰਸਾ ਤੋਂ ਆਪਣਾ ਬਚਾਅ ਕੀਤਾ ਜਾ ਸਕੇ। ਦਿੱਲੀ ਦੀ 2020 ਦੀ ਹਿੰਸਾ ਦੇ ਬਹੁਤ ਜ਼ਿਆਦਾ ਮਾਮਲੇ ਬਹੁਗਿਣਤੀ ਗਰੁੱਪਾਂ ਵੱਲੋਂ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਤੇ ਪਰਿਵਾਰਾਂ ਉੱਤੇ ਮਿਥ ਕੇ ਕੀਤੇ ਗਏ ਜਥੇਬੰਦ ਹਮਲਿਆਂ ਦੇ ਹਨ। ਇਹ ਅਚਾਨਕ ਭੜਕੀ ਹਿੰਸਕ ਮਾਰ-ਧਾੜ ਦਾ ਮਾਮਲਾ ਨਹੀਂ ਸੀ। ਦੋਵਾਂ ਮਾਮਲਿਆਂ ਵਿਚ ਧਾਰਮਿਕ ਘੱਟਗਿਣਤੀਆਂ ਖ਼ਿਲਾਫ਼ ਗਿਣ-ਮਿਥ ਕੇ ਜਥੇਬੰਦਕ ਢੰਗ ਨਾਲ ਹਿੰਸਾ ਕੀਤੀ ਗਈ ਜਿਸ ਦਾ ਸ਼ਿਕਾਰ 1984 ਤੇ 2020 ਵਿਚ ਦੇਸ਼ ਦੀਆਂ ਦੋ ਵੱਖ-ਵੱਖ ਘੱਟਗਿਣਤੀਆਂ ਹੋਈਆਂ।

ਦੋਵਾਂ ਮਾਮਲਿਆਂ ਵਿਚ ਸ਼ਬਦ ’ਦੰਗਾ’ ਵਰਤਣਾ ਬਹੁਤ ਹੀ ਗੁੰਮਰਾਹਕੁਨ ਹੈ ਕਿਉਂਕਿ ਸ਼ਬਦ ’ਦੰਗਾ’ ਤੋਂ ਅਜਿਹੇ ਹਾਲਾਤ ਦਾ ਪ੍ਰਭਾਵ ਪੈਂਦਾ ਹੈ ਜਦੋਂ ਦੋ ਵਿਰੋਧੀ ਧੜਿਆਂ ਦਰਮਿਆਨ ਹਿੰਸਕ ਟਕਰਾਅ ਹੋਇਆ ਹੋਵੇ। ਇਹ ਅਸਲ ਵਿਚ ਟਕਰਾਅ ਦੇ ਹਾਲਾਤ ਵਿਚ ਸ਼ਾਮਲ ਦੋਵਾਂ ਭਾਈਚਾਰਿਆਂ ਦੇ ਲੋਕਾਂ ਨੂੰ ਬਰਾਬਰ ਕਸੂਰਵਾਰ ਮੰਨਣ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਹੈ। ਇੰਝ ਦਿੱਤਾ ਗਿਆ ਬਰਾਬਰੀ ਵਾਲਾ ਭਾਵ, ਭਾਵੇਂ ਇਰਾਦਤਨ ਹੋਵੇ ਜਾਂ ਗ਼ੈਰ-ਇਰਾਦਤਨ, ਅਸਲ ਹਮਲਾਵਰ ਦੀ ਸ਼ਨਾਖ਼ਤ ਅਤੇ ਉਸ ਦੀਆਂ ਹਿੰਸਕ ਕਾਰਵਾਈਆਂ ਉੱਤੇ ਪਰਦਾ ਪਾਉਣ ਵਾਲੀ ਗੱਲ ਹੁੰਦੀ ਹੈ। ਇਹ ਕਾਰਵਾਈ ਬਹੁਗਿਣਤੀ ਧੜੇ ਵੱਲੋਂ ਘੱਟਗਿਣਤੀ ਧੜੇ ਖ਼ਿਲਾਫ਼ ਕੀਤੀ ਗਈ ਇਕਪਾਸੜ ਕਿਸਮ ਦੀ ਜਥੇਬੰਦ ਹਿੰਸਾ ਨੂੰ ਢਕ ਲੈਂਦੀ ਹੈ। ਇਸ ਦਾ ਅਸਰ ਜ਼ਹਿਨੀ ਤੌਰ ’ਤੇ ਦੋ ਧੜਿਆਂ ਦੀ ਇਕ-ਦੂਜੇ ਖ਼ਿਲਾਫ਼ ਲੜਾਈ ਦੀ ਤਸਵੀਰ ਸਿਰਜਣ ਵਾਲਾ ਹੁੰਦਾ ਹੈ ਤੇ ਇਸ ਤਰ੍ਹਾਂ ਇਹ ਹਮਲਾਵਰ ਬਹੁਗਿਣਤੀ ਗਰੁੱਪ ਨੂੰ ਉਸ ਦੇ ਜੁਰਮ ਤੋਂ ਬਰੀ ਕਰਨ ਵਿਚ ਸਹਾਈ ਹੁੰਦਾ ਹੈ।

ਸ਼ਬਦ ’ਦੰਗਾ’ ਇਕ ਤਰ੍ਹਾਂ ਹਮਲਾਵਰ ਗਰੁੱਪ ਵੱਲੋਂ ਪੀੜਤ ਗਰੁੱਪ ਖ਼ਿਲਾਫ਼ ਕੀਤੀ ਗਈ ਹਿੰਸਾ ਦੀ ਭਿਆਨਕਤਾ ਨੂੰ ਘਟਾ ਕੇ ਪੇਸ਼ ਕਰਦਾ ਹੈ। ਸਿੱਖ ਭਾਈਚਾਰੇ ਖ਼ਿਲਾਫ਼ 1984 ਵਿਚ ਹੋਈ ਹਿੰਸਾ ਐਨੇ ਵੱਡੇ ਪੱਧਰ ਵਾਲੀ ਸੀ ਕਿ ਇਸ ਨੂੰ ਮਹਿਜ਼ ’ਦੰਗੇ’ ਕਰਾਰ ਦੇਣਾ ਇਸ ਮੌਕੇ ਹਮਲਾਵਰਾਂ ਵੱਲੋਂ ਕੀਤੇ ਗਏ ਅਣਮਨੁੱਖੀ ਕਾਰੇ ਉੱਤੇ ਪੂਰੀ ਤਰ੍ਹਾਂ ਕੂਚੀ ਫੇਰਨ ਦੇ ਤੁੱਲ ਹੈ। ਹਿੰਸਾ ਦਾ ਇਹ ਪੱਧਰ ਯੂਐੱਨ (ਸੰਯੁਕਤ ਰਾਸ਼ਟਰ) ਵੱਲੋਂ ਤੈਅ ਨਸਲਕੁਸ਼ੀ ਜਾਂ ਨਸਲਘਾਤ ਵਰਗੀ ਕਾਰਵਾਈ ਦੀ ਪ੍ਰੀਭਾਸ਼ਾ ਤਹਿਤ ਨਸਲਕੁਸ਼ੀ ਜਾਂ ਨਸਲਘਾਤ ਦੇ ਕਰੀਬ ਮੰਨਿਆ ਜਾ ਸਕਦਾ ਹੈ। ਯੂਐੱਨ ਦੇ ਨਸਲਕੁਸ਼ੀ ਰੋਕੂ ਵਿਸ਼ੇਸ਼ ਸਲਾਹਕਾਰ ਦੇ ਦਫ਼ਤਰ ਵੱਲੋਂ ਮੁਹੱਈਆ ਕਰਵਾਈ ਗਈ ਨਸਲਕੁਸ਼ੀ ਦੀ ਪ੍ਰੀਭਾਸ਼ਾ ਇੰਝ ਹੈ: ’’ਨਸਲਕੁਸ਼ੀ ਦੇ ਜੁਰਮ ਦੀ ਰੋਕਥਾਮ ਤੇ ਸਜ਼ਾ ਸਬੰਧੀ ਕਨਵੈਨਸ਼ਨ (1948) ਦੀ ਧਾਰਾ 2 ਵਿਚ ਨਸਲਕੁਸ਼ੀ ਨੂੰ ਇੰਝ ਪ੍ਰੀਭਾਸ਼ਿਤ ਕੀਤਾ ਗਿਆ ਹੈ ਕਿ ’’ਹੇਠ ਲਿਖਿਆਂ ਵਿਚੋਂ ਕੋਈ ਅਜਿਹਾ ਕਾਰਾ ਜਿਹੜਾ ਕਿਸੇ ਕੌਮ, ਜ਼ਾਤ, ਨਸਲ ਜਾਂ ਧਾਰਮਿਕ ਭਾਈਚਾਰੇ ਨੂੰ ਪੂਰੀ ਤਰ੍ਹਾਂ ਜਾਂ ਇਸ ਦੇ ਕੁਝ ਹਿੱਸੇ ਨੂੰ ਖ਼ਤਮ ਕਰਨ ਲਈ ਕੀਤਾ ਗਿਆ ਹੋਵੇ, ਜਿਵੇਂ: ਗਰੁੱਪ ਦੇ ਮੈਂਬਰਾਂ ਨੂੰ ਕਤਲ ਕਰਨਾ; ਗਰੁੱਪ ਦੇ ਮੈਂਬਰਾਂ ਨੂੰ ਗੰਭੀਰ ਜਿਸਮਾਨੀ ਜਾਂ ਜ਼ਹਿਨੀ ਨੁਕਸਾਨ ਪਹੁੰਚਾਉਣਾ; ਜਾਣ-ਬੁੱਝ ਕੇ ਗਰੁੱਪ ਲਈ ਅਜਿਹੇ ਹਾਲਾਤ ਪੈਦਾ ਕਰਨਾ ਜਿਹੜੇ ਉਸ ਨੂੰ ਪੂਰੇ ਜਾਂ ਅੰਸ਼ਿਕ ਤੌਰ ’ਤੇ ਜਿਸਮਾਨੀ ਖ਼ਾਤਮੇ ਵੱਲ ਲਿਜਾਣ ਵਾਲੇ ਹੋਣ।’’



ਦਿੱਲੀ ਦੀ ਫਰਵਰੀ 2020 ਦੀ ਘੱਟਗਿਣਤੀ ਖ਼ਿਲਾਫ਼ ਹਿੰਸਾ ਦਾ ਪੱਧਰ ਜਾਂ ਸ਼ਿੱਦਤ ਭਾਵੇਂ 1984 ਵਿਚ ਸਿੱਖ ਘੱਟਗਿਣਤੀ ਖ਼ਿਲਾਫ਼ ਹੋਈ ਹਿੰਸਾ ਵਾਲੀ ਨਹੀਂ ਸੀ, ਪਰ ਨਸਲਕੁਸ਼ੀ ਦੀ ਯੂਐੱਨ ਦੀ ਪ੍ਰੀਭਾਸ਼ਾ ਨੂੰ ਵਿਸਥਾਰ ਵਿਚ ਵਾਚੀਏ ਤਾਂ ਫਰਵਰੀ 2020 ਦੀ ਵੱਡੀ ਘੱਟਗਿਣਤੀ ਖ਼ਿਲਾਫ਼ ਹੋਈ ਹਿੰਸਾ ਦੇ ਨਸਲਕੁਸ਼ੀ ਵਾਲੇ ਪੱਖਾਂ ਵੱਲ ਇਸ਼ਾਰਾ ਕਰਦੀ ਹੈ ਜਿਹੜੀ ਇੰਝ ਹੈ: ’’...ਨਿਸ਼ਾਨਾ ਬਣਾਏ ਗਏ ਗਰੁੱਪ ਸਬੰਧੀ ਧਾਰਨਾਵਾਂ; ਛੇਕਣ (ਬਾਈਕਾਟ ਕਰਨ) ਵਾਲੀ ਵਿਚਾਰਧਾਰਾ ਅਤੇ ਵਖਰੇਵਿਆਂ ਉੱਤੇ ਜ਼ੋਰ ਦੇਣ ਵਾਲੀਆਂ ’ਅਸੀਂ’ ਤੇ ’ਉਹ’ ਵਾਲੀਆਂ ਪਛਾਣਾਂ ਕਾਇਮ ਕਰਨਾ; ਨਿਸ਼ਾਨਾ ਬਣਾਏ ਗਏ ਗਰੁੱਪ ਨੂੰ ਖ਼ਤਰਨਾਕ, ਦੇਸ਼ਧਰੋਹੀ, ਸੁਰੱਖਿਆ ਜਾਂ ਆਰਥਿਕਤਾ ਲਈ ਖ਼ਤਰਾ ਜਾਂ ਇੰਝ ਨਾਲਾਇਕ-ਨਿਕੰਮਾ ਜਾਂ ਕਮੀਨਾ ਬਣਾ ਕੇ ਪੇਸ਼ ਕਰਨਾ ਕਿ ਉਸ ਗਰੁੱਪ ਖ਼ਿਲਾਫ਼ ਕੀਤੀ ਜਾਣ ਵਾਲੀ ਕਾਰਵਾਈ ਨੂੰ ਵਾਜਬ ਠਹਿਰਾਇਆ ਜਾ ਸਕੇ; ਭਾਰੂ ਅਤੇ ਕੰਟਰੋਲਸ਼ੁਦਾ ਮੀਡੀਆ ਰਾਹੀਂ ਪ੍ਰਚਾਰ ਮੁਹਿੰਮਾਂ ਚਲਾਉਣਾ ਜਾਂ ਮਨਘੜਤ ਕਹਾਣੀਆਂ ਬਣਾਉਣਾ ਤਾਂ ਕਿ ਨਿਸ਼ਾਨੇ ’ਤੇ ਲਏ ਗਏ ਗਰੁੱਪ ਖ਼ਿਲਾਫ਼ ਜ਼ਿਆਦਤੀਆਂ ਨੂੰ ਸਹੀ ਠਹਿਰਾਇਆ ਜਾ ਸਕੇ... ਕਿਸੇ ਵਿਸ਼ੇਸ਼ ਗਰੁੱਪ ਦੇ ਹੱਕਾਂ ਨੂੰ ਘਟਾਉਣ ਵਾਲੇ ਕਾਨੂੰਨ ਬਣਾਉਣਾ; ਐਮਰਜੈਂਸੀ ਆਇਦ ਕਰਨਾ ਜਾਂ ਅਜਿਹੇ ਅਸਾਧਾਰਨ ਸੁਰੱਖਿਆ ਕਾਨੂੰਨ ਤੇ ਪ੍ਰਬੰਧ ਲਾਗੂ ਕਰਨਾ ਜਿਨ੍ਹਾਂ ਰਾਹੀਂ ਨਾਗਰਿਕਾਂ ਦੇ ਅਧਿਕਾਰ ਤੇ ਆਜ਼ਾਦੀਆਂ ਖ਼ਤਮ ਹੋਣ; ਖ਼ਾਸਕਰ ਆਗੂਆਂ ਵੱਲੋਂ ਭੜਕਾਊ ਬਿਆਨਬਾਜ਼ੀ ਤੇ ਨਫ਼ਰਤੀ ਪ੍ਰਚਾਰ ਵਿਚ ਅਚਾਨਕ ਵਾਧਾ ਹੋਣਾ, ਜਿਹੜਾ ਸਜ਼ਾਮੁਖੀ ਮਾਹੌਲ ਸਿਰਜ ਦੇਵੇ, ਭਾਵੇਂ ਕਿ ਇਹ ਕਾਰਵਾਈ ਆਪਣੇ ਆਪ ਵਿਚ ਸਿੱਧੀ ਨਸਲਕੁਸ਼ ਹਿੰਸਾ ਲਈ ਨਾ ਉਕਸਾਉਂਦੀ ਹੋਵੇ; ਨਿਸ਼ਾਨੇ ਵਾਲੇ ਗਰੁੱਪ ਦੇ ਸੱਭਿਆਚਾਰਕ ਤੇ ਧਾਰਮਿਕ ਟਿਕਾਣਿਆਂ ਅਤੇ ਨਿਸ਼ਾਨਾਂ ਦੀ ਤਬਾਹੀ ਜਾਂ ਉਨ੍ਹਾਂ ਉੱਤੇ ਹਮਲੇ ਕਰਨਾ ਜਿਹੜੇ ਗਰੁੱਪ ਜਾਂ ਗਰੁੱਪਾਂ ਦੀ ਇਤਿਹਾਸਕ ਹੋਂਦ ਦਾ ਬੀਜ ਨਾਸ਼ ਕਰਨ ਵੱਲ ਸੇਧਿਤ ਹੋ ਸਕਦੇ ਹਨ।’’ 2020 ਅਤੇ 1984 ਵਿਚ ਘੱਟਗਿਣਤੀਆਂ ਨਾਲ ਸਬੰਧਤ ਧਾਰਮਿਕ ਅਸਥਾਨਾਂ ਤੇ ਗ੍ਰੰਥਾਂ ਉੱਤੇ ਕੀਤੇ ਗਏ ਭਿਆਨਕ ਹਮਲੇ (’ਨਿਸ਼ਾਨੇ ਵਾਲੇ ਗਰੁੱਪ ਦੇ ਧਾਰਮਿਕ ਟਿਕਾਣੇ ਅਤੇ ਨਿਸ਼ਾਨ’) ਅਜਿਹੇ ਹਿੰਸਕ ਹਮਲੇ ਸਨ ਜਿਨ੍ਹਾਂ ਨੂੰ ਸੱਭਿਆਚਾਰਕ ਨਸਲਕੁਸ਼ੀ ਵੱਲ ਸੇਧਤ ਹੋਣ ਵਜੋਂ ਦੇਖਿਆ ਜਾ ਸਕਦਾ ਹੈ। ਯੂਐੱਨ ਦੀ ਨਸਲਕੁਸ਼ੀ ਬਾਰੇ ਪ੍ਰੀਭਾਸ਼ਾ ਵਿਚ ਹੇਠਲੇ ਦੋ ਪੱਖਾਂ ਦਾ ਵੀ ਜ਼ਿਕਰ ਹੈ ਜਿਹੜੇ ਖ਼ਾਸਕਰ 1984 ਵਿਚ ਸਿੱਖ ਭਾਈਚਾਰੇ ਖ਼ਿਲਾਫ਼ ਹਿੰਸਾ ਬਾਰੇ ਸਹੀ ਸ਼ਬਦਾਂ ਵਿਚ ਬਿਆਨ ਕਰਨ ਲਈ ਢੁਕਵੇਂ ਹਨ:

* ਭਾਈਚਾਰਕ ਆਗੂਆਂ ਅਤੇKਜਾਂ ਇਕ ਖ਼ਾਸ ਉਮਰ-ਜੁੱਟ ਦੇ ਮਰਦਾਂ ਅਤੇKਜਾਂ ਔਰਤਾਂ ਦਾ ਗਿਣ-ਮਿਥ ਕੇ ਖ਼ਾਤਮਾ (’ਭਵਿੱਖੀ ਪੀੜ੍ਹੀ’);
* ਔਰਤਾਂ ਨਾਲ ਵਿਵਸਥਿਤ ਢੰਗ ਨਾਲ ਜਬਰ ਜਨਾਹ ਜਿਸ ਦਾ ਮਕਸਦ... ਟਾਰਗੈਟ ਗਰੁੱਪ ਨੂੰ ਖੇਰੂੰ-ਖੇਰੂੰ ਕਰਨ ਲਈ ਬੇਇੱਜ਼ਤ ਤੇ ਖ਼ੌਫ਼ਜ਼ਦਾ ਕਰਨਾ ਹੋ ਸਕਦਾ ਹੈ।

ਦਿੱਲੀ ਵਿਚ 1984 ਵਿਚ ਸਿੱਖ ਭਾਈਚਾਰੇ ਦੇ ਕਾਰੋਬਾਰੀ ਟਿਕਾਣਿਆਂ, ਘਰਾਂ ਤੇ ਜਾਇਦਾਦਾਂ (ਜਿਵੇਂ ਕਾਰਾਂ ਤੇ ਟੈਕਸੀਆਂ ਆਦਿ) ਨੂੰ ਲੁੱਟ ਤੇ ਸਾੜ-ਫੂਕ ਦਾ ਨਿਸ਼ਾਨਾ ਬਣਾਇਆ ਗਿਆ। ਇੰਝ ਹੀ, 2020 ਵਿਚ ਘੱਟਗਿਣਤੀ ਦੇ ਕਾਰੋਬਾਰਾਂ, ਘਰਾਂ ਤੇ ਜਾਇਦਾਦਾਂ ਨੂੰ ਮਲੀਆਮੇਟ ਕੀਤਾ ਗਿਆ। ਨਸਲਕੁਸ਼ ਹਿੰਸਾ ਦਾ ਇਕ ਪੱਖ ਨਿਸ਼ਾਨੇ ਵਾਲੇ ਭਾਈਚਾਰੇ ਦਾ ਮਾਲੀ ਪੱਖੋਂ ਲੱਕ ਤੋੜਨਾ ਵੀ ਹੈ। ਫਰਵਰੀ 2020 ਦੀ ਘੱਟਗਿਣਤੀ ਵਿਰੋਧੀ ਹਿੰਸਾ ਦਾ ਇਕ ਖ਼ਾਸ ਪੱਖ, ਜਿਹੜਾ ਬਹੁਗਿਣਤੀ ਭਾਈਚਾਰੇ ਦੇ ਗਰੁੱਪਾਂ ਵੱਲੋਂ ਇਸਤੇਮਾਲ ਕੀਤੇ ਗਏ ਹਿੰਸਕ ਤਰੀਕਿਆਂ ਨੂੰ ਵਧਾਏ ਜਾਣ ਵੱਲ ਸੰਕੇਤ ਦਿੰਦਾ ਹੈ, ਲੰਡਨ ਦੇ ’ਫਾਇਨੈਂਸ਼ੀਅਲ ਟਾਈਮਜ਼’ (29 ਫਰਵਰੀ) ਨੇ ਆਪਣੇ ਸੰਪਾਦਕੀ ਵਿਚ ਉਭਾਰਿਆ ਹੈ। ’ਮੋਦੀ ਭਾਰਤ ਨੂੰ ਨਿਘਾਰ ਭਰੇ ਖ਼ਤਰਨਾਕ ਰਾਹ ’ਤੇ ਲਿਜਾ ਰਿਹਾ’ ਸਿਰਲੇਖ ਵਾਲੇ ਇਸ ਸੰਪਾਦਕੀ ਵਿਚ ਲਿਖਿਆ ਹੈ, ’... ਪਹਿਲਾਂ ਫ਼ਿਰਕੂ ਹਿੰਸਾ ਵਿਚ ਬੰਦੂਕਾਂ ਵਿਰਲੀਆਂ ਹੀ ਵਰਤੀਆਂ ਜਾਂਦੀਆਂ ਸਨ। ਦਿੱਲੀ ਵਿਚ ਹੋਈ ਹਿੰਸਾ ਦੌਰਾਨ ਬਹੁਤ ਸਾਰੇ ਲੋਕ ਬੰਦੂਕਾਂ ਦੀਆਂ ਗੋਲੀਆਂ ਨਾਲ ਜ਼ਖ਼ਮੀ ਹੋਏ ਹਨ।’

ਕੁਝ ਟਿੱਪਣੀਕਾਰਾਂ ਨੇ 1984 ਦੀ ਦਿੱਲੀ ਹਿੰਸਾ, 2002 ਦੀ ਗੁਜਰਾਤ ਹਿੰਸਾ ਅਤੇ ਫਰਵਰੀ 2020 ਦੀ ਹਿੰਸਾ ਲਈ ਸ਼ਬਦ ’ਦੰਗੇ’ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਦਿਆਂ ਇਸ ਦੀ ਥਾਂ ਕੁਝ ਬਿਹਤਰ ਸ਼ਬਦਾਂ ਜਿਵੇਂ ’ਕਤਲੇਆਮ’ ਜਾਂ ’ਵਿਆਪਕ ਕਤਲੇਆਮ’ ਦੀ ਵਰਤੋਂ ਕੀਤੀ ਹੈ। ਸਮਾਜੀ, ਸਿਆਸੀ, ਮਾਲੀ ਜਾਂ ਸੱਭਿਆਚਾਰਕ ਹਾਲਾਤ ਬਾਰੇ ਕਿਸੇ ਵੱਲੋਂ ਵਰਤੀ ਗਈ ਭਾਸ਼ਾ ਹੀ ਹਕੀਕਤ ਨੂੰ ਦਿਖਾ ਜਾਂ ਲੁਕਾ ਸਕਦੀ ਹੈ। ਦਿੱਲੀ ਵਿਚਲੀ 1984 ਦੀ ਸਿੱਖ-ਵਿਰੋਧੀ ਹਿੰਸਾ, 2002 ਦੀ ਮੁਸਲਿਮ-ਵਿਰੋਧੀ ਗੁਜਰਾਤ ਹਿੰਸਾ ਅਤੇ ਫਰਵਰੀ 2020 ਦੀ ਦਿੱਲੀ ਵਿਚਲੀ ਹਿੰਸਾ ਦਾ ਬਿਆਨ ਕਰਨ ਲਈ ਸ਼ਬਦ ’ਦੰਗੇ’ ਦੀ ਵਰਤੋਂ ਕਰਨੀ ਸੱਚਾਈ ਨੂੰ ਲੁਕਾਉਣ ਵਾਲੀ ਹੈ।

# ਜਾਂਚ ਏਜੰਸੀਆਂ ਨੂੰ ਮਿਲਣ ਹੋਰ ਅਧਿਕਾਰ

ਸੁਰੇਂਦਰ ਕਿਸ਼ੋਰ

ਸੰਸਦ ਵਿਚ ਦਿੱਲੀ ਦੰਗਿਆਂ ’ਤੇ ਚਰਚਾ ਦਾ ਜਵਾਬ ਦਿੰਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਸਪਸ਼ਟ ਕਿਹਾ ਸੀ ਕਿ ਇਨ੍ਹਾਂ ਦੰਗਿਆਂ ਦੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਦੇਸ਼ ਵੀ ਇਹ ਉਮੀਦ ਕਰਦਾ ਹੈ ਪਰ ਕਿਸੇ ਵੀ ਤਰ੍ਹਾਂ ਦੇ ਅਪਰਾਧ ਵਿਚ ਸ਼ਾਮਲ ਲੋਕਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦੇਣ ਲਈ ਇਹ ਜ਼ਰੂਰੀ ਹੈ ਕਿ ਜਾਂਚ ਏਜੰਸੀਆਂ ਨੂੰ ਗੰਭੀਰ ਅਪਰਾਧਾਂ ਦੇ ਨਾਲ-ਨਾਲ ਆਮ ਅਪਰਾਧਾਂ ਵਿਚ ਵੀ ਨਾਰਕੋ ਆਦਿ ਟੈਸਟ ਕਰਵਾਉਣ ਦੀ ਛੋਟ ਮਿਲੇ। ਇਸ ਨਾਲ ਸਜ਼ਾ ਦਾ ਫ਼ੀਸਦ ਵੱਧ ਸਕਦਾ ਹੈ। ਅਜੇ ਤਾਂ ਸਿਰਫ਼ ਅਦਾਲਤੀ ਆਗਿਆ ਨਾਲ ਹੀ ਅਜਿਹੀ ਜਾਂਚ ਸੰਭਵ ਹੈ। ਅਜਿਹੇ ਵਿਚ ਜ਼ਰੂਰੀ ਨਹੀਂ ਕਿ ਜਾਂਚ ਏਜੰਸੀ ਨੂੰ ਜਿਸ ਮੁਲਜ਼ਮ ਦੇ ਨਾਰਕੋ ਟੈਸਟ ਦੀ ਜ਼ਰੂਰਤ ਲੱਗੇ, ਉਸ ਦੀ ਜ਼ਰੂਰਤ ਅਦਾਲਤ ਵੀ ਸਮਝੇ। ਸਜ਼ਾ ਦਾ ਫ਼ੀਸਦ ਵੱਧ ਜਾਣ ਕਾਰਨ ਹਰ ਤਰ੍ਹਾਂ ਦੇ ਅਪਰਾਧਾਂ ਦੀ ਗਿਣਤੀ ਘਟੇਗੀ। ਜਿਸ ਦੇਸ਼ ਵਿਚ ਆਮ ਅਪਰਾਧਾਂ ਵਿਚ ਔਸਤਨ 46 ਫ਼ੀਸਦੀ ਮੁਲਜ਼ਮਾਂ ਨੂੰ ਹੀ ਸਜ਼ਾ ਮਿਲ ਪਾਉਂਦੀ ਹੋਵੇ, ਉੱਥੇ ਅਪਰਾਧੀਆਂ ਵਿਚ ਭਲਾ ਕਿੰਨਾ ਭੈਅ ਰਹੇਗਾ। ਉਹ ਸਮਝਦੇ ਹਨ ਕਿ ਕਿਸੇ ਨਾ ਕਿਸੇ ਤਰਕੀਬ ਨਾਲ ਸਜ਼ਾ ਤੋਂ ਬਚ ਜਾਣਗੇ। ਕਈ ਬਚ ਵੀ ਜਾਂਦੇ ਹਨ। ਅਜੇ ਤਾਂ ਸਜ਼ਾ ਦਾ ਫ਼ੀਸਦ ਬਹੁਤ ਮਾੜਾ ਹੈ। ਸਾਧਾਰਨ ਅਪਰਾਧ ਦੇ ਮਾਮਲਿਆਂ ਵਿਚ ਭਾਰਤ ਵਿਚ 54 ਫ਼ੀਸਦੀ ਮੁਲਜ਼ਮ ਸਜ਼ਾ ਤੋਂ ਬਚ ਜਾਂਦੇ ਹਨ। ਦੂਜੇ ਪਾਸੇ ਜਾਪਾਨ ਵਿਚ 99 ਫ਼ੀਸਦੀ, ਕੈਨੇਡਾ ਵਿਚ 97, ਅਮਰੀਕਾ ਅਤੇ ਇਜ਼ਰਾਈਲ ਵਿਚ 93 ਫ਼ੀਸਦੀ ਮੁਲਜ਼ਮਾਂ ਨੂੰ ਅਦਾਲਤ ਤੋਂ ਸਜ਼ਾ ਮਿਲਦੀ ਹੈ। ਭਾਰਤ ਵਿਚ ਜ਼ਿਆਦਾਤਰ ਮੁਲਜ਼ਮਾਂ ਦੇ ਬਚ ਨਿਕਲਣ ਦੇ ਕਾਰਨ ਉਹ ਜੇਲ੍ਹ ਤੋਂ ਨਿਕਲ ਕੇ ਮੁੜ ਅਪਰਾਧਾਂ ਵਿਚ ਲਿਪਤ ਹੋ ਜਾਂਦੇ ਹਨ। ਜੇ ਕਿਸੇ ਸੂਬੇ ਵਿਚ ਹੱਤਿਆ ਦੇ ਜ਼ਿਆਦਾਤਰ ਮੁਲਜ਼ਮਾਂ ਨੂੰ ਸਜ਼ਾ ਨਾ ਮਿਲ ਰਹੀ ਹੋਵੇ ਤਾਂ ਉੱਥੇ ਕਤਲਾਂ ’ਤੇ ਕਾਬੂ ਕਿੱਦਾਂ ਪਾਇਆ ਜਾ ਸਕਦਾ ਹੈ? ਸਜ਼ਾ ਦੇ ਡਰੋਂ ਕਿਸ ਤਰ੍ਹਾਂ ਅਪਰਾਧੀਆਂ ਦੇ ਹੱਥ ਰੁਕ ਜਾਂਦੇ ਹਨ, ਇਸ ਦੀ ਮਿਸਾਲ ਉੱਤਰ ਪ੍ਰਦੇਸ਼ ਨੇ ਪੇਸ਼ ਕੀਤੀ ਹੈ। ਸੂਬਾ ਸਰਕਾਰ ਨੇ ਦੰਗਿਆਂ ਵਿਚ ਭੰਨ-ਤੋੜ ਕਰਨ ਵਾਲਿਆਂ ਤੋਂ ਵਸੂਲੀ ਦੀ ਪ੍ਰਕਿਰਿਆ ਸ਼ੁਰੂ ਕੀਤੀ। ਨਤੀਜਤਨ ਦੰਗੇ ਅਤੇ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ ਵਿਚ ਉੱਥੇ ਕਮੀ ਆਉਣ ਦੀ ਉਮੀਦ ਹੈ। ਜਿੱਥੇ ਤਕ ਨਾਰਕੋ ਟੈਸਟ ਦੀ ਉਪਯੋਗਿਤਾ ਦਾ ਸਵਾਲ ਹੈ ਤਾਂ ਇਸ ਨਾਲ ਜੁੜੀਆਂ ਤਮਾਮ ਮਿਸਾਲਾਂ ਹਨ। ਜਿਵੇਂ ਸਮਝੌਤਾ ਐਕਸਪ੍ਰੈੱਸ ਧਮਾਕੇ ਦੇ ਮਾਮਲੇ ਨੂੰ ਹੀ ਲੈ ਲਵੋ। ਉਸ ਵਿਚ ਮੁਲਜ਼ਮ ਅਤੇ ਸਿਮੀ ਦੇ ਮੁਖੀ ਸਫਦਰ ਨਾਗੋਰੀ ਦਾ ਜਦ ਨਾਰਕੋ ਟੈਸਟ ਹੋਇਆ ਤਾਂ ਪਤਾ ਲੱਗਾ ਕਿ ਉਸ ਦੇ ਪਿੱਛੇ ਪਾਕਿਸਤਾਨ ਦਾ ਹੱਥ ਸੀ। ਇਸੇ ਤਰ੍ਹਾਂ ਭ੍ਰਿਸ਼ਟਾਚਾਰ ਦੇ ਵੱਡੇ ਮਾਮਲਿਆਂ ਵਿਚ ਜੇ ਨਾਰਕੋ ਟੈਸਟ ਕਰਵਾਉਣਾ ਲਾਜ਼ਮੀ ਕਰ ਦਿੱਤਾ ਜਾਵੇ ਤਾਂ ਭ੍ਰਿਸ਼ਟਾਚਾਰੀਆਂ ਨੂੰ ਚੋਰੀ-ਛਿਪੇ ਮਦਦ ਦੇਣ ਵਾਲਿਆਂ ਨੂੰ ਵੀ ਕਾਨੂੰਨ ਦੀ ਪਕੜ ਵਿਚ ਲਿਆ ਜਾ ਸਕੇਗਾ। ਹੋਰ ਅਨੇਕ ਸਬੂਤ ਵੀ ਮਿਲ ਸਕਦੇ ਹਨ ਜੋ ਆਮ ਜਾਂਚ ਵਿਚ ਆਮ ਤੌਰ ’ਤੇ ਨਹੀਂ ਮਿਲ ਪਾਉਂਦੇ ਹਨ। ਅਜੇ ਤਾਂ ਅਜਿਹੇ ਵੱਡੇ ਮਾਮਲਿਆਂ ਵਿਚ ਕਈ ਵਾਰ ਛੋਟੇ ਅਪਰਾਧੀ ਸਜ਼ਾ ਪਾ ਜਾਂਦੇ ਹਨ ਅਤੇ ਉਨ੍ਹਾਂ ਦੇ ਮਦਦਗਾਰ ਬਚ ਨਿਕਲਦੇ ਹਨ। ਫਿਰਕੂ ਦੰਗਿਆਂ ਦੇ ਮਾਮਲਿਆਂ ਵਿਚ ਤਾਂ ਸਜ਼ਾ ਦਿਵਾਉਣਾ ਹੋਰ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਦੰਗਾਕਾਰੀਆਂ ਦੇ ਬਚ ਨਿਕਲਣ ਨਾਲ ਦੇਸ਼ ਨੂੰ ਕਈ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ। ਜਿਸ ਟੈਸਟ ਦੇ ਜ਼ਰੀਏ ਵੱਡੀਆਂ-ਵੱਡੀਆਂ ਘਟਨਾਵਾਂ ਦੀ ਤਹਿ ਤਕ ਪੁੱਜਿਆ ਜਾ ਸਕਦਾ ਹੈ, ਹੈਰਾਨੀ ਦੀ ਗੱਲ ਹੈ ਕਿ ਉਸ ਟੈਸਟ ਦੀ ਆਗਿਆ ਅਜੇ ਅਦਾਲਤ ਹੀ ਦੇ ਸਕਦੀ ਹੈ। ਬਿਹਤਰ ਇਹੀ ਹੋਵੇਗਾ ਕਿ ਅਜਿਹੀ ਸਥਿਤੀ ਬਣੇ ਕਿ ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਇਸ ਨੂੰ ਆਪਣੇ ਪੱਧਰ ’ਤੇ ਅੰਜਾਮ ਦੇ ਸਕਣ। ਇਸ ਦੇ ਲਈ ਸੰਸਦ ਪਹਿਲ ਕਰ ਸਕਦੀ ਹੈ। ਜੇ ਅਜਿਹੀ ਛੋਟ ਮਿਲੀ ਤਾਂ ਨਾ ਸਿਰਫ਼ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਬਲਕਿ ਹੋਰ ਅਪਰਾਧਾਂ ਵਿਚ ਵੀ ਸਜ਼ਾ ਦਾ ਫ਼ੀਸਦ ਵਧੇਗਾ। ਇਸ ਕਾਰਨ ਜਨਤਕ ਜੀਵਨ ਵਿਚ ਸ਼ੁੱਧਤਾ ਅਤੇ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਵਿਚ ਸੁਧਾਰ ਹੋਵੇਗਾ। ਨਾਰਕੋ ਟੈਸਟ ’ਤੇ ਜੇਕਰ ਸੁਪਰੀਮ ਕੋਰਟ ਆਪਣਾ ਪਿਛਲਾ ਫ਼ੈਸਲਾ ਹੀ ਬਦਲੇ ਤਾਂ ਅਪਰਾਧਕ ਨਿਆਂ ਵਿਵਸਥਾ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ। ਇਸ ਦੇ ਲਈ ਵੀ ਕੇਂਦਰ ਸਰਕਾਰ ਸਰਬਉੱਚ ਅਦਾਲਤ ਨੂੰ ਨਜ਼ਰਸਾਨੀ ਲਈ ਅਪੀਲ ਕਰ ਸਕਦੀ ਹੈ। ਇਹ ਦੇਖਿਆ ਗਿਆ ਹੈ ਕਿ ਜਿਨ੍ਹਾਂ ਮੁਕੱਦਮਿਆਂ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ ਅਰਥਾਤ ਐੱਨਆਈਏ ਕਰਦੀ ਹੈ, ਉਨ੍ਹਾਂ ਵਿਚ ਸਜ਼ਾ ਦੀ ਦਰ ਦਾ ਪੱਧਰ ਫਿਰ ਵੀ ਤਸੱਲੀਬਖ਼ਸ਼ ਹੈ। ਅਜਿਹਾ ਇਸ ਲਈ ਕਿਉਂਕਿ ਉਨ੍ਹਾਂ ਮਾਮਲਿਆਂ ਵਿਚ ਨਾਰਕੋ ਆਦਿ ਟੈਸਟ ਦੀ ਆਗਿਆ ਆਸਾਨੀ ਨਾਲ ਮਿਲ ਜਾਂਦੀ ਹੈ ਪਰ ਆਮ ਅਪਰਾਧ ਦੇ ਮਾਮਲਿਆਂ ਵਿਚ ਅਜਿਹਾ ਨਹੀਂ ਹੁੰਦਾ। ਹੱਤਿਆ ਦੇ ਮਾਮਲਿਆਂ ਵਿਚ ਜ਼ਿਆਦਾਤਰ ਮੁਲਜ਼ਮਾਂ ਦਾ ਛੁੱਟ ਜਾਣਾ ਚਿੰਤਾ ਵਾਲੀ ਗੱਲ ਬਣੀ ਹੋਈ ਹੈ।



22 ਮਈ 2010 ਨੂੰ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਦੋਸ਼ੀ ਜਾਂ ਫਿਰ ਸਬੰਧਤ ਵਿਅਕਤੀ ਦੀ ਸਹਿਮਤੀ ਨਾਲ ਹੀ ਉਸ ਦਾ ਨਾਰਕੋ ਐਨਾਲਿਸਿਸ ਟੈਸਟ ਹੋ ਸਕਦਾ ਹੈ। ਕਿਸੇ ਦੀ ਇੱਛਾ ਦੇ ਖ਼ਿਲਾਫ਼ ਬਰੇਨ ਮੈਪਿੰਗ ਵੀ ਨਹੀਂ ਹੋ ਸਕਦੀ। ਪਾਲੀਗ੍ਰਾਫ ਟੈਸਟ ਬਾਰੇ ਵੀ ਇਹੀ ਗੱਲ ਲਾਗੂ ਹੋਵੇਗੀ। ਜੇ ਸੁਪਰੀਮ ਕੋਰਟ 2010 ਦਾ ਆਪਣਾ ਇਹ ਫ਼ੈਸਲਾ ਬਦਲਣ ਨੂੰ ਤਿਆਰ ਨਹੀਂ ਤਾਂ ਇਸ ਸਬੰਧ ਵਿਚ ਸੰਸਦ ਕਾਨੂੰਨ ਬਣਾਏ। ਅਜਿਹਾ ਕਾਨੂੰਨ ਜਿਸ ਦੇ ਤਹਿਤ ਜਾਂਚ ਏਜੰਸੀ ਜ਼ਰੂਰਤ ਸਮਝਣ ’ਤੇ ਕਿਸੇ ਵੀ ਮੁਲਜ਼ਮ ਦਾ ਨਾਰਕੋ ਆਦਿ ਟੈਸਟ ਕਰਵਾ ਸਕੇ। ਉਸ ਨੂੰ ਅਦਾਲਤ ਵੀ

(ਬਾਕੀ ਸਫਾ 22 ‘ਤੇ)

## ਜਨਮ ਦਿਨ ’ਤੇ ਵਿਸ਼ੇਸ਼

# ਅੰਬਰ ਦਾ ਤਾਰਾ ਬਣੀ ਕਲਪਨਾ ਚਾਵਲਾ

ਜਸਵਿੰਦਰ ਸਿੰਘ ਸਹੋਤਾ

ਬਚਪਨ ਤੋਂ ਹੀ ਅੰਬਰ ਵਿਚ ਉੱਡਣ ਦੇ ਸਪਨੇ ਦੇਖਣ ਵਾਲੀ ਕਲਪਨਾ ਚਾਵਲਾ ਆਕਾਸ਼ ਵਿਚ ਉੱਡਦੇ ਹੋਏ ਪੰਛੀਆਂ ਵੱਲ ਦੇਖ ਕੇ ਬਹੁਤ ਖ਼ੁਸ਼ ਹੁੰਦੀ ਸੀ। ਉਹ ਉੱਡਦੇ ਹੋਏ ਜਹਾਜ਼ ਦੇ ਪਰਛਾਵਿਆਂ ਨੂੰ ਛੂਹਣ ਦੀ ਕੋਸ਼ਿਸ਼ ਕਰਦੀ। ਇਸ ਗੱਲ ਦੀ ਕਦੇ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ ਕਿ ਜਹਾਜ਼ ਦੇ ਪਰਛਾਵਿਆਂ ਪਿੱਛੇ ਦੌੜਨ ਵਾਲੀ ਕਲਪਨਾ ਚਾਵਲਾ ਇਕ ਦਿਨ ਖ਼ੁਦ ਪੁਲਾੜ ਵਿਚ ਜਾ ਕੇ ਜਹਾਜ਼ਾਂ ਨੂੰ ਵੀ ਪਿੱਛੇ ਛੱਡ ਜਾਵੇਗੀ। ਕਲਪਨਾ ਚਾਵਲਾ ਨੇ ਦੋ ਵਾਰ ਪੁਲਾੜ ਵਿਚ ਜਾ ਕੇ ਭਾਰਤ ਦਾ ਨਾਂ ਰੌਸ਼ਨ ਕੀਤਾ ਸੀ।

ਭਾਰਤ ਦਾ ਮਾਣ ਏਸ਼ੀਆ ਦੀ ਪਹਿਲੀ ਇਸਤਰੀ ਪੁਲਾੜ ਯਾਤਰੀ ਕਲਪਨਾ ਚਾਵਲਾ ਦਾ ਜਨਮ 17 ਮਾਰਚ 1961 ਨੂੰ ਪਿਤਾ ਬਨਾਰਸੀ ਲਾਲ ਚਾਵਲਾ ਅਤੇ ਸੰਯੋਗਤਾ ਖਰਬੰਦਾ ਦੀ ਕੁੱਖੋਂ ਕਰਨਾਲ (ਹਰਿਆਣਾ) ਵਿਖੇ ਹੋਇਆ ਸੀ। ਪਿਤਾ ਬਨਾਰਸੀ ਦਾਸ ਨੇ ਦੇਸ਼ ਦੀ ਵੰਡ ਦਾ ਸੰਤਾਪ ਖ਼ੁਦ ਹੰਢਾਇਆ ਸੀ। ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਉਹ ਕਰਨਾਲ ਆ ਕੇ ਵਸ ਗਏ ਜਿੱਥੇ ਉਨ੍ਹਾਂ ਨੇ ਬੜੀ ਸਖ਼ਤ ਮਿਹਨਤ ਕਰ ਕੇ ਆਪਣਾ ਕਾਰੋਬਾਰ ਸਥਾਪਤ ਕੀਤਾ। ਕਲਪਨਾ ਚਾਵਲਾ ਨੂੰ ਸਖ਼ਤ ਮਿਹਨਤ ਕਰਨ ਦੀ ਗੁੜ੍ਹਤੀ ਵਿਰਾਸਤ ਵਿਚ ਹੀ ਮਿਲੀ ਸੀ। ਭਾਵੇਂ ਔਰਤ ਹੋਣ ਦੇ ਨਾਤੇ ਕਲਪਨਾ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਪਰ ਉਸ ਨੇ ਆਪਣੇ ਦ੍ਰਿੜ੍ਹ ਇਰਾਦੇ ਸਦਕਾ ਬੁਲੰਦੀਆਂ ਛੂਹੀਆਂ।

ਕਲਪਨਾ ਚਾਵਲਾ ਨੇ ਮੁੱਢਲੀ ਸਿੱਖਿਆ ਟੈਗੋਰ ਬਾਲ ਨਿਕੇਤਨ ਕਰਨਾਲ ਤੋਂ ਪ੍ਰਾਪਤ ਕੀਤੀ। ਉਸ ਨੂੰ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਭਾਗ ਲੈਣ ਅਤੇ ਪੇਂਟਿੰਗ ਕਰਨ ਦਾ ਵੀ ਸ਼ੌਕ ਸੀ। ਕਲਪਨਾ ਨੇ 1976 ਵਿਚ ਮੈਟ੍ਰਿਕ ਪਾਸ ਕੀਤੀ। ਉਸ ਨੇ ਅਗਲੇਰੀ ਸਿੱਖਿਆ ਲਈ ਡੀਏਵੀ ਕਾਲਜ ਕਰਨਾਲ ਵਿਚ ਦਾਖ਼ਲਾ ਲਿਆ। ਸੰਨ 1978 ਵਿਚ ਕਲਪਨਾ ਚਾਵਲਾ ਨੇ ਪ੍ਰੀ-ਇੰਜੀਨੀਅਰਿੰਗ ਵਧੀਆ ਨੰਬਰ ਪ੍ਰਾਪਤ ਕਰ ਕੇ ਜਹਾਜ਼ ਚਾਲਕ ਵਿਗਿਆਨ ਦੀ ਪੜ੍ਹਾਈ ਲਈ ਪੰਜਾਬ ਇੰਜੀਨਿਅਰਿੰਗ ਕਾਲਜ ਚੰਡੀਗੜ੍ਹ ਵਿਖੇ ਦਾਖ਼ਲਾ ਲੈ ਲਿਆ। ਉਸ ਸਮੇਂ ਕਲਪਨਾ ਚਾਵਲਾ ਇਸ ਵਿਸ਼ੇ ਨੂੰ ਪੜ੍ਹਨ ਵਾਲੀ ਇਕੱਲੀ ਲੜਕੀ ਸੀ। ਇੱਥੋਂ ਉਸ ਨੇ 1982 ’ਚ ਪੰਜਾਬ ਯੂਨੀਵਰਸਿਟੀ ’ਚੋਂ ਪਹਿਲੇ ਸਥਾਨ ’ਤੇ ਰਹਿ ਕੇ ਡਿਗਰੀ ਪ੍ਰਾਪਤ ਕੀਤੀ।



1984 ’ਚ ਟੈਕਸਾਸ ਯੂਨੀਵਰਸਿਟੀ ਅਮਰੀਕਾ ਤੋਂ ਪੁਲਾੜ ਵਿਗਿਆਨ ਦੀ ਮਾਸਟਰ ਡਿਗਰੀ ਹਾਸਲ ਕੀਤੀ। ਕਲਪਨਾ ਨੇ 1986 ’ਚ ਮਕੈਨੀਕਲ ਇੰਜੀਨੀਅਰਿੰਗ ਦੇ ਖੇਤਰ ’ਚ ਦੂਜੀ ਮਾਸਟਰ ਆਫ ਸਾਇੰਸ ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1987 ’ਚ ਉਸ ਨੇ ਪ੍ਰਾਈਵੇਟ ਪਾਇਲਟ ਦਾ ਲਾਇਸੈਂਸ ਪ੍ਰਾਪਤ ਕੀਤਾ ਜਿਸ ਸਦਕਾ ਕਲਪਨਾ ਦਾ ਉੱਡਣ ਪਰੀ ਬਣਨ ਦਾ ਸਪਨਾ ਪੂਰਾ ਹੋਇਆ। ਕਲਪਨਾ ਦੀ ਸਫਲਤਾ ’ਚ ਮਾਂ ਸੰਯੋਗਤਾ ਦਾ ਬਹੁਤ ਸਹਿਯੋਗ ਰਿਹਾ। ਸੰਨ 1988 ’ਚ ਯੂਨੀਵਰਸਿਟੀ ਆਫ ਕਲੋਰਾਡੋ ਤੋਂ ਪੁਲਾੜ ਵਿਗਿਆਨ ਦੇ ਖੇਤਰ ’ਚ ਪੀਐੱਚਡੀ ਦੀ ਡਿਗਰੀ ਪ੍ਰਾਪਤ ਕੀਤੀ। ਫਿਰ ਉਸ ਨੇ ਨਾਸਾ (ਨੈਸ਼ਨਲ ਏਰੋਨੌਟਿਕਸ ਸਪੇਸ ਐਡਮਨਿਸਟ੍ਰੇਸ਼ਨ) ਖੋਜ ਸੈਂਟਰ ਹਿਊਸਟਨ ਵਿਖੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸੇ ਸਮੇਂ ਦੌਰਾਨ ਕਲਪਨਾ ਨੇ ਨਾਸਾ ਵਿਚ ਬਤੌਰ ਫ੍ਰੀ ਫਲਾਈਟ ਇੰਸਟਰਕਟਰ ਕੰਮ ਕਰ ਰਹੇ ਜੀਨ ਹੈਰੀਸਨ ਨਾਲ ਵਿਆਹ ਕਰਵਾਇਆ ਅਤੇ 1990 ’ਚ ਅਮਰੀਕਾ ਦੀ ਨਾਗਰਿਕ ਬਣ ਗਈ।

ਕਲਪਨਾ ਚਾਵਲਾ ਸੰਸਾਰ ਦੀਆਂ ਮਹਾਨ ਔਰਤਾਂ ਬਾਰੇ ਆਪਣੀਆਂ ਸਹੇਲੀਆਂ ਨਾਲ ਗੱਲਬਾਤ ਕਰਦੀ ਰਹਿੰਦੀ ਸੀ। ਉਹ ਭਾਰਤ ਦੀ ਪਹਿਲੀ ਆਈਪੀਐੱਸ ਅਧਿਕਾਰੀ ਕਿਰਨ ਬੇਦੀ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਬਹੁਤ ਵੱਡੀ ਪ੍ਰਸ਼ੰਸਕ ਸੀ। ਉਹ ਵੀ ਮਹਾਨ ਔਰਤਾਂ ਵਾਂਗ ਕੁਝ ਵੱਖਰਾ ਕਰਨ ਬਾਰੇ ਹਮੇਸ਼ਾ ਸੋਚਦੀ ਰਹਿੰਦੀ ਸੀ। ਕਲਪਨਾ ਨੂੰ ਪੜ੍ਹਾਈ ਦੇ ਨਾਲ-ਨਾਲ ਸੰਗੀਤ ਸੁਣਨਾ ਅਤੇ ਡਾਂਸ ਕਰਨਾ ਬਹੁਤ ਚੰਗਾ ਲੱਗਦਾ ਸੀ। ਉਸ ਨੂੰ ਲਤਾ ਮੰਗੇਸ਼ਕਰ ਦੇ ਗੀਤ ਸੁਣਨ ਅਤੇ ਫੁੱਲਾਂ ਦੀ ਸੁੰਦਰਤਾ ਦਾ ਆਨੰਦ ਮਾਣਨ ਦਾ ਬਹੁਤ ਸ਼ੌਕ ਸੀ। ਨਾਸਾ ਸਪੇਸ ਸ਼ਟਲ ਐੱਸਟੀਐੱਸ-87 ਮਿਸ਼ਨ ਲਈ ਪੁਲਾੜ ’ਚ ਜਾਣ ਵਾਸਤੇ ਸਪੇਸ ਮਾਹਰ ਚਾਹਵਾਨ ਵਿਗਿਆਨੀਆਂ ਤੋਂ ਬਿਨੈਪੱਤਰ ਮੰਗੇ ਗਏ ਸਨ। ਨਾਸਾ ਨੂੰ 2962 ਬਿਨੈਪੱਤਰ ਪ੍ਰਾਪਤ ਹੋਏ। ਇਨ੍ਹਾਂ ’ਚੋਂ ਕੇਵਲ ਸੱਤ ਮਾਹਰ ਵਿਗਿਆਨੀਆਂ ਦੀ ਇਕ ਟੀਮ ਦੀ ਚੋਣ 1994 ਦੇ ਦਸੰਬਰ ਮਹੀਨੇ ਵਿਚ ਕਈ ਤਰ੍ਹਾਂ ਦੇ ਟੈਸਟਾਂ ਦੇ ਆਧਾਰ ’ਤੇ ਕੀਤੀ ਗਈ। ਇਸ ਟੀਮ ’ਚ ਕਲਪਨਾ ਚਾਵਲਾ ਵੀ ਚੁਣੀ ਗਈ ਜੋ ਭਾਰਤ ਲਈ ਮਾਣ ਵਾਲੀ ਗੱਲ ਸੀ। ਕਲਪਨਾ ਚਾਵਲਾ ਪੁਲਾੜ ’ਚ ਜਾਣ ਵਾਲੀ ਏਸ਼ੀਆ ਦੀ ਪਹਿਲੀ ਮਹਿਲਾ ਸੀ ਭਾਵੇਂ ਕਿ ਉਹ ਅਮਰੀਕਾ ਦੀ ਅਗਵਾਈ ਕਰ ਰਹੀ ਸੀ। ਮਾਰਚ 1995 ਵਿਚ ਕਲਪਨਾ ਜੋਨਸਨ ਸਪੇਸ ਸੈਂਟਰ ਵਿਚ ਆਪਣੀ ਟੀਮ ਨਾਲ ਸਿਖਲਾਈ ਲੈਣ ਗਈ।

19 ਨਵੰਬਰ 1997 ਨੂੰ ਕਲਪਨਾ ਚਾਵਲਾ ਆਪਣੀ ਟੀਮ ਸਮੇਤ ਪੁਲਾੜ ਵਿਚ ਦਾਖ਼ਲ ਹੋਈ। ਪੁਲਾੜ ’ਚ ਮਿਸ਼ਨ ਵਜੋਂ ਦਾਖ਼ਲ ਹੋਣ ਵਾਲੀ ਇਹ 15ਵੀਂ ਟੀਮ ਸੀ। ਉਨ੍ਹਾਂ ਨੇ ਆਪਣੇ ਇਸ ਪਹਿਲੇ ਮਿਸ਼ਨ ’ਚ 17 ਦਿਨ 16 ਘੰਟੇ ਅਤੇ 32 ਮਿੰਟ ਪੁਲਾੜ ਵਿਚ ਗੁਜ਼ਾਰੇ। ਪੁਲਾੜ ਯਾਤਰਾ ਸਮੇਂ ਧਰਤੀ ਦੇ 252 ਚੱਕਰ ਲਗਾਏ। ਉਨ੍ਹਾਂ ਨੇ 65 ਲੱਖ ਮੀਲ ਦਾ ਸਫਰ ਤੈਅ ਕਰ ਕੇ 15 ਦਸੰਬਰ 1997 ਨੂੰ ਵਾਪਸ ਧਰਤੀ ’ਤੇ ਪੈਰ ਰੱਖਿਆ। ਇਸ ਪੁਲਾੜ ਯਾਤਰਾ ਦੌਰਾਨ ਸੂਰਜ ਬਾਰੇ ਕਾਫ਼ੀ ਜਾਣਕਾਰੀ ਇਕੱਠੀ ਕੀਤੀ ਗਈ। ਕਲਪਨਾ ਚਾਵਲਾ ਨੂੰ ਸੰਨ 2000 ’ਚ ਫਿਰ 28ਵੀਂ ਪੁਲਾੜ ਯਾਤਰਾ ਲਈ ਚੁਣ ਲਿਆ ਗਿਆ। ਇਸ ਵਾਰ ਟੀਮ ’ਚ ਕਲਪਨਾ ਸਮੇਤ ਸੱਤ ਮੈਂਬਰ ਸ਼ਾਮਲ ਸਨ।

16 ਜਨਵਰੀ 2003 ਨੂੰ ਐੱਸਟੀਐੱਸ-107 ਸ਼ਟਲ ਦੀ 16 ਦਿਨਾ ਯਾਤਰਾ ਸ਼ੁਰੂ ਹੋਈ ਜਿਸ ਦੌਰਾਨ ਕਲਪਨਾ ਨੇ ਪੂਰਾ-ਪੂਰਾ ਦਿਨ ਕੰਮ ਕਰ ਕੇ ਲਗਪਗ 80 ਪ੍ਰਯੋਗ ਕੀਤੇ। ਪਹਿਲੀ ਫਰਵਰੀ 2003 ਨੂੰ ਐੱਸ ਟੀ ਐੱਸ-107 ਸ਼ਟਲ ਧਰਤੀ ’ਤੇ 21240 ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਵਾਪਸ ਆ ਰਿਹਾ ਸੀ ਤਾਂ ਅਚਾਨਕ ਇਹ ਅਭਾਗਾ ਪੁਲਾੜ ਸ਼ਟਲ ਧਰਤੀ ’ਤੇ ਉਤਰਨ ਤੋਂ 16 ਮਿੰਟ ਪਹਿਲਾਂ ਧਰਤੀ ਤੋਂ 2 ਲੱਖ ਫੁੱਟ ਉੱਚਾਈ ’ਤੇ ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਕਲਪਨਾ ਚਾਵਲਾ ਵੀ ਆਪਣੇ ਯਾਤਰੀ ਸਾਥੀਆਂ ਨਾਲ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਗਈ। ਉਹ ਆਪਣੇ ਜੀਵਨ ਵਿਚ 31 ਦਿਨ 14 ਘੰਟੇ ਅਤੇ 51 ਮਿੰਟ ਪੁਲਾੜ ਵਿਚ ਰਹਿ ਕੇ ਹਮੇਸ਼ਾ ਲਈ ਅੰਬਰ ਦਾ ਤਾਰਾ ਬਣ ਗਈ। ਅੱਜ ਸਮੁੱਚਾ ਸੰਸਾਰ ਪੁਲਾੜ ਵਿਗਿਆਨੀ ਡਾ. ਕਲਪਨਾ ਚਾਵਲਾ ਨੂੰ ਜਨਮ ਦਿਵਸ ਮੌਕੇ ਯਾਦ ਕਰ ਰਿਹਾ ਹੈ। ਸਰਕਾਰ ਨੂੰ ਉਸ ਦੇ ਨਾਂ ’ਤੇ ਇਕ ਕੌਮਾਂਤਰੀ ਪੱਧਰ ਦਾ ਮਿਆਰੀ ਵਿਗਿਆਨ ਖੋਜ ਕੇਂਦਰ ਬਣਾਉਣਾ ਚਾਹੀਦਾ ਹੈ। ਕਲਪਨਾ ਚਾਵਲਾ ਨੇ ਪੁਲਾੜ ਵਿਚ ਜਾ ਕੇ ਇਹ ਸਿੱਧ ਕਰ ਦਿੱਤਾ ਕਿ ਔਰਤਾਂ ਲਈ ਕੋਈ ਕੰਮ ਅਸੰਭਵ ਨਹੀਂ ਹੈ।

# ਮਹਾਮਾਰੀ ਦਾ ਪ੍ਰਕੋਪ-ਕੁਦਰਤ ਨਾਲ ਛੇੜਛਾੜ ਜਾਂ ਮਨੁੱਖ ਵੱਲੋਂ ਕੀਤੇ ਮਹਾਪਾਪ

ਕੁਦਰਤ ਨਾਲ ਛੇੜਛਾੜ ਜਾਂ ਮਨੁੱਖ ਵੱਲੋਂ ਕੀਤੇ ਜਾਂਦੇ ਕਿਸੇ ਨਾ ਕਿਸੇ ਮਹਾਪਾਪ ਨਾਲ ਜੁੜੀਆਂ ਹੁੰਦੀਆਂ ਹਨ ਮਹਾਮਾਰੀਆਂ। ਜਦੋਂ ਤਕ ਮਨੁੱਖ ਕੁਦਰਤ ਦੀ ਹੁਸੀਨ ਗੋਦ ਵਿਚ ਖੇਡਦਾ-ਮੱਲਦਾ ਰਿਹਾ, ਉਦੋਂ ਤਕ ਉਸ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ। ਰੁੱਖਾਂ ਦੀ ਬੇਤਹਾਸ਼ਾ ਕਟਾਈ ਅਤੇ ਜੀਵ-ਜੰਤੂਆਂ ਦਾ ਘਾਣ ਮਨੁੱਖ ਲਈ ਸੰਤਾਪ ਦਾ ਸਬੱਬ ਬਣਦਾ ਰਿਹਾ ਹੈ। ਸਾਰਸ, ਬਰਡ ਫਲੂ, ਪਲੇਗ ਅਤੇ ਚਿਕਨਗੁਨੀਆ ਆਦਿ ਮਹਾਮਾਰੀਆਂ ਸਮੇਂ-ਸਮੇਂ ਮਨੁੱਖ ਜਾਤੀ ਲਈ ਹਊਆ ਬਣ ਕੇ ਆਉਂਦੀਆਂ ਰਹੀਆਂ ਹਨ। ਵੀਹਵੀਂ ਸਦੀ ਦੀ ਸ਼ੁਰੂਆਤ ਪਲੇਗ ਨਾਲ ਹੋਈ ਸੀ ਜਦੋਂ ਪਿੰਡਾਂ ਦੇ ਪਿੰਡ ਇਸ ਮਹਾਮਾਰੀ ਦਾ ਸ਼ਿਕਾਰ ਬਣੇ ਸਨ। ਆਪਣੇ ਹੀ ਆਪਣਿਆਂ ਤੋਂ ਦੂਰ ਹੋ ਗਏ ਸਨ ਕਿਉਂਕਿ ਕੋਈ ਲਾਸ਼ਾਂ ਚੁੱਕਣ ਨੂੰ ਤਿਆਰ ਨਹੀਂ ਸੀ। ਉਸ ਵੇਲੇ ਮੈਡੀਕਲ ਸਾਇੰਸ ਨੇ ਅੱਜ ਜਿੰਨੀ ਤਰੱਕੀ ਨਹੀਂ ਸੀ ਕੀਤੀ। ਅਜੋਕਾ ਮਨੁੱਖ ਚੰਨ-ਤਾਰਿਆਂ ਦੀਆਂ ਪਰਤਾਂ ਫਰੋਲ ਰਿਹਾ ਹੈ। ਮੈਡੀਕਲ ਸਾਇੰਸ ਨੇ ਅਣਕਿਆਸੀ ਤਰੱਕੀ ਕਰ ਲਈ ਹੈ। ਇਸ ਦੇ ਬਾਵਜੂਦ ਮਹਾਮਾਰੀਆਂ ਮਨੁੱਖ ਦਾ ਖਹਿੜਾ ਨਹੀਂ ਛੱਡ ਰਹੀਆਂ। ਪਰਿਵਾਰ ਦਾ ਕੋਈ ਜੀਅ ਬਿਮਾਰ ਹੋ ਜਾਵੇ ਤਾਂ ਘਰ ਮੂਧਾ ਹੋ ਜਾਂਦਾ ਹੈ ਪਰ ਇਹ ਬਿਮਾਰੀ ਤਾਂ ਵਿਸ਼ਵ ਪੱਧਰ ’ਤੇ ਮਨੁੱਖ ਦਾ ਘਾਣ ਕਰ ਰਹੀ ਹੈ। ਕਾਲ ਬਣ ਕੇ ਸਿਰਾਂ ’ਤੇ ਮੰਡਰਾ ਰਿਹਾ ਕੋਰੋਨਾ ਪੂਰੇ ਵਿਸ਼ਵ ਨੂੰ ਖ਼ੌਫ਼ਜ਼ਦਾ ਕਰ ਰਿਹਾ ਹੈ। ਇਸ ਮਹਾਮਾਰੀ ਨੇ ਵਿਕਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਹੈ। ਜਿੱਥੇ ਇਸ ਜਾਨਲੇਵਾ ਵਾਇਰਸ ਦਾ ਮੁਕਾਬਲਾ ਕਰਨ ਲਈ ਵਿਸ਼ਵ ਪੱਧਰ ’ਤੇ ਚਾਰਾਜ਼ੋਈ ਹੋ ਰਹੀ ਹੈ, ਓਥੇ ਹੀ ਕਈ ਲੋਕ ਦੇਸੀ ਟੋਟਕਿਆਂ ਦਾ ਪ੍ਰਚਾਰ ਕਰ ਕੇ ਹਾਸੋਹੀਣੀ ਸਥਿਤੀ ਪੈਦਾ ਕਰ ਰਹੇ ਹਨ। ’ਇਲਾਜ ਨਾਲੋਂ ਪਰਹੇਜ਼ ਚੰਗਾ’ ਸਾਡੀ ਲੋਕ ਸਿਆਣਪ ਦਾ ਹਿੱਸਾ ਹੈ। ਕੋਰੋਨਾ ਨੂੰ ਰੋਕਣ ਲਈ ਸੰਜੀਦਾ ਉਪਰਾਲੇ ਜ਼ਰੂਰ ਕੀਤੇ ਜਾ ਰਹੇ ਹਨ ਪਰ ਕਈ ਥਾਈਂ ਸ਼ਰਧਾ ਇਸ ’ਤੇ ਹਾਵੀ ਹੁੰਦੀ ਜਾਪਦੀ ਹੈ। ਇਸ ਦੀ ਤਾਜ਼ਾ ਮਿਸਾਲ ਹੋਲੀ ਅਤੇ ਹੋਲਾ-ਮੁਹੱਲਾ ਤਿਉਹਾਰਾਂ ਵੇਲੇ ਦੀ ਹੈ। ਜਿੰਨੀ ਦੇਰ ਜਾਗਰੂਕਤਾ ਪਿੰਡ-ਪਿੰਡ, ਸ਼ਹਿਰ-ਸ਼ਹਿਰ ਨਹੀਂ ਪੁੱਜੇਗੀ, ਓਨੀ ਦੇਰ ਇਸ ਮਹਾਮਾਰੀ ਦਾ ਖ਼ਤਰਾ ਸਿਰ ’ਤੇ ਮੰਡਰਾਉਂਦਾ ਰਹੇਗਾ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇਕ ਬਿਆਨ, ਅਖੇ ’ਮੈਂ ਕਈ ਦਿਨ ਆਪਣੇ ਮੂੰਹ ਨੂੰ ਹੱਥ ਨਹੀਂ ਲਾਇਆ’ ਦੁਨੀਆ ਭਰ ਵਿਚ ਮਜ਼ਾਕ ਦਾ ਸਬੱਬ ਬਣਿਆ ਰਿਹਾ। ਟਰੰਪ, ਜਿਸ ਦੀ ਇਕ ਘੁਰਕੀ ਨਾਲ ਦੁਨੀਆ ਨੂੰ ਸੱਪ ਸੁੰਘ ਜਾਂਦਾ ਸੀ, ਅੱਜ ਖ਼ੁਦ ਖ਼ੌਫ਼ਜ਼ਦਾ ਹੈ। ਬਾਕੀ ਦੁਨੀਆ ਨੂੰ ਟਰੰਪ ਦੇ ਬਿਆਨ ਦੀ ਗੰਭੀਰਤਾ ਦਾ ਦੇਰ ਬਾਅਦ ਅਹਿਸਾਸ ਹੋਇਆ। ਕੋਰੋਨਾ ਦੀ ਅਣਕਿਆਸੀ ਮਾਰ ਤੋਂ ਬਾਅਦ ਸੈਂਸੈਕਸ ਮੂਧੇ ਮੂੰਹ ਡਿੱਗ ਪਿਆ ਹੈ। ਦੁਨੀਆ ਦੇ ਕਈ ਵਿਕਸਤ ਦੇਸ਼ਾਂ ਦਾ ਅਰਥਚਾਰਾ ਚਰਮਰਾ ਗਿਆ ਹੈ। ਕੋਰੋਨਾ ਦਾ ਕਹਿਰ ਬਾਜ਼ਾਰ ’ਤੇ ਹਾਵੀ ਹੋਣ ਕਾਰਨ ਆਮ ਆਦਮੀ ਵਿਚ ਵੀ ਘਬਰਾਹਟ ਹੈ। ਵਿਦੇਸ਼ੋਂ ਪਰਤੇ ਕੁਝ ਆਈਏਐੱਸ ਅਤੇ ਆਈਪੀਐੱਸ ਅਫ਼ਸਰਾਂ ਨੂੰ ਆਪਣੇ ਘਰਾਂ ਦੀ ਚਾਰ-ਦੀਵਾਰੀ ਅੰਦਰ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਭੀੜ-ਭੜੱਕੇ ਵਾਲੀਆਂ ਥਾਵਾਂ ’ਤੇ ਸੁੰਨ-ਮਸਾਨ ਪਸਰੀ ਹੋਈ ਹੈ। ਸਟੇਡੀਅਮਾਂ ’ਚ ਮੈਚ ਹੋ ਰਹੇ ਹਨ ਪਰ ਦਰਸ਼ਕ ਇਕ ਵੀ ਨਹੀਂ ਹੈ-’ਗਲੀਆਂ ਹੋਵਣ ਸੁੰਨੀਆਂ, ਵਿਚ ਮਿਰਜ਼ਾ ਯਾਰ ਫਿਰੇ’ ਵਰਗੀ ਸਥਿਤੀ ਬਣੀ ਹੋਈ ਹੈ। ਵਿਦੇਸ਼ ਮੰਤਰਾਲੇ ਅਤੇ ਖੇਡ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਐਡਵਾਇਜ਼ਰੀ ਮੁਤਾਬਕ ਦਰਸ਼ਕਾਂ ਦੀ ਭੀੜ ਜੁਟਾਉਣ ਲਈ ਟਿਕਟਾਂ ਹੀ ਨਹੀਂ ਵੇਚੀਆਂ ਗਈਆਂ। ਖੇਡ ਮੰਤਰਾਲੇ ਨੇ ਬੀਸੀਸੀਆਈ ਸਮੇਤ ਹੋਰਨਾਂ ਕੌਮੀ ਖੇਡ ਸੰਘਾਂ ਨੂੰ ਸਾਫ਼ ਕਹਿ ਦਿੱਤਾ ਹੈ ਕਿ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਕੋਈ ਟੂਰਨਾਮੈਂਟ ਕਰਵਾਉਣਾ ਜ਼ਰੂਰੀ ਹੋਵੇ ਤਾਂ ਉਹ ਬੰਦ ਦਰਵਾਜ਼ਿਆਂ ’ਚ ਹੀ ਹੋਵੇਗਾ। ਟ੍ਰੈਫਿਕ ਨਿਯਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਇਰਾਦੇ ਨਾਲ ਕਰਵਾਈ ਜਾਣ ਵਾਲੀ ’ਰੋਡ ਸੇਫਟੀ ਵਰਲਡ ਸੀਰੀਜ਼ 2020’ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਕੋਰੋਨਾ ਵੱਲੋਂ ਮਚਾਈ ਹਾਹਾਕਾਰ ਕਾਰਨ ਵਿਸ਼ਵ ਪੱਧਰੀ ਕਈ ਟੂਰਨਾਮੈਂਟ ਰੱਦ ਹੋ ਚੁੱਕੇ ਹਨ। ਕੀਨੀਆ ਨੇ ਆਪਣੇ ਖਿਡਾਰੀਆਂ ਦੇ ਵਿਦੇਸ਼ ਜਾਣ ’ਤੇ ਪਾਬੰਦੀ ਲਗਾ ਦਿੱਤੀ ਹੈ। ਰਾਸ਼ਟਰੀ ਪੈਰਾ-ਓਲੰਪਿਕ ਕਮੇਟੀ ਨੇ ਵੀ ਆਪਣੇ ਸਾਰੇ ਰਾਸ਼ਟਰੀ ਅਤੇ ਸੂਬਾਈ ਟੂਰਨਾਮੈਂਟਾਂ ’ਤੇ 15 ਅਪ੍ਰੈਲ ਤਕ ਰੋਕ ਲਗਾ ਦਿੱਤੀ ਹੈ। ਆਈਸੀਸੀ ਦੀਆਂ ਆਗਾਮੀ ਮੀਟਿੰਗਾਂ ’ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਵਿਦੇਸ਼ੀ ਖਿਡਾਰੀਆਂ ਦੇ ਵੀਜ਼ੇ ਰੱਦ ਹੋ ਰਹੇ ਹਨ। ਅਗਲੇ ਹਫ਼ਤੇ ਬੈਂਗਲੁਰੂ ’ਚ ਹੋਣ ਵਾਲਾ ਓਲੰਪਿਕ ਕੁਆਲੀਫਾਇੰਗ ਬਾਸਕਟਬਾਲ ਟੂਰਨਾਮੈਂਟ ਮੁਲਤਵੀ ਹੋ ਗਿਆ ਹੈ।



ਇਟਲੀ ਵਰਗੇ ਵਿਕਸਤ ਦੇਸ਼ ’ਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਦੋ ਹਫ਼ਤਿਆਂ ਦੌਰਾਨ ਇਟਲੀ ’ਚ ਲਗਪਗ ਨੌਂ ਸੌ ਮੌਤਾਂ ਹੋ ਗਈਆਂ ਹਨ। ਹਜ਼ਾਰਾਂ ਲੋਕ ਇਸ ਵਾਇਰਸ ਤੋਂ ਪੀੜਤ ਹਨ। ਚੀਨ ਪਿੱਛੋਂ ਸਭ ਤੋਂ ਵੱਧ ਪ੍ਰਭਾਵਿਤ ਇਟਲੀ ਵਿਚ ਲੋਕਾਂ ਨੂੰ ਆਪਣੇ ਹੀ ਘਰਾਂ ’ਚ ਬੰਦ ਰਹਿਣਾ ਪੈ ਰਿਹਾ ਹੈ। ਕੋਰੋਨਾ ਦਾ ਮੁਕਾਬਲਾ ਕਰਨ ਲਈ ਮੈਡੀਕਲ ਸਟੋਰਾਂ, ਹਸਪਤਾਲਾਂ ਅਤੇ ਖਾਣ-ਪੀਣ ਵਾਲੀਆਂ ਦੁਕਾਨਾਂ ਨੂੰ ਛੱਡ ਕੇ ਸਾਰੇ ਕਾਰੋਬਾਰ ਬੰਦ ਕਰ ਦਿੱਤੇ ਗਏ ਹਨ। ਜ਼ਿਆਦਾਤਰ ਥਾਵਾਂ ’ਤੇ ਅਣ-ਐਲਾਨਿਆ ਕਰਫਿਊ ਹੈ। ਛੇ ਕਰੋੜ ਦੀ ਆਬਾਦੀ ਵਾਲੇ ਇਸ ਯੂਰਪੀ ਦੇਸ਼ ਦੇ ਹਾਕਮ ਖ਼ੁਦ ਘਬਰਾਏ ਹੋਏ ਹਨ। ਚੀਨ ਦੇ ਵੂਹਾਨ ਸ਼ਹਿਰ ਤੋਂ ਫੈਲਿਆ ਇਹ ਵਾਇਰਸ ਦੁਨੀਆ ਦੇ 130 ਦੇਸ਼ਾਂ ’ਚ ਪੈਰ ਪਸਾਰ ਚੁੱਕਾ ਹੈ। ਵਿਸ਼ਵ ਪਿੰਡ ਦੇ ਵਾਸੀਆਂ ਨੂੰ ਮੌਤ ਦਾ ਭੈਅ ਵੱਢ-ਵੱਢ ਖਾ ਰਿਹਾ ਹੈ। ਵਿਸ਼ਵ ਦਾ ਹਰ ਦੇਸ਼ ਆਪਣੀਆਂ ਸਰਹੱਦਾਂ ਦੇ ਲਾਲਡੋਰੇ ਡੂੰਘੇ ਕਰ ਰਿਹਾ ਹੈ ਤਾਂ ਜੋ ਵਾਇਰਸ ਕਿਸੇ ਹੋਰ ਦੇਸ਼ ਦੇ ਹੱਦਾਂ-ਬੰਨੇ ਟੱਪ ਕੇ ਅੰਦਰ ਨਾ ਆ ਜਾਵੇ। ਆਦਮੀ ਤੋਂ ਆਦਮੀ ਇੰਨਾ ਡਰਨ ਲੱਗੇਗਾ, ਇਸ ਦਾ ਕਿਸੇ ਨੇ ਸੁਪਨਾ ਤਕ ਨਹੀਂ ਸੀ ਲਿਆ।

ਮੁਹੱਬਤਾਂ ਦਾ ਨਿੱਘ ਬੁੱਕਲਾਂ ’ਚੋਂ ਗਵਾਚ ਚੁੱਕਾ ਹੈ। ਦੂਰੋਂ ਹੀ ਨਮਸਕਾਰ ਕਰਨ ਵਿਚ ਭਲਾਈ ਸਮਝੀ ਜਾ ਰਹੀ ਹੈ। ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਪ੍ਰਾਈਵੇਟ ਅਤੇ ਸਰਕਾਰੀ ਸਕੂਲ, ਕਾਲਜ ਅਤੇ ਵਿਸ਼ਵਵਿਦਿਆਲੇ ਇਕੱਤੀ ਮਾਰਚ ਤਕ ਬੰਦ ਕਰ ਦਿੱਤੇ ਗਏ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਬੀਵੀ ਕੋਰੋਨਾ ਤੋਂ ਪੀੜਤ ਹੈ। ਸਪੇਨ ਦੀ ਮੰਤਰੀ ਇਰੇਨਾ ਮੈਂਟਰੋ ਦਾ ਵੀ ਟੈਸਟ ਪੌਜ਼ਿਟਿਵ ਆਇਆ ਹੈ। ਟਰੰਪ ਸਰਕਾਰ ਨੇ ਬਰਤਾਨੀਆ ਨੂੰ ਛੱਡ ਕੇ 26 ਯੂਰਪੀ ਦੇਸ਼ਾਂ ਦੇ ਨਾਗਰਿਕਾਂ ਲਈ ਅਮਰੀਕਾ ਦੀ ਯਾਤਰਾ ’ਤੇ 30 ਦਿਨਾਂ ਲਈ ਰੋਕ ਲਗਾ ਦਿੱਤੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਦੁਨੀਆ ਦੇ ਹਾਕਮਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਹਾਮਾਰੀ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਕਦਮ ਚੁੱਕਣ।

ਵਿਸ਼ਵ ਸਿਹਤ ਸੰਗਠਨ ਨੇ ਪਹਿਲਾਂ ਹੀ ਕੋਰੋਨਾ ਨੂੰ ਮਹਾਮਾਰੀ ਐਲਾਨਿਆ ਹੋਇਆ ਹੈ। ਇਸੇ ਦੌਰਾਨ ਕੁਝ ਤਾਕਤਾਂ ਇਕ-ਦੂਜੇ ਦੇਸ਼ ਨੂੰ ਨੀਵਾਂ ਦਿਖਾਉਣ ਲਈ ਕੂੜ-ਪ੍ਰਚਾਰ ਵਿਚ ਲੱਗੀਆਂ ਹੋਈਆਂ ਹਨ। ਸੋਸ਼ਲ ਮੀਡੀਆ ’ਤੇ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਵਾਇਰਸ ਮੱਧ ਚੀਨ ਦੇ ਵੂਹਾਨ ਨਗਰ ਦੀ ਮੀਟ ਮਾਰਕੀਟ ’ਚੋਂ ਨਹੀਂ ਸਗੋਂ ਉੱਥੋਂ ਦੀ ਇਕ ਲੈਬੋਰਟਰੀ ’ਚੋਂ ਬਾਹਰ ਆਇਆ ਹੈ ਜਿੱਥੇ ਕੋਈ ਖ਼ਤਰਨਾਕ ਜੈਵਿਕ ਬੰਬ ਬਣਾਇਆ ਜਾ ਰਿਹਾ ਸੀ। ਇਹ ਸਮਾਂ ਇਕ-ਦੂਜੇ ’ਤੇ ਦੋਸ਼ ਮੜ੍ਹਨ ਦਾ ਨਹੀਂ ਸਗੋਂ ਮਹਾਮਾਰੀ ਨਾਲ ਲੜਨ ਦਾ ਹੈ।

# ਸ਼ਿਵਰਾਜ ਸਿੰਘ ਚੌਹਾਨ ਚੌਥੀ ਵਾਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ

ਭੋਪਾਲ- ਭਾਜਪਾ ਨੇਤਾ ਸ਼ਿਵਰਾਜ ਸਿੰਘ ਚੌਹਾਨ ਚੌਥੀ ਵਾਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਉਨ੍ਹਾਂ ਨੂੰ ਦੇਰ ਰਾਤ ਸੂਬੇ ਦੇ ਰਾਜਪਾਲ ਲਾਲਜੀ ਟੰਡਨ ਨੇ ਸੋਮਵਾਰ ਰਾਤ 9 ਵਜੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ। ਇਸ ਤੋਂ ਪਹਿਲਾ ਉਨ੍ਹਾਂ ਨੂੰ ਬੀਤੀ ਸ਼ਾਮ ਭਾਜਪਾ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ। ਕਰੋਨਾਵਾਇਰਸ ਦੇ ਮੱਦੇਨਜ਼ਰ ਵਿਧਾਇਕ ਦਲ ਦੇ ਮੈਂਬਰ ਮਾਸਕ ਪਹਿਨ ਕੇ ਮੀਟਿੰਗ ’ਚ ਸ਼ਾਮਲ ਹੋਏ। ਸਾਰੇ ਹੀ ਇੱਕ-ਦੂਜੇ ਤੋਂ ਦੋ-ਦੋ ਕੁਰਸੀਆਂ ਛੱਡ ਕੇ ਬੈਠੇ ਸਨ ਅਤੇ ਉਨ੍ਹਾਂ ਨੇ ਸ੍ਰੀ ਚੌਹਾਨ ਨੂੰ ਬਹੁਮੱਤ ਨਾਲ ਵਿਧਾਇਕ ਦਲ ਦਾ ਨੇਤਾ ਚੁਣਿਆ। ਭਾਜਪਾ ਦੇ ਕੇਂਦਰੀ ਆਬਜ਼ਰਵਰ ਅਰੁਨ ਸਿੰਘ ਅਤੇ ਵਿਨੈ ਸਹਿਸਰਬੁੱਧੇ ਦਿੱਲੀ ਤੋਂ ਵੀਡੀਓ ਕਾਨਫਰੰਸਿਗ ਰਾਹੀਂ ਮੀ-ਟਿੰਗ ’ਚ ਸ਼ਾਮਲ ਹੋਏ। ਸੀਨੀਅਰ ਭਾਜਪਾ ਵਿਧਾਇਕ ਅਤੇ ਵਿਰੋਧੀ ਧਿਰ ਦੇ ਸਾਬਕਾ ਨੇਤਾ ਗੋਪਾਲ ਭਾਰਗਵ ਨੇ ਸ਼ਿਵਰਾਜ ਸਿੰਘ ਚੌਹਾਨ ਦਾ ਨਾਂ ਵਿਧਾਇਕ ਦਲ ਦੇ ਨੇਤਾ ਲਈ ਪੇਸ਼ ਕੀਤਾ ਜਿਸ ਦੀ ਤਾਈਦ ਵਿਜੈ ਸ਼ਾਹ, ਮੀਨਾ ਸਿੰਘ, ਪਾਰਸ ਜੈਨ ਅਤੇ ਹੋਰ ਵਿਧਾਇਕਾਂ ਵੱਲੋਂ ਕੀਤੀ ਗਈ। ਇਹ ਪ੍ਰਕਿਰਿਆ ਪੂਰੀ ਹੋਣ ਮਗਰੋਂ ਅਰੁਣ ਸਿੰਘ ਨੇ ਵਿਧਾਇਕ ਦਲ ਦੇ ਨੇਤਾ ਵਜੋਂ ਸ੍ਰੀ ਚੌਹਾਨ ਦੇ ਨਾਂਅ ਦਾ ਐਲਾਨ ਕੀਤਾ। ਸ੍ਰੀ ਚੌਹਾਨ ਨੇ ਚੋਣ ਮਗਰੋਂ ਵਿਧਾਇਕਾਂ ਦਾ ਧੰਨਵਾਦ ਕੀਤਾ।



# ਖ਼ੁਦ ਨੂੰ ਕਮਜ਼ੋਰ ਕਰਦੀ ਜਾ ਰਹੀ ਹੈ ਕਾਂਗਰਸ


ਸੰਜੇ ਗੁਪਤ

ਆਖ਼ਰਕਾਰ ਮੱਧ ਪ੍ਰਦੇਸ਼ ਦੇ ਦਿੱਗਜ ਕਾਂਗਰਸੀ ਨੇਤਾ ਜੋਤੀਰਾਦਿੱਤਿਆ ਸਿੰਧੀਆ ਨੇ ਭਾਜਪਾ ਦਾ ਪੱਲਾ ਫੜ ਹੀ ਲਿਆ। ਉਨ੍ਹਾਂ ਦੇ ਇਸ ਕਦਮ ਨਾਲ ਕਮਲਨਾਥ ਸਰਕਾਰ ਅਤੇ ਨਾਲ ਹੀ ਕਾਂਗਰਸ ਨੂੰ ਇਕ ਵੱਡਾ ਝਟਕਾ ਲੱਗਾ ਹੈ। ਇਕ ਅਰਸੇ ਤੋਂ ਇਹ ਲੱਗ ਰਿਹਾ ਸੀ ਕਿ ਜੋਤੀਰਾਦਿੱਤਿਆ ਸਿੰਧੀਆ ਕਮਲਨਾਥ ਸਰਕਾਰ ਦੇ ਰਵੱਈਏ ਦੇ ਨਾਲ-ਨਾਲ ਕਾਂਗਰਸ ਦੀ ਲੀਡਰਸ਼ਿਪ ਦੇ ਰੁਖ਼ ਤੋਂ ਨਾਰਾਜ਼ ਸਨ ਪਰ ਇਸ ਦੇ ਆਸਾਰ ਬਹੁਤ ਘੱਟ ਸਨ ਕਿ ਉਹ ਆਪਣੇ ਹਮਾਇਤੀ ਵਿਧਾਇਕਾਂ ਨੂੰ ਨਾਲ ਲੈ ਕੇ ਬਗਾਵਤ ਕਰਦੇ ਹੋਏ ਭਾਜਪਾ ਵਿਚ ਸ਼ਾਮਲ ਹੋ ਜਾਣਗੇ। ਉਨ੍ਹਾਂ ਨੇ ਅਜਿਹਾ ਹੀ ਕੀਤਾ। ਸ਼ਾਇਦ ਉਨ੍ਹਾਂ ਨੇ ਭਾਜਪਾ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਉਦੋਂ ਲਿਆ ਜਦ ਇਹ ਸਪਸ਼ਟ ਹੋ ਗਿਆ ਸੀ ਕਿ ਕਾਂਗਰਸ ਵੱਲੋਂ ਉਨ੍ਹਾਂ ਨੂੰ ਰਾਜ ਸਭਾ ਵਿਚ ਨਹੀਂ ਭੇਜਿਆ ਜਾਵੇਗਾ। ਭਾਜਪਾ ਵਿਚ ਸ਼ਾਮਲ ਹੁੰਦੇ ਹੀ ਉਹ ਰਾਜ ਸਭਾ ਦੇ ਉਮੀਦਵਾਰ ਐਲਾਨ ਦਿੱਤੇ ਗਏ। ਬਹੁਤ ਸਮਾਂ ਨਹੀਂ ਹੋਇਆ ਜਦ ਉਹ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਸਨ। ਕਾਂਗਰਸ ਨੇ ਉਨ੍ਹਾਂ ਨੂੰ ਅੱਗੇ ਕਰ ਕੇ ਹੀ ਵਿਧਾਨ ਸਭਾ ਚੋਣਾਂ ਲੜੀਆਂ ਸਨ। ਉਨ੍ਹਾਂ ਨੇ ਇਸ ਚੋਣ ਵਿਚ ਪੂਰਾ ਜ਼ੋਰ ਲਗਾਇਆ ਅਤੇ ਪਾਰਟੀ ਨੂੰ ਜਿੱਤ ਦਿਵਾਉਣ ਵਿਚ ਇਕ ਵੱਡੀ ਭੂਮਿਕਾ ਨਿਭਾਈ। ਨਤੀਜੇ ਆਉਣ ਤੋਂ ਬਾਅਦ ਕਾਂਗਰਸ ਨੇ ਕਮਲਨਾਥ ਨੂੰ ਮੁੱਖ ਮੰਤਰੀ ਬਣਾਉਣਾ ਬਿਹਤਰ ਸਮਝਿਆ। ਕਾਂਗਰਸ ਨੇ ਇਹ ਫ਼ੈਸਲਾ ਉਸ ਵਕਤ ਲਿਆ ਜਦ ਪਾਰਟੀ ਦੀ ਕਮਾਨ ਰਾਹੁਲ ਗਾਂਧੀ ਦੇ ਹੱਥ ਵਿਚ ਸੀ। ਸ਼ਾਇਦ ਰਾਹੁਲ ਨੇ ਕਮਲਨਾਥ ਦੀ ਸੀਨੀਅਰਤਾ ਤੇ ਤਜਰਬੇ ਦੇ ਮੱਦੇਨਜ਼ਰ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਉਣਾ ਸਹੀ ਸਮਝਿਆ।

ਜੋਤੀਰਾਦਿੱਤਿਆ ਸਿੰਧੀਆ ਦੀਆਂ ਮੁਸ਼ਕਲਾਂ ਉਦੋਂ ਹੋਰ ਵੱਧ ਗਈਆਂ ਜਦ ਉਹ ਗੁਨਾ ਤੋਂ ਲੋਕ ਸਭਾ ਚੋਣ ਹਾਰ ਗਏ। ਉਹ ਇਹ ਚੋਣ ਆਪਣੇ ਹੀ ਸਹਿਯੋਗੀ ਕੇਪੀ ਯਾਦਵ ਤੋਂ ਹਾਰੇ ਜੋ ਇਕ ਸਮੇਂ ਉਨ੍ਹਾਂ ਦੇ ਸੱਜੇ ਹੱਥ ਮੰਨੇ ਜਾਂਦੇ ਸਨ ਅਤੇ ਕਿਸੇ ਕਾਰਨ ਉਨ੍ਹਾਂ ਨਾਲ ਰੁੱਸ ਕੇ ਭਾਜਪਾ ਵਿਚ ਚਲੇ ਗਏ ਸਨ। ਕਿਉਂਕਿ ਰਾਹੁਲ ਵੱਲੋਂ ਪ੍ਰਧਾਨ ਦਾ ਅਹੁਦਾ ਛੱਡਣ ਤੋਂ ਬਾਅਦ ਜੋਤੀਰਾਦਿੱਤਿਆ ਨੇ ਵੀ ਜਨਰਲ ਸਕੱਤਰ ਦਾ ਅਹੁਦਾ ਛੱਡ ਦਿੱਤਾ ਸੀ, ਇਸ ਲਈ ਉਨ੍ਹਾਂ ਕੋਲ ਕੋਈ ਅਹੁਦਾ ਨਹੀਂ ਰਹਿ ਗਿਆ ਸੀ। ਉਹ ਮੱਧ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਨਾ ਚਾਹੁੰਦੇ ਸਨ ਅਤੇ ਇਸੇ ਸਿਲਸਿਲੇ ਵਿਚ ਰਾਹੁਲ ਨੂੰ ਮਿਲਣਾ ਚਾਹੁੰਦੇ ਸਨ ਪਰ ਉਹ ਉਨ੍ਹਾਂ ਨੂੰ ਨਹੀਂ ਮਿਲੇ। ਸ਼ਾਇਦ ਇਨ੍ਹਾਂ ਹਾਲਤਾਂ ਵਿਚ ਉਨ੍ਹਾਂ ਨੇ ਭਾਜਪਾ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਉਨ੍ਹਾਂ ਦੇ ਇਸ ਕਦਮ ਦੇ ਨਾਲ ਹੀ ਸੰਪੂਰਨ ਸਿੰਧੀਆ ਪਰਿਵਾਰ ਭਾਜਪਾ ਦਾ ਹਿੱਸਾ ਬਣ ਗਿਆ। ਉਨ੍ਹਾਂ ਦੀ ਇਕ ਭੂਆ ਵਸੁੰਧਰਾ ਰਾਜੇ ਰਾਜਸਥਾਨ ਦੀ ਮੁੱਖ ਮੰਤਰੀ ਰਹਿ ਚੁੱਕੀ ਹੈ ਅਤੇ ਦੂਜੀ ਭੂਆ ਯਸ਼ੋਧਰਾ ਰਾਜੇ ਵੀ ਭਾਜਪਾ ਵਿਚ ਸਰਗਰਮ ਹੈ। ਉਨ੍ਹਾਂ ਦੀ ਦਾਦੀ ਵਿਜੇਰਾਜੇ ਸਿੰਧੀਆ ਵੀ ਭਾਜਪਾ ਦੀ ਸਿਰਕੱਢ ਆਗੂ ਸੀ। ਉਨ੍ਹਾਂ ਨੇ ਆਪਣਾ ਸਿਆਸੀ ਸਫ਼ਰ ਸ਼ੁਰੂ ਤਾਂ ਕਾਂਗਰਸ ਤੋਂ ਕੀਤਾ ਸੀ ਪਰ ਬਾਅਦ ਵਿਚ ਉਹ ਜਨਸੰਘ ਵਿਚ ਸ਼ਾਮਲ ਹੋ ਗਈ ਅਤੇ ਫਿਰ ਭਾਜਪਾ ਦੀ ਸੰਸਥਾਪਕ ਮੈਂਬਰ ਬਣੀ। ਜੋਤੀਰਾਦਿੱਤਿਆ ਸਿੰਧੀਆ ਦੇ ਪਿਤਾ ਮਾਧਵ ਰਾਓ ਸਿੰਧੀਆ ਨੇ ਆਪਣਾ ਸਿਆਸੀ ਸਫ਼ਰ ਜਨਸੰਘ ਤੋਂ ਸ਼ੁਰੂ ਕੀਤਾ ਪਰ ਬਾਅਦ ਵਿਚ ਉਹ ਕਾਂਗਰਸ ਵਿਚ ਚਲੇ ਗਏ। ਜੋਤੀਰਾਦਿੱਤਿਆ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ



ਕਮਲਨਾਥ ਸਰਕਾਰ ਦੀ ਉਲਟੀ ਗਿਣਤੀ ਤੇਜ਼ ਹੋ ਗਈ ਹੈ। ਜੋਤੀਰਾਦਿੱਤਿਆ ਸਮਰਥਕ 22 ਵਿਧਾਇਕ ਬੈਂਗਲੁਰੂ ਵਿਚ ਡੇਰਾ ਲਾਉਣ ਤੋਂ ਬਾਅਦ ਭੋਪਾਲ ਪਰਤ ਕੇ ਵਿਧਾਨ ਸਭਾ ਦੇ ਸਪੀਕਰ ਨੂੰ ਅਸਤੀਫ਼ੇ ਸੌਂਪਣਗੇ। ਮੱਧ ਪ੍ਰਦੇਸ਼ ਦਾ ਘਟਨਾਚੱਕਰ ਕਰਨਾਟਕ ਦੀ ਯਾਦ ਦਿਵਾ ਰਿਹਾ ਹੈ। ਹਾਲਾਂਕਿ ਕਮਲਨਾਥ ਆਪਣੀ ਸਰਕਾਰ ਸੁਰੱਖਿਅਤ ਹੋਣ ਦਾ ਦਾਅਵਾ ਕਰ ਰਹੇ ਹਨ ਪਰ ਉਨ੍ਹਾਂ ਦੇ ਦਾਅਵੇ ਵਿਚ ਦਮ ਨਹੀਂ ਦਿਖਾਈ ਦਿੰਦਾ। ਉਂਜ, ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਭਾਜਪਾ ਵੀ ਆਪਣੇ ਵਿਧਾਇਕਾਂ ਨੂੰ ਕਾਂਗਰਸ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਸ ਦੇ ਵਿਧਾਇਕਾਂ ਨੇ ਜਿਸ ਤਰ੍ਹਾਂ ਗੁਰੂਗ੍ਰਾਮ ਵਿਚ ਡੇਰਾ ਲਾਇਆ ਹੈ, ਉਸ ਤੋਂ ਤਾਂ ਇਹੀ ਲੱਗਦਾ ਹੈ ਕਿ ਭਾਜਪਾ ਨੂੰ ਇਹ ਖ਼ਤਰਾ ਹੈ ਕਿ ਕਿਤੇ ਕਾਂਗਰਸ ਉਸ ਦੇ ਵਿਧਾਇਕਾਂ ਨੂੰ ਤੋੜ ਨਾ ਲਵੇ। ਇਹ ਭਾਰਤੀ ਰਾਜਨੀਤੀ ਦਾ ਇਕ ਸਿਆਹ ਪੱਖ ਹੈ ਕਿ ਵਿਧਾਇਕ ਹੋਣ ਜਾਂ ਸੰਸਦ ਮੈਂਬਰ, ਉਹ ਮੌਕਾ ਮਿਲਦੇ ਹੀ ਆਪਣੀ ਵਿਚਾਰਧਾਰਾ ਨੂੰ ਇਕ ਝਟਕੇ ਵਿਚ ਤਿਆਗ ਦਿੰਦੇ ਹਨ ਅਤੇ ਅਕਸਰ ਧੁਰ ਵਿਰੋਧੀ ਪਾਰਟੀ ਵਿਚ ਸ਼ਾਮਲ ਹੋ ਜਾਂਦੇ ਹਨ।

ਫ਼ਿਲਹਾਲ ਸਪਸ਼ਟ ਨਹੀਂ ਕਿ ਮੱਧ ਪ੍ਰਦੇਸ਼ ਵਿਚ ਸਿਆਸੀ ਅਸਥਿਰਤਾ ਦੇ ਦੌਰ ਨੂੰ ਕਦੋਂ ਅਤੇ ਕਿਵੇਂ ਠੱਲ੍ਹ ਪਵੇਗੀ ਪਰ ਇਹ ਪਹਿਲੀ ਵਾਰ ਨਹੀਂ ਜਦ ਕੋਈ ਸਰਕਾਰ ਆਪਣੇ ਹੀ ਨੇਤਾਵਾਂ ਦੀ ਬਗਾਵਤ ਕਾਰਨ ਅਸਥਿਰ ਹੋ ਗਈ ਹੋਵੇ। ਸ਼ਾਇਦ ਇਹ ਸਿਲਸਿਲਾ ਰੁਕਣ ਵਾਲਾ ਨਹੀਂ, ਫਿਰ ਵੀ ਇਸ ’ਤੇ ਤਾਂ ਬਹਿਸ ਹੋਣੀ ਹੀ ਚਾਹੀਦੀ ਹੈ ਕਿ ਕੀ ਸਾਡੇ ਨੇਤਾ ਬਿਨਾਂ ਕਿਸੇ ਅਹੁਦੇ ਦੇ ਲੋਕਾਂ ਦੀ ਸੇਵਾ ਨਹੀਂ ਕਰ ਸਕਦੇ? ਭਾਜਪਾ ਵਿਚ ਸ਼ਾਮਲ ਹੁੰਦੇ ਹੀ ਜੋਤੀਰਾਦਿੱਤਿਆ ਸਿੰਧੀਆ ਨੂੰ ਜਿਸ ਤਰ੍ਹਾਂ ਰਾਜ ਸਭਾ ਦੀ ਸੀਟ ਮਿਲ ਗਈ, ਉਸ ਤੋਂ ਇਹ ਸਵਾਲ ਖੜ੍ਹਾ ਹੋਇਆ ਹੈ ਕਿ ਕੀ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਇਸ ਤਰ੍ਹਾਂ ਮਹੱਤਵ ਦੇਣ ਕਾਰਨ ਉਸ ਦੇ ਆਪਣੇ ਨੇਤਾ ਅਣਦੇਖੀ ਦੇ ਭਾਵ ਤੋਂ ਗ੍ਰਸਤ ਨਹੀਂ ਹੋਣਗੇ? ਕਿਉਂਕਿ ਫ਼ਿਲਹਾਲ ਭਾਜਪਾ ਦਾ ਹੱਥ ’ਤੇ ਹੈ, ਇਸ ਲਈ ਉਸ ਦੇ ਨੇਤਾਵਾਂ ਦੇ ਪਾਰਟੀ ਛੱਡਣ ਦੇ ਆਸਾਰ ਘੱਟ ਹਨ ਅਤੇ ਇਹ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਉਸ ਦੇ ਜਿਹੜੇ ਨੇਤਾਵਾਂ ਨੇ ਪਾਰਟੀ ਛੱਡ ਕੇ ਕਾਂਗਰਸ ਦੀ ਰਾਹ ਫੜੀ ਜਿਵੇਂ ਕਿ ਸ਼ਤਰੂਘਨ ਸਿਨਹਾ, ਨਵਜੋਤ ਸਿੰਘ ਸਿੱਧੂ, ਕੀਰਤੀ ਆਜ਼ਾਦ, ਉਹ ਉੱਥੇ ਆਪਣੀ ਜ਼ਮੀਨ ਮਜ਼ਬੂਤ ਨਹੀਂ ਕਰ ਸਕੇ ਹਨ। ਇਸ ਦੇ ਬਾਵਜੂਦ ਜਦ ਆਪਣੀ ਵਿਚਾਰਧਾਰਾ ’ਤੇ ਖ਼ਾਸ ਜ਼ੋਰ ਦੇਣ ਵਾਲੀ ਭਾਜਪਾ ਆਪਣੇ ਮੈਂਬਰਾਂ ਦੀ ਗਿਣਤੀ ਵਧਾਉਣ ਵਿਚ ਲੱਗੀ ਹੋਈ ਹੈ, ਉਦੋਂ ਉਸ ਨੂੰ ਇਹ ਦੇਖਣਾ ਹੋਵੇਗਾ ਕਿ ਉਸ ਦੇ ਆਪਣੇ ਨੇਤਾ ਖ਼ੁਦ ਨੂੰ ਅਣਦੇਖੀ ਦਾ ਸ਼ਿਕਾਰ ਮਹਿਸੂਸ ਨਾ ਕਰਨ ਅਤੇ ਉਹ ਇਸ ਇਲਜ਼ਾਮ ਤੋਂ ਬਚੀ ਰਹੇ ਕਿ ਉਹ ਸੱਤਾ ਲਈ ਹਰ ਤਰ੍ਹਾਂ ਦੇ ਸਮਝੌਤੇ ਕਰ ਰਹੀ ਹੈ।

ਰਾਹੁਲ ਗਾਂਧੀ ਦੀ ਮੰਨੀਏ ਤਾਂ ਜੋਤੀਰਾਦਿੱਤਿਆ ਸਿੰਧੀਆ ਆਪਣੀ ਵਿਚਾਰਧਾਰਾ ਜੇਬ ਵਿਚ ਰੱਖ ਕੇ ਭਾਜਪਾ ਵਿਚ ਚਲੇ ਗਏ ਹਨ ਅਤੇ ਉੱਥੇ ਉਨ੍ਹਾਂ ਨੂੰ ਆਦਰ-ਸਤਿਕਾਰ ਨਹੀਂ ਮਿਲ ਸਕੇਗਾ। ਇਹ ਵਕਤ ਹੀ ਦੱਸੇਗਾ ਕਿ ਜੋਤੀਰਾਦਿੱਤਿਆ ਸਿੰਧੀਆ ਭਾਜਪਾ ਨਾਲ ਕਿਸ ਤਰ੍ਹਾਂ ਤਾਲਮੇਲ ਕਾਇਮ ਕਰਨਗੇ ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਖ਼ੁਦ ਕਾਂਗਰਸ ਆਪਣੀ ਵਿਚਾਰਧਾਰਾ-ਆਪਣੀਆਂ ਨੀਤੀਆਂ ਨੂੰ ਲੈ ਕੇ ਵੀ ਭਰਮ-ਭੁਲੇਖੇ ਵਿਚ ਹੈ ਅਤੇ ਲੀਡਰਸ਼ਿਪ ਦੇ ਸਵਾਲ ਨੂੰ ਲੈ ਕੇ ਵੀ। ਰਾਹੁਲ ਗਾਂਧੀ ਨੂੰ ਪ੍ਰਧਾਨ ਦਾ ਅਹੁਦੇ ਛੱਡੇ ਨੂੰ ਅੱਠ ਮਹੀਨੇ ਗੁਜ਼ਰ ਚੁੱਕੇ ਹਨ ਪਰ ਕਾਂਗਰਸ ਦੇ ਨਵੇਂ ਪ੍ਰਧਾਨ ਦਾ ਕੋਈ ਥਹੁ-ਪਤਾ ਨਹੀਂ। ਰਾਹੁਲ ਗਾਂਧੀ ਦੇ ਮੀਤ ਪ੍ਰਧਾਨ ਅਤੇ ਪ੍ਰਧਾਨ ਰਹਿੰਦੇ ਸਮੇਂ ਕਾਂਗਰਸ ਦਾ ਗ੍ਰਾਫ ਲਗਾਤਾਰ ਹੇਠਾਂ ਹੀ ਡਿੱਗਿਆ ਹੈ। ਇਹ ਪਰਿਵਾਰਵਾਦ ਦਾ ਸਿਖ਼ਰ ਹੀ ਹੈ ਕਿ ਗਾਂਧੀ ਪਰਿਵਾਰ ਪਾਰਟੀ ਨੂੰ ਆਪਣੇ ਅਧਿਕਾਰ ਹੇਠ ਰੱਖਣ ਲਈ ਉਤਾਰੂ ਹੈ। ਗਾਂਧੀ ਪਰਿਵਾਰ ਵੱਲੋਂ ਕਾਂਗਰਸ ਨੂੰ ਆਪਣੀ ਨਿੱਜੀ ਜਾਗੀਰ ਦੀ ਤਰ੍ਹਾਂ ਸੰਚਾਲਿਤ ਕਰਨ ਸਦਕਾ ਹੀ ਬੀਤੇ ਕੁਝ ਸਮੇਂ ਵਿਚ ਕਈ ਨੇਤਾਵਾਂ ਨੇ ਪਾਰਟੀ ਛੱਡੀ ਹੈ। ਇਨ੍ਹਾਂ ਵਿਚ ਅਸਾਮ ਦਾ ਸਿਰਕੱਢ ਨੇਤਾ ਹੇਮੰਤ ਵਿਸ਼ਵ ਸਰਮਾ ਵੀ ਹੈ। ਉਸ ਦੀ ਵੀ ਇਹ ਸ਼ਿਕਾਇਤ ਸੀ ਕਿ ਰਾਹੁਲ ਗਾਂਧੀ ਮੇਰੀ ਗੱਲ ਸਣਨ ਲਈ ਤਿਆਰ ਨਹੀਂ ਸਨ। ਰਾਹੁਲ ਨੇ ਇਹ ਤਾਂ ਮੰਨਿਆ ਕਿ ਜੋਤੀਰਾਦਿੱਤਿਆ ਸਿੰਧੀਆ ਨੂੰ ਕਾਂਗਰਸ ਵਿਚ ਆਪਣਾ ਭਵਿੱਖ ਨਹੀਂ ਦਿਸ ਰਿਹਾ ਸੀ ਪਰ ਇਹ ਨਹੀਂ ਦੱਸਿਆ ਕਿ ਅਜਿਹਾ ਕਿਉਂ ਸੀ?

ਬਿਨਾਂ ਪ੍ਰਧਾਨ ਦਾ ਅਹੁਦਾ ਸੰਭਾਲੇ ਪਾਰਟੀ ਨੂੰ ਚਲਾ ਰਹੇ ਰਾਹੁਲ ਗਾਂਧੀ ਨੂੰ ਇਹ ਦੱਸਣਾ ਚਾਹੀਦਾ ਸੀ ਕਿ ਜੋਤੀਰਾਦਿੱਤਿਆ ਵਰਗੇ ਨੇਤਾ ਨੂੰ ਕਾਂਗਰਸ ਵਿਚ ਆਪਣਾ ਭਵਿੱਖ ਬਿਹਤਰ ਕਿਉਂ ਨਹੀਂ ਦਿਖਾਈ ਦਿੱਤਾ? ਜੋ ਨੇਤਾ ਕਾਂਗਰਸ ਛੱਡ ਕੇ ਜਾ ਰਹੇ ਹਨ, ਉਹ ਇਹੀ ਕਹਿ ਰਹੇ ਹਨ ਕਿ ਗਾਂਧੀ ਪਰਿਵਾਰ ਵਕਤ ਰਹਿੰਦਿਆਂ ਦਰੁਸਤ ਫ਼ੈਸਲਾ ਲੈਣ ਵਿਚ ਅਸਫਲ ਰਹਿੰਦਾ ਹੈ। ਇਹ ਦਿਖਾਈ ਵੀ ਦੇ ਰਿਹਾ ਹੈ। ਕਾਂਗਰਸ ਦੇ ਬਜ਼ੁਰਗ ਨੇਤਾ ਤਾਂ ਆਪਣੇ ਅਹੁਦਿਆਂ ’ਤੇ ਕਬਜ਼ਾ ਕਰੀ ਬੈਠੇ ਹਨ ਜਦਕਿ ਨੌਜਵਾਨ ਨੇਤਾ ਨਾਰਾਜ਼ ਹਨ ਅਤੇ ਦੁਖੀ ਵੀ। ਇਸੇ ਲਈ ਉਹ ਪਾਰਟੀ ਛੱਡ ਕੇ ਜਾ ਰਹੇ ਹਨ। ਇਸ ਤਰ੍ਹਾਂ ਤਾਂ ਕਾਂਗਰਸ ਦਿਨ-ਬਦਿਨ ਕਮਜ਼ੋਰ ਹੁੰਦੀ ਜਾਵੇਗੀ।

# ਸਟੱਡੀ ਵੀਜ਼ਾ, ਵਿਦਿਆਰਥੀ ਤੇ ਸਮੱਸਿਆਵਾਂ

ਮਲਵਿੰਦਰ



ਪਿਛਲੇ ਦੋ ਸਾਲਾਂ ਦੌਰਾਨ ਦੋ ਵਾਰ ਬਰੈਂਪਟਨ (ਕੈਨੇਡਾ) ਜਾਣ ਦਾ ਸਬੱਬ ਬਣਿਆ। ਉੱਥੋਂ ਦਾ ਸਿਸਟਮ, ਬਹੁ-ਕੌਮੀ ਸੱਭਿਆਚਾਰ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਭਰਮਾਰ, ਪੰਜਾਬੀ ਭਾਈਚਾਰੇ ਦੀਆਂ ਮਾਨਸਿਕ ਉਲਝਣਾਂ, ਸੀਨੀਅਰ ਸਿਟੀਜ਼ਨਜ਼ ਦੇ ਆਹਰ ਤੇ ਸਮੱਸਿਆਵਾਂ ਸਮੇਤ ਅਨੇਕਾਂ ਰੰਗਾਂ ਨੂੰ ਨੇੜਿਓਂ ਵੇਖਣ-ਪਰਖਣ ਦਾ ਮੌਕਾ ਮਿਲਿਆ। ਪੰਜਾਬ ਤੋਂ ਗਏ ਵਿਦਿਆਰਥੀਆਂ ਦੇ ਸੰਘਰਸ਼ ਨੇ ਜਿੱਥੇ ਪ੍ਰਭਾਵਿਤ ਕੀਤਾ ਓਥੇ ਹੀ ਉਨ੍ਹਾਂ ਪ੍ਰਤੀ ਲੋਕਾਂ ਦੇ ਗਿਲੇ-ਸ਼ਿਕਵੇ ਵੀ ਸੁਣਨ ਨੂੰ ਮਿਲੇ। ਕੈਨੇਡਾ ਇਕ ਖ਼ੂਬਸੂਰਤ ਦੇਸ਼ ਹੈ ਜਿਸ ਬਾਰੇ ਲੋਕਾਂ ਦਾ ਕਹਿਣਾ ਹੈ ਕਿ ਇੱਥੇ ਕਾਨੂੰਨ ਦਾ ਰਾਜ ਹੈ। ਇਹ ਦੇਸ਼ ਪਰਵਾਸ ਕਰ ਕੇ ਆਏ ਲੋਕਾਂ ਖ਼ਾਸ ਤੌਰ ’ਤੇ ਵਿਦਿਆਰਥੀਆਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਦੇ ਬਹੁਤ ਸਾਰੇ ਮੌਕੇ ਦਿੰਦਾ ਹੈ। ਵਿਦਿਆਰਥੀਆਂ ਲਈ ਵੀ ਮੋਢੇ ’ਤੇ ਬੈਗ ਲਟਕਾ ਕੇ ਮਾਪਿਆਂ ਤੋਂ ਦੂਰ ਬੇਗਾਨੇ ਮੁਲਕ ਵਿਚ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਸੌਖਾ ਕਾਰਜ ਨਹੀਂ ਹੈ। ਆਪਣੇ ਚੰਗੇਰੇ ਭਵਿੱਖ ਲਈ ਘਰ-ਬਾਰ ਤਿਆਗ ਕੇ ਅਨਜਾਣ ਲੋਕਾਂ, ਦੋਸਤਾਂ ਨਾਲ ਰਹਿਣਾ ਤੇ ਸੰਘਰਸ਼ ਕਰਨਾ ਸੁਖਾਲਾ ਪੰਧ ਨਹੀਂ ਹੁੰਦਾ। ਇਨ੍ਹਾਂ ਬੱਚਿਆਂ ਨੂੰ ਹੱਲਾਸ਼ੇਰੀ ਦੇਣੀ ਬਣਦੀ ਹੈ। ਬਰੈਂਪਟਨ ਅਤੇ ਨੇੜਲੇ ਹੋਰ ਇਲਾਕਿਆਂ ਵਿਚ ਰਹਿਣ ਵਾਲੇ ਵਿਦਿਆਰਥੀਆਂ ਦੇ ਜੀਵਨ ਨਿਰਬਾਹ ਨੂੰ ਮਾਪਿਆਂ ਦੀ ਨਿਗ੍ਹਾ ਨਾਲ ਵੇਖਦਿਆਂ ਕੁਝ ਫ਼ਿਕਰ ਜ਼ਰੂਰ ਹੁੰਦੇ ਹਨ। ਇਹ ਫ਼ਿਕਰ ਬੱਚਿਆਂ ਨਾਲ, ਮਾਪਿਆਂ ਨਾਲ ਅਤੇ ਬਾਕੀ ਸਮਾਜ ਨਾਲ ਸਾਂਝੇ ਕਰਨੇ ਬਣਦੇ ਹਨ। ਕੈਨੇਡਾ ਦੀ ਇਹ ਧਰਤੀ ਖੁੱਲ੍ਹੇ ਦਿਲ ਨਾਲ ਤੁਹਾਡਾ ਸਵਾਗਤ ਕਰਦੀ ਹੈ। ਇਸ ਦੇ ਅਰਥ ਇਹ ਨਹੀਂ ਕਿ ਅਸੀਂ ਇਨ੍ਹਾਂ ਦੀ ਦਿਆਨਤਦਾਰੀ ਦਾ ਨਾਜਾਇਜ਼ ਫ਼ਾਇਦਾ ਚੁੱਕੀਏ ਅਤੇ ਆਪਣੀਆਂ ਹਰਕਤਾਂ ਨਾਲ ਇੱਥੋਂ ਦੇ ਵਸਨੀਕਾਂ ਨੂੰ ਪਰੇਸ਼ਾਨ ਕਰੀਏ। ਜਦੋਂ ਮੈਂ ਵਸਨੀਕਾਂ ਦੀ ਗੱਲ ਕਰਦਾ ਹਾਂ ਤਾਂ ਉਨ੍ਹਾਂ ’ਚ ਪੰਜਾਬ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਗਏ ਆਪਣੇ ਭਾਈਚਾਰੇ ਦੇ ਲੋਕ ਵੀ ਸ਼ਾਮਲ ਹਨ ਅਤੇ ਹੋਰ ਮੁਲਕਾਂ ਦੇ ਲੋਕ ਵੀ। ਕਿਉਂਕਿ ਇਹ ਮਲਟੀ-ਕਲਚਰਡ ਸਮਾਜ ਵਾਲਾ ਦੇਸ਼ ਹੈ, ਇੱਥੇ ਹਰ ਕੋਈ ਆਪਣੀ ਜ਼ਿੰਦਗੀ ਦਾ ਪੂਰਾ ਆਨੰਦ ਮਾਣ ਰਿਹਾ ਹੈ। ਕੋਈ ਦੂਜਾ ਕਿਸੇ ਦੀ ਜ਼ਿੰਦਗੀ ’ਚ ਦਖ਼ਲ ਨਹੀਂ ਦਿੰਦਾ। ਵਿਦਿਆਰਥੀਆਂ ਨੂੰ ਇਹ ਗੱਲ ਭਲੀਭਾਂਤ ਸਮਝ ਲੈਣੀ ਚਾਹੀਦੀ ਹੈ। ਕੁਝ ਗੱਲਾਂ ਹਨ ਛੋਟੀਆਂ ਤੇ ਸਾਧਾਰਨ ਜਿਨ੍ਹਾਂ ਨੂੰ ਮੰਨ ਕੇ, ਭਵਿੱਖ ਵਿਚ ਇਹ ਸਭ ਨਾ ਕਰਨ ਦਾ ਪ੍ਰਣ ਕਰ ਕੇ ਤੁਸੀਂ ਆਪਣੀ ਤੇ ਹੋਰਾਂ ਦੀ ਜ਼ਿੰਦਗੀ ਨੂੰ ਸੁਖਾਵਾਂ ਬਣਾ ਸਕਦੇ ਹੋ। ਪਹਿਲੀ ਗੱਲ, ਇੱਥੇ ਪਹੁੰਚਣ ਤੋਂ ਤੁਰੰਤ ਬਾਅਦ ਕਾਰ ਖ਼ਰੀਦਣ ਦੀ ਲੋੜ ਨਹੀਂ। ਮਾਪਿਆਂ ਨੇ ਪਹਿਲਾਂ ਹੀ ਤੁਹਾਨੂੰ ਮੋਟੀਆਂ ਰਕਮਾਂ ਖ਼ਰਚ ਕੇ ਭੇਜਿਆ ਹੁੰਦਾ ਹੈ। ਸਾਲ-ਦੋ ਸਾਲ ਪਬਲਿਕ ਟਰਾਂਸਪੋਰਟ ਨਾਲ ਸਾਰਿਆ ਜਾ ਸਕਦਾ ਹੈ। ਬੱਸ ਸਰਵਿਸ ਬਹੁਤ ਵਧੀਆ ਹੈ। ਰਿਹਾਇਸ਼ ਅਤੇ ਕੰਮ ਵਾਲੀ ਥਾਂ ਦੇ ਹਿਸਾਬ ਨਾਲ ਟਰੇਨ ਦਾ ਸਫ਼ਰ ਵੀ ਬੜਾ ਸੁਖਾਵਾਂ ਅਤੇ ਦਿਲਚਸਪ ਹੈ। ਜੇਕਰ ਤੁਸੀਂ ਕਾਰ ਖ਼ਰੀਦਣੀ ਹੀ ਹੈ ਤਾਂ ਘੱਟੋ-ਘੱਟ ਮਹਿੰਗੀਆਂ ਕਾਰਾਂ ਫੋਰਡ, ਜੀਪ ਆਦਿ ਨਾ ਖ਼ਰੀਦੋ। ਘੱਟ ਮਹਿੰਗੀਆਂ ਬਹੁਤ ਵਧੀਆ ਕਾਰਾਂ ਵੀ ਮਿਲਦੀਆਂ ਹਨ। ਇੱਥੇ ਖੁੱਲ੍ਹੀਆਂ ਸੜਕਾਂ ਹਨ, ਲੰਬੇ ਹਾਈਵੇ ਹਨ। ਤੁਸੀਂ ਜਵਾਨੀ ਦੇ ਜੋਸ਼ ਵਿਚ ਕਾਰ ਦੀ ਸਪੀਡ ਦਾ ਲੁਤਫ ਲੈਣ ਲੱਗਦੇ ਹੋ। ਬੜੇ ਦੁਖਦਾਈ ਹਾਦਸੇ ਵਾਪਰਦੇ ਹਨ। ਸਮਝਦਾਰ ਹੋਣ ਦੀ ਲੋੜ ਹੈ। ਮੈਂ ਇੱਥੇ ਕਾਰਾਂ ਦੀਆਂ ਅਜੀਬੋ-ਗ਼ਰੀਬ ਨੰਬਰ ਪਲੇਟਾਂ ਵੇਖੀਆਂ ਹਨ ਜਿਨ੍ਹਾਂ ’ਤੇ ਬਲੈਕੀਆ, ਦਬਕਾ, ਬੰਦੂਕ, ਚੋਬਰ ਵਰਗੇ ਹਾਸੋਹੀਣੇ ਸ਼ਬਦ ਪੜ੍ਹਨ ਨੂੰ ਮਿਲਦੇ ਹਨ। ਅਜਿਹੀ ਨੰਬਰ ਪਲੇਟ ਲੈਣ ਲਈ ਤਿੰਨ ਸੌ ਡਾਲਰ ਲੱਗਦੇ ਹਨ ਜੋ ਸਾਡੀ ਜੇਬ ਅਤੇ ਸੋਚ ਦੋਹਾਂ ਦਾ ਹੀ ਦੀਵਾਲਾ ਕੱਢਦੀ ਹੈ। ਉੱਚੀ ਆਵਾਜ਼ ਵਿਚ ਪੰਜਾਬੀ ਗਾਣੇ ਲਾ ਕੇ ਲੋਕਾਂ ਦੀਆਂ ਨੀਂਦਾਂ ਵਿਚ ਖ਼ਲਲ ਪਾਉਣਾ, ਉਨ੍ਹਾਂ ਦੀ ਸ਼ਾਂਤੀ ਭੰਗ ਕਰਨੀ ਇਕ ਹੋਰ ਨਾਂਹ-ਪੱਖੀ ਵਰਤਾਰਾ ਹੈ। ਕਿਰਤ ਕਰਦੇ ਲੋਕਾਂ ਕੋਲ ਰਾਤਾਂ ਨੂੰ ਜਾਗ ਕੇ ਸੜਕਾਂ ’ਤੇ ਭੰਗੜਾ ਪਾਉਣ ਦੀ ਵਿਹਲ ਨਹੀਂ ਹੁੰਦੀ। ਰੌਲਾ ਜਸ਼ਨ ਨਹੀਂ ਹੁੰਦਾ। ਗੈਂਗਸਟਰ, ਨਸ਼ੇ, ਹਿੰਸਾ ਦਾ ਪ੍ਰਚਾਰ ਕਰਦੇ ਗੀਤ ਸਾਡਾ ਸੱਭਿਆਚਾਰ ਨਹੀਂ ਹਨ। ਘਰੋਂ ਬਾਹਰ ਜਾਈਏ ਤਾਂ ਸੂਹਜ ਤੇ ਸਹਿਜ ਨਾਲ ਲੈ ਕੇ ਜਾਈਦਾ ਹੈ। ਮੁੰਡੀਰ ਦਾ ਵਿਵਹਾਰ ਮੁਸ਼ਕਲਾਂ ਤਾਂ ਪੈਦਾ ਕਰ ਸਕਦਾ ਹੈ, ਚੰਗੇਰੇ ਭਵਿੱਖ ਲਈ ਕੋਈ ਯੋਗਦਾਨ ਪਾਵੇ, ਇਹ ਸੰਭਵ ਨਹੀਂ ਲੱਗਦਾ। ਸਿਨੇਮਾ ਹਾਲ ਵਿਚ ਕੋਈ ਫਿਲਮ ਵੇਖਦਿਆਂ ਮੋਬਾਈਲ ’ਤੇ ਉੱਚੀ-ਉੱਚੀ ਗੱਲਾਂ ਕਰਨੀਆਂ, ਇਕ-ਦੂਜੇ ਨੂੰ ਆਵਾਜ਼ਾਂ ਮਾਰਨੀਆਂ ਆਪਣੀ ਹੋਂਦ ਨੂੰ ਦਰਸਾਉਣ ਦਾ ਸੱਭਿਅਕ ਤਰੀਕਾ ਨਹੀਂ ਹੈ। ਤੁਹਾਡੇ ਖੱਬੇ-ਸੱਜੇ, ਉਪਰ-ਥੱਲੇ ਵੀ ਲੋਕ ਬੈਠੇ ਹਨ। ਉਨ੍ਹਾਂ ਦੀ ਹੋਂਦ ਨੂੰ ਵਿਸਾਰਨਾ ਨਹੀਂ ਚਾਹੀਦਾ। ਇੱਥੇ ਰਹਿਣ ਲਈ ਇੱਥੋਂ ਦੇ ਜੀਵਨ ਢੰਗ ਨੂੰ ਅਪਨਾਉਣਾ ਬਹੁਤ ਜ਼ਰੂਰੀ ਹੈ। ਬਿਨਾਂ ਵਜ੍ਹਾ ਕਿਸੇ ਨੂੰ ਟਿਕਟਿਕੀ ਲਾ ਕੇ ਵੇਖਣਾ ਜਿਵੇਂ ਖਾ ਜਾਣਾ ਹੋਵੇ, ਸ਼ੋਭਾ ਨਹੀਂ ਦਿੰਦਾ। ਇਹ ਤਰਸਯੋਗ ਵਿਵਹਾਰ ਹੁੰਦਾ ਹੈ ਜਾਂ ਕਹਿ ਲਓ ਕਿ ਕਿਸੇ ਦੇ ਸਹਿਜ ’ਚ ਖ਼ਲਲ ਪੈਦਾ ਕਰਨ ਵਾਲਾ ਵਤੀਰਾ ਹੁੰਦਾ ਹੈ। ਭੜਕੀਲਾ ਪਹਿਰਾਵਾ ਇਕ ਹੋਰ ਗ਼ਰੀਬ ਮਾਨਸਿਕਤਾ ਦੀ ਨਿਸ਼ਾਨੀ ਹੈ। ਕੈਂਚੀ ਚੱਪਲਾਂ ਪਾ ਕੇ ਸੜਕਾਂ ’ਤੇ ਨਿਕਲਣਾ ਨਾ ਸਿਹਤਮੰਦ ਹੈ ਅਤੇ ਨਾ ਹੀ ਸਲੀਕਾ। ਮੌਸਮ ਦੇ ਹਿਸਾਬ ਨਾਲ ਬੂਟ ਪਹਿਨਣੇ ਚਾਹੀਦੇ ਹਨ। ਬਰਫ਼ ਨਾਲ ਢੱਕੀਆਂ ਸੜਕਾਂ ਦਾ ਕੈਂਚੀ ਚੱਪਲ ਨਾਲ ਕੋਈ ਰਿਸ਼ਤਾ ਨਹੀਂ ਬਣਦਾ। ਬਾਕੀ ਤੁਸੀਂ ਸਿਆਣੇ ਹੋ। ਆਪਣੀ ਮਾਂ-ਬੋਲੀ ਨੂੰ ਅਪਮਾਨਜਨਕ ਭਾਸ਼ਾ ਨਹੀਂ ਬਣਾਉਣਾ ਚਾਹੀਦਾ। ਸਾਡੀ ਭਾਸ਼ਾ ਬੜੀ ਅਮੀਰ ਭਾਸ਼ਾ ਹੈ। ਇਸ ਦੀ ਮਿਠਾਸ ਵਿਚ ਕੁੜੱਤਣ ਭਰਨ ਦੀ ਬੇਹੂਦਾ ਕੋਸ਼ਿਸ਼ ਸਾਡੇ ਭਾਈਚਾਰੇ ਨੂੰ ਸ਼ਰਮਸਾਰ ਕਰਦੀ ਹੈ। ਸ਼ਰਮਸਾਰ ਤਾਂ ਇਹ ਵੀ ਕਰਦਾ ਹੈ ਜਦੋਂ ਤੁਸੀਂ ਧੜੇ ਬਣਾ ਕੇ ਆਪੋ ਵਿਚ ਲੜਦੇ ਹੋ। ਹੱਲਾ-ਗੁੱਲਾ ਕਰਨਾ, ਇਕ-ਦੂਜੇ ਨੂੰ ਸੱਟਾਂ ਲਾਉਣੀਆਂ, ਲਾਠੀਆਂ ਤੇ ਪੱਥਰਾਂ ਦੀ ਵਰਤੋਂ ਕਰਨੀ, ਜਿਮ ’ਚ ਜਾ ਕੇ ਆਪਣੀਆਂ ਬੇਤਰਤੀਬੀਆਂ ਦਾ ਪ੍ਰਦਰਸ਼ਨ ਕਰਨਾ, ਅਨੁਸ਼ਾਸਨਹੀਣਤਾ ਫੈਲਾਉਣੀ ਅਤੇ ਹੋਰ ਅਜਿਹਾ ਬਹੁਤ ਕੁਝ ਹੈ ਸਾਨੂੰ ਸ਼ਰਮਸਾਰ ਕਰਨ ਜਾਂ ਹੋਣ ਲਈ। ਦਿਖਾਵੇ ਦਾ ਸੱਭਿਆਚਾਰ ਜੇ ਅਸੀਂ ਪਿੱਛੇ ਪੰਜਾਬ ਵਿਚ ਹੀ ਛੱਡ ਜਾਈਏ ਤਾਂ ਬਹੁਤ ਚੰਗਾ ਰਹੇਗਾ। ਵਿਖਾਵਾ ਸਾਨੂੰ ਆਪਣੀ ਕਾਬਲੀਅਤ ਦਾ ਕਰਨਾ ਚਾਹੀਦਾ ਹੈ। ਆਪਣੀ ਚੰਗੀ ਸੋਚ ਅਤੇ ਸਾਊ ਵਿਵਹਾਰ ਦਾ ਕਰਨਾ ਚਾਹੀਦਾ ਹੈ। ਇੱਥੇ ਕੈਨੇਡਾ ਵਿਚ ਜੇਕਰ ਕਿਸੇ ਜਾਣੂ, ਰਿਸ਼ਤੇਦਾਰ ਜਾਂ ਦੋਸਤ ਨੇ ਮੁੱਢਲੇ ਦਿਨਾਂ ਵਿਚ ਤੁਹਾਡੀ ਮਦਦ ਕੀਤੀ ਹੈ, ਤੁਹਾਨੂੰ ਆਪਣੇ ਘਰ ਵਿਚ ਰਹਿਣ ਲਈ ਥਾਂ ਦਿੱਤੀ ਹੈ ਤਾਂ ਉਸ ਦਾ ਧੰਨਵਾਦ ਕਰਨਾ ਨਹੀਂ ਭੁੱਲਣਾ ਚਾਹੀਦਾ। ਧੰਨਵਾਦ ਤਾਂ ਸਾਨੂੰ ਹਰ ਉਸ ਛਿਣ ਦਾ ਕਰਨਾ ਚਾਹੀਦਾ ਹੈ ਜਿਹੜਾ ਸਾਡੇ ਲਈ ਮਦਦਗਾਰ ਸਾਬਤ ਹੋਇਆ ਹੈ।

ਇੱਥੇ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਪੜ੍ਹਨ ਆਏ ਬਹੁਤ ਸਾਰੇ ਵਿਦਿਆਰਥੀ ਬੜੀ ਮਿਹਨਤ ਕਰ ਰਹੇ ਹਨ। ਹਫ਼ਤੇ ਵਿਚ ਦੋ-ਦੋ, ਤਿੰਨ-ਤਿੰਨ ਜੌਬਾਂ ਵੀ ਕਰਦੇ ਹਨ, ਪੜ੍ਹਦੇ ਵੀ ਹਨ। ਆਪਣੀ ਪੜ੍ਹਾਈ ਦਾ ਖ਼ਰਚਾ ਵੀ ਕੱਢਦੇ ਹਨ ਅਤੇ ਚੰਗਾ ਗੁਜ਼ਾਰਾ ਵੀ ਕਰਦੇ ਹਨ। ਅਸੀਂ ਉਨ੍ਹਾਂ ਸਭ ਬੱਚਿਆਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਲਈ ਸਾਡੇ ਮਨਾਂ ’ਚ ਬਹੁਤ ਸਾਰਾ ਪਿਆਰ ਹੈ। ਬਾਕੀਆਂ ਨੂੰ ਮਾਪਿਆਂ ਵਾਲੀ ਜਗ੍ਹਾ ’ਤੇ ਖਲੋ ਕੇ ਇਕ ਨਸੀਹਤ ਹੀ ਹੈ। ਗੱਲਾਂ ਛੋਟੀਆਂ-ਛੋਟੀਆਂ ਹੁੰਦੀਆਂ ਹਨ। ਇਕ ਬਦਲਵਾਂ ਵਿਵਹਾਰ ਅਪਨਾਉਣ ਦੀ ਲੋੜ ਹੈ। ਆਪਣੀਆਂ ਅੱਖਾਂ ’ਚ ਸਜਾਏ ਸੁਪਨਿਆਂ ਦਾ ਸਵਰਗ ਬੜੀ ਸਹਿਜਤਾ ਨਾਲ ਸਾਕਾਰ ਹੁੰਦਾ ਦਿਖਾਈ ਦੇਵੇਗਾ।




# ਖਾਣ ਲਈ ਜ਼ਰੂਰ ਵਰਤੋ ਇਹ 5 ਐਂਟੀ ਵਾਇਰਲ ਚੀਜ਼ਾਂ



ਕੋਰੋਨਾ ਵਾਇਰਸ ਕਾਰਨ ਪੂਰੀ ਦੁਨੀਆਂ ਵਿਚ ਮਰਨ ਵਾਲਿਆਂ ਦੀ ਗਿਣਤੀ 6500 ਪਾਰ ਕਰ ਗਈ ਹੈ। ਇਸ ਤੋਂ ਪ੍ਰਭਾਵਿਤ ਲੋਕਾਂ ਦਾ ਅੰਕੜਾ ਵੀ ਪੌਣੇ 2 ਲੱਖ ਦੇ ਨੇੜੇ ਪਹੁੰਚ ਗਿਆ ਹੈ। ਭਾਰਤ ਵਿਚ ਵੀ ਹੁਣ ਤਕ ਕੁੱਲ 120 ਲੋਕਾਂ ਵਿਚ ਕੋਰੋਨਾ ਵਾਇਰਸ ਪਾਇਆ ਗਿਆ ਹੈ, ਜਿਸ ਵਿਚ 93 ਭਾਰਤੀ ਅਤੇ 17 ਵਿਦੇਸ਼ੀ ਨਾਗਰਿਕ ਸ਼ਾਮਲ ਹਨ।

**ਅਫ਼ਵਾਹਾਂ ਤੋਂ ਕਿਵੇਂ ਬਚੀਏ**

ਫਿਲਹਾਲ ਕੋਰੋਨਾ ਵਾਇਰਸ ਦੇ ਰੋਕਥਾਮ ਅਤੇ ਇਲਾਜ ਲਈ ਕੋਈ ਅਜਿਹੀ ਦਵਾਈ ਜਾਂ ਵੈਕਸੀਨ ਤਿਆਰ ਨਹੀਂ ਹੋਈ। ਅੱਜ ਕੱਲ੍ਹ ਸੋਸ਼ਲ ਮੀਡੀਆ ’ਤੇ ਅਜਿਹੇ ਦਾਅਵੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਕਿਹਾ ਜਾ ਰਿਹਾ ਹੈ ਕਿ ਕੋਰੋਨਾ ਵਾਇਰਸ ਦਾ ਇਲਾਜ ਸੰਭਵ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ’ਤੇ ਧਿਆਨ ਨਾ ਦਿਓ। ਹੁਣ ਸਮਾਂ ਹੈ ਕਿ ਤੁਸੀਂ ਆਪਣੀ ਸਿਹਤ ਵੱਲ ਧਿਆਨ ਦਿਓ ਅਤੇ ਆਪਣੇ ਇਮਊਨ ਸਿਸਟਮ ਨੂੰ ਮਜਬੂਤ ਕਰੋ। ਅਜਿਹੇ ਵਿਚ ਅਸੀਂ ਤੁਹਾਨੂੰ ਕੁਝ ਐਂਟੀ ਵਾਇਰਲ ਫੂਡ ਬਾਰੇ ਦੱਸਾਂਗੇ ਜਿਨ੍ਹਾਂ ਦਾ ਸੇਵਨ ਕਰ ਤੁਸੀਂ ਆਪਣਾ ਇਮਊਨ ਸਿਸਟਮ ਮਜ਼ਬੂਤ ਕਰ ਸਕਦੇ ਹੋ।ਜਿਸ ਨਾਲ ਤੁਸੀਂ ਛੂਆ ਛੂਤ ਦੀਆਂ ਬਿਮਾਰੀਆਂ ਤੋਂ ਬਚ ਸਕਦੇ ਹੋ।

**ਲੱਸਣ**

ਇਸ ਵਿਚ ਏਲਿਸਿਨ ਪਾਇਆ ਜਾਂਦਾ ਹੈ, ਜਿਸ ਦੇ ਸੇਵਨ ਨਾਲ ਸਰੀਰ ਵਿਚ ਰੋਗਾਂ ਨਾਲ ਲੜਨ ਦੀ ਸਮੱਰਥਾ ਵੱਧਦੀ ਹੈ। ਤੁਸੀਂ ਲੱਸਣ ਦੀਆਂ ਦੋ ਕਲੀਆਂ ਰੋਜ਼ਾਨਾ ਗਰਮ ਪਾਣੀ ਨਾਲ ਲਓ। ਤੁਸੀਂ ਚਾਹੋ ਤਾਂ ਲੱਸਣ ਦੀ ਕਲੀ ਦਾ ਸੂਪ ਬਣਾ ਕੇ ਵੀ ਪੀ ਸਕਦੇ ਹੋ। ਇਸ ਦਾ ਸੇਵਨ ਕਰਨ ਨਾਲ ਤਮਾਮ ਤਰ੍ਹਾਂ ਦੇ ਵਾਇਰਲ ਇਨਫੈਕਸ਼ਨ ਤੋਂ ਬਚ ਸਕਦੇ ਹੋ।

**ਦਹੀਂ**

ਨੈਸ਼ਨਲ ਸੈਂਟਰ ਫਾਰ ਬਾਇਓਟੈਕਨਾਲੋਜੀ ਇਨਫਾਮੈਸ਼ਨ ਦੀ ਇਕ ਖੋਜ ਮੁਤਾਬਕ ਦਹੀਂ ਦੇ ਸੇਵਨ ਨਾਲ ਆਰਟੀਆਈਜ਼ ਦਾ ਪ੍ਰਭਾਵ ਘੱਟਣ ਲਗਦਾ ਹੈ। ਖਾਸ ਕਰਕੇ ਬੱਚਿਆਂ ਲਈ ਦਹੀਂ ਰਾਮਬਾਣ ਵਰਗੇ ਹਨ, ਜਿਨ੍ਹਾਂ ਦਾ ਇਮਊਨ ਸਿਸਟਮ ਬੇਹੱਦ ਕਮਜ਼ੋਰ ਹੁੰਦਾ ਹੈ। ਵੈਸੇ ਇਕ ਸਿਹਤਮੰਦ ਵਿਅਕਤੀ ਨੂੰ ਵੀ ਦਹੀਂ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਬਦਲਦੇ ਮੌਸਮ ਵਿਚ ਹੋਣ ਵਾਲੀਆਂ ਬਿਮਾਰੀਆਂ ਤੋਂ ਨਿਜਾਤ ਪਾਈ ਜਾ ਸਕਦੀ ਹੈ।

**ਮਸ਼ਰੂਮ**

ਸ਼ਿਟੇਕ ਮਸ਼ਰੂਮ, ਬੀਟਾ ਗਲੂਕਨਸ ਨਾਲ ਭਰਪੂਰ ਹੁੰਦਾ ਹੈ, ਇਸ ਨੂੰ ਐਂਟੀਵਾਇਰਲ ਅਤੇ ਐਂਟੀ ਬੈਕਟੀਰੀਅਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਨਾ ਸਿਰਫ ਤੁਹਾਡੇ ਇਮਊਨ ਸਿਸਟਮ ਨੂੰ ਮਜਬੂਤ ਕਰਦਾ ਹੈ ਬਲਕਿ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ। ਤੁਸੀਂ ਚਾਹੋ ਤਾਂ ਸ਼ਿਟੇਕ ਮਸ਼ਰੂਮ ਨੂੰ ਨਾਰੀਅਲ ਤੇਲ ਵਿਚ ਪਕਾ ਵੀ ਖਾ ਸਕਦੇ ਹੋ।

**ਦਾਲਚੀਨੀ**

ਇਹ ਖੁਸ਼ਬੂਦਾਰ ਮਸਾਲਾ ਨਾ ਸਿਰਫ ਤੁਹਾਡੇ ਜ਼ਾਇਕੇ ਦਾ ਸਵਾਦ ਵਧਾਉਂਦਾ ਹੈ ਬਲਕਿ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵੀ ਕਰਦਾ ਹੈ। ਨਾਲ ਹੀ ਸਰੀਰ ਨੂੰ ਵਾਇਰਲ ਇਨਫੈਕਸ਼ਨ ਤੋਂ ਵੀ ਬਚਾਉਂਦਾ ਹੈ। ਟੂਰੋ ਕਾਲਜ ਨਿਊਯਾਰਕ ਦੀ ਇਕ ਖੋਜ ਵਿਚ ਖੁਲਾਸਾ ਹੋਇਆ ਹੈ ਕਿ ਦਾਲਚੀਨੀ ਵਿਚ ਐਂਟੀਵਾਇਰਲ ਗੁਣ ਪਾਏ ਜਾਂਦੇ ਹਨ।

**ਕਿੰਝ ਕਰੀਏ ਸੇਵਨ**

ਇਸ ਲਈ ਤੁਸੀਂ ਦਾਲਚੀਨੀ ਦਾ ਇਕ ਟੁਕੜਾ ਪਾਣੀ ਵਿਚ ਪਾ ਕੇ ਰਾਤ ਭਰ ਲਈ ਭਿਓਂ ਦਿਓ। ਅਗਲੀ ਸਵੇਰ ਇਸ ਪਾਣੀ ਦਾ ਸੇਵਨ ਕਰੋ। ਇਸ ਦੇ ਨਾਲ ਹੀ ਤੁਸੀਂ ਇਕ ਚੁਟਕੀ ਦਾਲਚੀਨ ਨੂੰ ਚਾਹ ਜਾਂ ਕੌਫੀ ਵਿਚ ਪਾ ਕੇ ਵੀ ਸਵਾਦ ਵਧਾ ਸਕਦਾ ਹੈ ਅਤੇ ਦਾਲਚੀਨੀ ਦਾ ਲਗਾਤਾਰ ਸੇਵਨ ਕਰ ਸਕਦੇ ਹੋ।

**ਮੁਲੱਠੀ**

ਚੀਨ ਵਿਚ ਵੱਡੀ ਮਾਤਰਾ ਵਿਚ ਇਸ ਦਾ ਇਸਤੇਮਾਲ ਪ੍ਰਾਚੀਨ ਔਸ਼ਧੀ ਦੇ ਰੂਪ ਵਿਚ ਕੀਤਾ ਜਾਂਦਾ ਹੈ। ਐਨ ਸੀ ਬੀ ਆਈ ਮੁਤਾਬਕ ਮੁਲੱਠੀ ਦੀ ਵਰਤੋਂ ਇਸ ਦੀ ਐਂਟੀਵਾਇਰਲ ਐਂਟੀ ਮਾਇਕਰੋਬੀਅਲ, ਐਂਟੀ ਇੰਫਲਾਮੈਟਰੀ, ਐਂਟੀ ਟਿਊਮਰੀ ਗੁਣਾਂ ਕਾਰਨ ਕੀਤੀ ਜਾਂਦੀ ਹੈ।

# ਬੈਡ ਕਲੈਸਟ੍ਰੋਲ ਘਟਾਉਣ ਲਈ ਗੁੱਡ ਕਲੈਸਟ੍ਰੋਲ ਵਧਾਉਂਦਾ ਹੈ ਅਖਰੋਟ

ਅਖਰੋਟ ਪ੍ਰੋਟੀਨ, ਫਾਈਬਰ ਤੇ ਓਮੈਗਾ 3 ਦਾ ਬਿਹਤਰੀਨ ਸ੍ਰੋਤ ਹੈ। ਇਸ ਵਿਚ ਟ੍ਰਾਂਸਫੈਟਸ ਕਾਫ਼ੀ ਘੱਟ ਹੁੰਦੇ ਹਨ। ਬੈਡ ਕਲੈਸਟ੍ਰੋਲ ਨੂੰ ਘਟਾ ਕੇ ਗੁੱਡ ਕਲੈਸਟ੍ਰੋਲ ਵਧਾਉਂਦਾ ਹੈ। ਇਕ ਦਿਨ ਵਿਚ 5 ਅਖਰੋਟ ਖਾ ਸਕਦੇ ਹਨ। ਇਹ ਦਿਮਾਗ਼ ਲਈ ਵੀ ਕਾਫ਼ੀ ਫਾਇਦੇਮੰਦ ਹੁੰਦਾ ਹੈ। ਅਜਿਹੇ ਹੀ ਹੋਰ ਕਈ ਫਾਇਦੇ ਅੰਦਰ ਸਮੋਈ ਬੈਠਾ ਹੈ ਅਖਰੋਟ, ਜਾਣੋ ਇਸ ਦੇ ਬਾਰੇ...

1. ਕੇਲਾ, ਦਹੀਂ, ਅਖਰੋਟ ਤੇ ਸ਼ਹਿਦ ਨੂੰ ਬਲੈਂਡਰ ’ਚ ਪਾ ਕੇ ਪੀਸ ਲਓ। ਇਸ ਨੂੰ ਸਵੇਰੇ ਪੀਣ ਨਾਲ ਪੂਰਾ ਦਿਨ ਐਨਰਜੀ ਬਰਕਰਾਰ ਰਹੇਗੀ।

2. ਓਟਮੀਲ ਜਾਂ ਹੋਲ ਗ੍ਰੇਨ ਸੀਰੀਅਲ ’ਚ ਕੱਟੇ ਹੋਏ ਅਖਰੋਟ



ਪਾ ਕੇ ਖਾ ਸਕਦੇ ਹੋ।

3. ਸੁਆਦਲੀ ਸਪ੍ਰੈਡ ਬਣਾਉਣ ਲਈ 1ĸ2 ਕੱਪ ਅਖਰੋਟ ਨੂੰ ਅਵਨ ’ਚ ਲਗਪਗ 10 ਮਿੰਟ ਲਈ ਰੋਸਟ ਕਰ ਲਓ। ਫਿਰ ਇਸ ਨੂੰ ਕੱਟੇ ਹੋਏ ਲਸਣ ਤੇ ਉਬਲੇ ਛੋਲਿਆਂ ਨਾਲ ਪੀਹ ਲਓ। ਇਸ ਵਿਚ 1 ਨਿੰਬੂ ਦਾ ਰਸ, ਲੂਣ ਤੇ ਕਾਲੀ ਮਿਰਚ ਪਾਊਡਰ ਮਿਲਾਓ।

4. ਕ੍ਰੀਮ ਡਿਪ ਬਣਾਉਣ ਲਈ ਇਕ ਕੱਪ ਦਹੀਂ ’ਚ 6-7 ਅਖਰੋਟ, 1 ਲਸਣ, 1 ਟੀ-ਸਪੂਨ ਪਾਰਸਲੇ ਮਿਲਾ ਕੇ ਫੂਡ ਪ੍ਰੋਸੈਸਰ ’ਚ ਮਿਕਸ ਕਰੋ। ਚੰਗੀ ਤਰ੍ਹਾਂ ਇਕਸਾਰ ਹੋਣ ’ਤੇ ਇਸਤੇਮਾਲ ਕਰੋ।

5. ਭੁੱਜੇ ਹੋਏ ਟੋਫੂ ’ਚ ਰੋਸਟ ਕੀਤੇ ਤੇ ਕੱਟੇ ਹੋਏ ਅਖਰੋਟ, ਕੱਟਿਆ ਹੋਇਆ ਸੇਬ, ਕੱਟਿਆ ਹੋਇਆ ਐਵਾਕੈਡਾ, 1 ਟੀ-ਸਪੂਨ ਕੱਟੀ ਹੋਈ ਸੈਲਰੀ, ਸਵਾਦ ਅਨੁਸਾਰ ਲੂਣ ਤੇ ਨਿੰਬੂ ਦਾ ਰਸ ਮਿਲਾ ਕੇ ਪ੍ਰੋਟੀਨ ਪੰਚ ਤਿਆਰ ਕਰ ਸਕਦੇ ਹੋ।

6.ਕੱਟੇ ਹੋਏ ਤਰਬੂਜ਼ ’ਚ ਬਲਿਊ ਬੈਰੀ, ਬਲੈਂਚ ਤੇ ਕੱਟੀ ਹੋਈ ਸ਼ਿਮਲਾ ਮਿਰਚ, ਰੋਸਟਿਡ ਅਖਰੋਟ ਤੇ ਵਿਨੇਗਰ ਮਿਲਾ ਕੇ ਫਰੂਟ ਪੰਚ ਤਿਆਰ ਕਰ ਸਕਦੇ ਹੋ।

7. ਪਿਜ਼ਾ ਦੀ ਟੌਪਿੰਗ ਲਈ ਵੀ ਅਖਰੋਟ ਦਾ ਇਸਤੇਮਾਲ ਕਰ ਸਕਦੇ ਹੋ।

8. ਬ੍ਰਾਊਨ ਰਾਈਸ ’ਚ ਅਖਰੋਟ, ਪੁਦੀਨਾ, ਜੌਂ ਤੇ ਹਰੀਆਂ ਸਬਜ਼ੀਆਂ ਮਿਲਾ ਕੇ ਸਿਹਤਮੰਦ ਖਿੱਚੜੀ ਬਣਾ ਸਕਦੇ ਹੋ।

9. ਤੁਸੀਂ ਖ਼ੁਦ ਵਾਲਨਟ ਬਟਰ ਤਿਆਰ ਕਰ ਸਕਦੇ ਹੋ- ਅਖਰੋਟ ਨੂੰ ਰੋਸਟ ਕਰ ਕੇ ਫੂਡ ਪ੍ਰੋਸੈਸਰ ’ਚਬ ਲੈਂਡ ਕਰ ਲਓ। ਫਿਰ ਉਸ ਵਿਚ ਆਪਣੀ ਪਸੰਦ ਅਨੁਸਾਰ ਸ਼ਹਿਦ ਜਾਂ ਦਾਲਚੀਨੀ ਪਾਊਡਰ ਮਿਲਾ ਕੇ ਇਸਤੇਮਾਲ ਕਰੋ।

10. ਉਬਲੇ ਹੋਏ ਹੋਲ ਗ੍ਰੇਨ ਪਾਸਤਾ ’ਚ ਗੋਟ ਚੀਜ਼, ਕੱਟੇ ਹੋਏ ਟਮਾਟਰ, ਅਖਰੋਟ ਤੇ ਤਾਜ਼ਾ ਕ੍ਰੀਮ ਮਿਲਾ ਕੇ ਖਾਓ।

# ਤਾਂਬੇ ਦੇ ਬਰਤਨ ’ਚ ਪਾਣੀ ਪੀਣ ਦੇ ਫ਼ਾਇਦੇ

ਸ਼ੁੱਧ ਪਾਣੀ ਦੁਨੀਆ ਦੀ ਪਹਿਲੀ ਤੇ ਸਭ ਤੋਂ ਉੱਤਮ ਦਵਾਈ ਹੈ। ਤਾਂਬਾ ਇਕ ਰਸਾਇਣਕ ਤੱਤ ਹੈ। ਤਾਂਬੇ ਦੇ ਬਰਤਨ ’ਚ ਪਾਣੀ ਪੀਓ। ਇਹ ਪਾਣੀ ਕਦੇ ਵੀ ਬਾਸਾ ਨਹੀਂ ਹੁੰਦਾ ਤੇ ਲੰਬੇ ਸਮੇਂ ਲਈ ਸਟੋਰ ਕੀਤਾ ਜਾ ਸਕਦਾ ਹੈ। ਆਓ, ਜਾਣਦੇ ਹਾਂ ਤਾਂਬੇ ਦੇ ਬਰਤਨ ’ਚ ਪਾਣੀ ਪੀਣ ਦੇ ਫ਼ਾਇਦਿਆਂ ਬਾਰੇ :

**ਹਾਈ ਬਲੱਡ ਪ੍ਰੈਸ਼ਰ :** ਤਾਂਬਾ ਇਕ ਜ਼ਰੂਰੀ ਖਣਿਜ ਹੈ, ਜੋ ਮਨੁੱਖੀ ਸਰੀਰ ਲਈ ਜ਼ਰੂਰੀ ਹੈ ਤੇ ਇਸ ’ਚ ਐਂਟੀ ਮਾਈਕ੍ਰੋਬਾਈਲ, ਐਂਟੀ ਆਕਸੀਡੈਂਟ, ਐਂਟੀ ਕੈਂਸਰ ਤੇ ਐਂਟੀ-ਇਨਫਲਾਮੇਟਰੀ ਗੁਣ ਹੁੰਦੇ ਹਨ। ਤਾਂਬੇ ਦੇ ਬਰਤਨ ’ਚ ਜਮ੍ਹਾ ਪਾਣੀ ਨੂੰ ’ਤਾਮਾਰਾ ਜਲ’ ਕਿਹਾ ਜਾਂਦਾ ਹੈ। ਅਮਰੀਕਨ ਕੈਂਸਰ ਸੁਸਾਇਟੀ ਅਨੁਸਾਰ ਤਾਂਬਾ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ’ਚ ਸਹਾਇਤਾ ਕਰਦਾ ਹੈ ਤੇ ਮਨੁੱਖੀ ਸਰੀਰ ’ਚ ਕੋਲੈਸਟਰੋਲ ਅਤੇ ਟ੍ਰਾਈਗਲਿਸਰਾਈਡ ਦੇ ਪੱਧਰ ਨੂੰ ਘੱਟ ਕਰਦਾ ਹੈ।

**ਦਿਲ ਦਾ ਦੌਰਾ :** ਦਿਲ ਦੀ ਬਿਮਾਰੀ ਆਮ ਸਮੱਸਿਆ ਹੈ। ਤਾਂਬੇ ਦੇ ਬਰਤਨ ’ਚ ਪਾਣੀ ਪੀਣ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਘੱਟ ਹੁੰਦਾ ਹੈ। ਇਹ ਖ਼ੂਨ ਦੇ ਪ੍ਰਵਾਅ ਨੂੰ ਬਿਹਤਰ ਬਣਾਉਂਦਾ ਹੈ।

**ਥਾਇਰਾਇਡ :** ਥਾਇਰਾਇਡ ਤਿੱਤਲੀ ਦੇ ਆਕਾਰ ਦੀ ਇਕ ਗਲੈਂਡ ਹੈ, ਜੋ ਗਰਦਨ ਦੇ ਨੇੜੇ ਹੁੰਦੀ ਹੈ। ਤਾਂਬੇ ਦੇ ਬਰਤਨ ’ਚ ਪਾਣੀ ਪੀਣਾ ਥਾਇਰਾਇਡ ਗਲੈਂਡ ਦੇ ਕੰਮ ਨੂੰ ਨਿਯਮਤ ਕਰਦਾ ਹੈ। ਥਾਇਰਾਇਡ ਦੀ ਬਿਮਾਰੀ ਵਾਲੇ ਮਰੀਜ਼ਾਂ ਦੇ ਸਰੀਰ ’ਚ ਆਮ ਤੌਰ ’ਤੇ ਤਾਂਬੇ ਦੇ ਪੱਧਰ ਘੱਟ ਹੁੰਦਾ ਹੈ। ਇਸ ਦੀ ਘਾਟ ਕਾਰਨ ਉਹ ਜਾਂ ਤਾਂ ਹਾਈਪਰ-ਥਾਈਰਾਇਡਿਜ਼ਮ (ਥਾਇਰਾਇਡ ਹਾਰਮੋਨ ਦਾ ਵਧਿਆ ਹੋਇਆ ਪੱਧਰ) ਜਾਂ ਹਾਈਪੋ-ਥਾਇਰਾਇਡਿਜ਼ਮ (ਥਾਇਰਾਇਡ ਹਾਰਮੋਨ ਦਾ ਹੇਠਲਾ ਪੱਧਰ) ਤੋਂ ਪੀੜਤ ਹੁੰਦੇ ਹਨ। ਇਸ ਲਈ ਥਾਇਰਾਇਡ ਗਲੈਂਡ ਦੇ ਕੰਮ ਨੂੰ ਨਿਯਮਤ ਕਰਨ ਲਈ ਤਾਂਬੇ ਦੇ ਬਰਤਨ ’ਚ ਪਾਣੀ ਪੀਓ।

**ਬੈਕਟੀਰੀਆ ਦੀ ਲਾਗ :** ਤਾਂਬੇ ’ਚ ਐਂਟੀਬੈਕਟੀਰੀਅਲ ਗੁਣ ਹੁੰਦੇ ਹਨ ਕਿਉਂਕਿ ਤਾਂਬਾ ਕੁਦਰਤ ’ਚ ਓਲੀਗੋ-ਡਾਇਨਾਮਿਕ ਵਜੋਂ ਜਾਣਿਆ ਜਾਂਦਾ ਹੈ, ਜੋ ਬੈਕਟਰੀਆ ਤੇ ਧਾਤਾਂ ਦੇ ਪ੍ਰਭਾਵ ਨੂੰ ਨਿਰਜੀਵ ਕਰਦਾ ਹੈ। ਇਹ ਵਿਸ਼ੇਸ਼ ਤੌਰ ’ਤੇ ਈ-ਕੋਲਾਈ ਬੈਕਟੀਰੀਆ ਵਿਰੁੱਧ ਲੜਦਾ ਹੈ।

**ਗਠੀਆ :** ਤਾਂਬੇ ’ਚ ਸਾੜ ਵਿਰੋਧੀ ਗੁਣ ਹੁੰਦੇ ਹਨ। ਇਹ ਜੋੜਾਂ ਦੇ ਦਰਦ ਨੂੰ ਠੀਕ ਕਰਨ ’ਚ ਸਹਾਇਤਾ ਕਰਦਾ ਹੈ, ਜੋ ਆਮ ਤੌਰ ’ਤੇ ਰੂਮੇਟਾਇਡ ਗਠੀਏ ਦੇ ਕਾਰਨ ਹੁੰਦਾ ਹੈ। ਤਾਂਬੇ ’ਚ ਹੱਡੀਆਂ ਨੂੰ ਮਜ਼ਬੂਤ ਕਰਨ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਸੇ ਕਰਕੇ ਇਸ ਬਿਮਾਰੀ ਦੇ ਦਰਦ ਤੋਂ ਛੁਟਕਾਰਾ ਪਾਉਣ ਲਈ ਤਾਂਬੇ ਦੇ ਬਰਤਨ ’ਚ ਪਾਣੀ ਪੀਵੋ।



**ਦਿਮਾਗ਼ੀ ਪ੍ਰਣਾਲੀ:** ਤਾਂਬੇ ਦੇ ਬਰਤਨ ’ਚ ਪਾਣੀ ਪੀਣਾ ਦਿਮਾਗ਼ ਦੇ ਕੰਮਕਾਜ ਨੂੰ ਉਤੇਜਿਤ ਕਰਦਾ ਹੈ। ਤਾਂਬਾ ਸਾਨੂੰ ਦੌਰੇ ਪੈਣ ਤੋਂ ਵੀ ਰੋਕਦਾ ਹੈ ਕਿਉਂਕਿ ਤਾਂਬੇ ’ਚ ਐਂਟੀ ਕਨਵੈਸਲਿਵ ਗੁਣ ਹੁੰਦੇ ਹਨ। ਇਹ ਦਿਮਾਗ਼ ਵਿਚ ਬਹੁਤ ਸਾਰੇ ਪਾਚਕ ਕਾਰਜਾਂ ਨੂੰ ਨਿਯਮਤ ਕਰਦਾ ਹੈ।

**ਪਾਚਨ ਪ੍ਰਣਾਲੀ:** ਤਾਂਬੇ ਦੇ ਬਰਤਨ ’ਚ ਪਾਣੀ ਪੀਣ ਨਾਲ ਪਾਚਨ ’ਚ ਸਹਾਇਤਾ ਮਿਲਦੀ ਹੈ। ਇਹ ਭੋਜਨ ਤੋਂ ਪੌਸ਼ਟਿਕ ਤੱਤਾਂ ਦੇ ਮਿਹਦੇ ’ਚ ਜਜ਼ਬ ਹੋਣ ਦੀ ਸ਼ਕਤੀ ਵਧਾਉਂਦਾ ਹੈ। ਤਾਂਬੇ ਦੇ ਬਰਤਨ ’ਚ ਪਾਣੀ ਪੀਣਾ ਸਾਨੂੰ ਐਸੀਡਿਟੀ, ਗੈਸ ਤੇ ਬਦਹਜ਼ਮੀ ਦੀ ਸਮੱਸਿਆ ਤੋਂ ਬਚਾਉਂਦਾ ਹੈ। ਇਹ ਈ-ਕੋਲਾਈ ਵਰਗੇ ਨੁਕਸਾਨਦੇਹ ਬੈਕਟੀਰੀਆ ਨੂੰ ਮਾਰ ਦਿੰਦਾ ਹੈ। ਇਹ ਸਰੀਰ ’ਚੋਂ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ’ਚ ਸਹਾਇਤਾ ਕਰਦਾ ਹੈ।

**ਐਂਟੀ ਕੈਂਸਰ:** ਤਾਂਬੇ ਵਿਚ ਐਂਟੀ ਕਾਰਸੀਨੋਜਿਨਿਕ ਗੁਣ ਹੁੰਦੇ ਹਨ। ਇਹ ਪੇਟ ਦੇ ਕੈਂਸਰ, ਕੋਲੋਰੈਕਟਲ ਕੈਂਸਰ ਤੋਂ ਸਾਡੀ ਰੱਖਿਆ ਕਰਦਾ ਹੈ। ਤਾਂਬੇ ’ਚ ਐਂਟੀਵਾਇਰਲ ਤੇ ਐਂਟੀ-ਇਨਫਲਾਮੇਟਰੀ ਗੁਣ ਹੁੰਦੇ ਹਨ। ਇਹ ਸਰੀਰਕ ਢਾਂਚੇ ਨੂੰ ਮਜ਼ਬੂਤ ਕਰਦਾ ਹੈ ਤੇ ਨਵੇਂ ਸੈੱਲਾਂ ਦੇ ਉਤਪਾਦਨ ’ਚ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਤਾਂਬੇ ਦੇ ਬਰਤਨ ’ਚ ਪਾਣੀ ਪੀਣ ਨਾਲ ਜ਼ਖ਼ਮ ਆਸਾਨੀ ਨਾਲ ਠੀਕ ਹੋ ਜਾਂਦੇ ਹਨ।

**ਐਂਟੀ ਏਜਿੰਗ:** ਤਾਂਬੇ ਦੇ ਬਰਤਨ ’ਚ ਪਾਣੀ ਪੀਣਾ ਚਿਹਰੇ ’ਤੇ ਝੁਰੜੀਆਂ ਨੂੰ ਰੋਕਣ ’ਚ ਮਦਦ ਕਰਦਾ ਹੈ ਅਤੇ ਚਮੜੀ ਦੇ ਨਵੇਂ ਸੈੱਲਾਂ ਦੇ ਉਤਪਾਦਨ ਦਾ ਕਾਰਨ ਬਣਦਾ ਹੈ, ਕਿਉਂਕਿ ਇਹ ਐਂਟੀਆਕਸੀਡੈਂਟ ਤੇ ਸੈੱਲ ਬਣਨ ਦੀਆਂ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੁੰਦਾ ਹੈ।

**ਸਿਹਤਮੰਦ ਗੁਰਦੇ:** ਤਾਂਬਾ ਗੁਰਦਿਆਂ ਲਈ ਚੰਗਾ ਟੌਨਿਕ ਹਨ। ਤਾਂਬੇ ਦੇ ਬਰਤਨ ’ਚ ਪਾਣੀ ਪੀਣ ਨਾਲ ਗੁਰਦੇ ਦੀ ਪੱਥਰੀ ਨੂੰ ਠੀਕ ਕੀਤਾ ਜਾ ਸਕਦਾ ਹੈ। ਤਾਂਬਾ ਗੁਰਦੇ ਵਿੱਚੋਂ ਜ਼ਹਿਰੀਲੇ ਮਾਦੇ ਨੂੰ ਬਾਹਰ ਕੱਢਣ ’ਚ ਮਦਦ ਕਰਦਾ ਹੈ।

**ਅਨੀਮੀਆ:** ਇਹ ਉਹ ਸਥਿਤੀ ਹੈ ਜਿਸ ਵਿਚ ਲਹੂ ਦੇ ਲਾਲ ਸੈੱਲ (ਆਰਬੀਸੀ) ਨਹੀਂ ਹੁੰਦੇ। ਕਾਪਰ ਸਰੀਰ ਵਿਚ ਲੋੜੀਂਦਾ ਜ਼ਰੂਰੀ ਖਣਿਜ ਹੈ। ਤਾਂਬਾ ਲੋਹੇ ਨੂੰ ਜਜ਼ਬ ਕਰਨ ਤੇ ਸਰੀਰ ਵਿਚ ਆਇਰਨ ਦੇ ਪੱਧਰ ਨੂੰ ਉੱਚਾ ਚੁੱਕਣ ’ਚ ਮਦਦ ਕਰਦਾ ਹੈ।

**ਸਿਹਤਮੰਦ ਚਮੜੀ:** ਤਾਂਬਾ ਮੈਲਾਨਿਨ ਦੇ ਉਤਪਾਦਨ ਦਾ ਮੁੱਖ ਹਿੱਸਾ ਹੈ। ਮੈਲਾਨਿਨ ਸਾਡੇ ਸਰੀਰ ’ਚ ਪਾਇਆ ਜਾਣ ਵਾਲਾ ਅਜਿਹਾ ਤੱਤ ਹੈ, ਜੋ ਅੱਖਾਂ, ਵਾਲਾਂ ਤੇ ਚਮੜੀ ਦੇ ਰੰਗ ਨੂੰ ਘਟਾਉਂਦਾ ਹੈ। ਇਸ ਦਾ ਉਤਪਾਦਨ ਸਰੀਰ ਨੂੰ ਸੂਰਜ ਦੀਆਂ ਨੁਕਸਾਨਦਾਇਕ ਕਿਰਨਾਂ ਤੋਂ ਬਚਾਉਂਦਾ ਹੈ।

# ਲਾਕ ਡਾਊਨ ਦੇ ਸਮੇਂ ਖ਼ੁਦ ਨੂੰ ਕਿਸ ਤਰ੍ਹਾਂ ਰੱਖੀਏ

ਕੋਰੋਨਾ ਵਾਇਰਸ ਨਾਲ ਦੇਸ਼ ’ਚ ਹੁਣ ਤਕ 315 ਲੋਕ ਪ੍ਰਭਾਵਿਤ ਹੋ ਚੁੱਕੇ ਹਨ। ਦੇਸ਼ਭਰ ’ਚ ਕੋਰੋਨਾ ਦੇ ਪ੍ਰਭਾਵ ਨੂੰ ਫੈਲਣ ਤੋਂ ਰੋਕਣ ਲਈ ਜਨਤਾ ਕਰਫ਼ਿਊ ਲਗਾਇਆ ਗਿਆ ਹੈ। ਇਸ ਦੇ ਤਹਿਤ ਲੋਕ ਸਵੇਰੇ 7 ਵਜੇ ਤੋਂ ਲੈ ਕੇ 9 ਵਜੇ ਤਕ ਘਰਾਂ ’ਚ ਰਹਿਣਗੇ ਤੇ ਬਾਹਰ ਨਹੀਂ ਆਉਣਗੇ। ਲੋਕ ਆਪਣੇ ਘਰਾਂ ਦੇ ਦਰਵਾਜ਼ੇ, ਬਾਲਕਨੀ ਤੇ ਛੱਤਾਂ ਤੋਂ ਸ਼ਾਮ ਨੂੰ 5 ਵਜੇ ਤਾੜੀਆਂ ਦੀ ਮਦਦ ਨਾਲ ਉਨ੍ਹਾਂ ਲੋਕਾਂ ਦਾ ਧੰਨਵਾਦ ਕਰਨਗੇ ਜੋ ਲੋਕ ਦੇਸ਼ ਦੀ ਸੇਵਾ ’ਚ ਲੱਗੇ ਹੋਏ ਹਨ। ਜੇ ਤੁਸੀਂ ਵੀ ਜਨਤਾ ਕਰਫ਼ਿਊ ਦੇ ਤਹਿਤ ਘਰ ’ਚ ਹੋ ਤਾਂ ਆਓ ਜਾਣਦੇ ਹਾਂ ਕਿ ਘਰ ’ਚ ਖ਼ੁਦ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਕਿਆ ਜਾ ਸਕਦਾ ਹੈ।

**ਜੁੱਤੀਆਂ ਘਰ ਤੋਂ ਬਾਹਰ**

ਘਰ ਦੇ ਵੱਡੇ ਲੋਕ ਪੁਰਾਣੇ ਸਮੇਂ ’ਚ ਜੁੱਤੀਆਂ ਤੇ ਚਪਲਾਂ ਬਾਹਰ ਰੱਖਣ ਦੀ ਸਲਾਹ ਦਿੰਦੇ ਸੀ। ਉਸ ਸਮੇਂ ਵੱਡਾ ਛੋਟਾ ਨਹੀਂ ਦੇਖਿਆ ਜਾਂਦਾ ਸੀ ਬਲਕਿ ਤੰਦਰੁਸਤ ਰਹਿਣ ਲਈ ਇਸ ਤਰ੍ਹਾਂ ਕੀਤਾ ਜਾਂਦਾ ਸੀ।

ਹੁਣ ਸਮਾਂ ਆ ਗਿਆ ਹੈ ਕਿ ਅਸੀਂ ਫਿਰ ਉਨ੍ਹਾਂ ਦੇ ਦੱਸੇ ਰਾਹ ’ਤੇ ਚੱਲੀਏ ਜੁੱਤੀਆਂ-ਚਪਲਾਂ ਬਾਹਰ ਰੱਖੀਏ। ਜੇ ਘਰ ’ਚ ਦੁੱਧ ਵਾਲਾ, ਰਸੋਈਆ, ਕੰਮ ਕਰਨ ਵਾਲੀ ਔਰਤ, ਸਬਜ਼ੀਵਾਲਾ ਕੋਈ ਵੀ ਆਉਂਦਾ ਹੈ ਤਾਂ ਉਨ੍ਹਾਂ ਨੂੰ ਕਹੋ ਆਪਣੀ ਜੁੱਤੀ ਜਾਂ ਚਪਲ ਬਾਹਰ ਉਤਾਰੋ।

**ਹੱਥਾਂ ਨੂੰ ਧੋਣਾ ਬਹੁਤ ਜ਼ਰੂਰੀ ਹੈ**

ਜੇ ਕੋਈ ਵਿਅਕਤੀ ਘਰ ’ਚ ਆਉਂਦਾ ਹੈ ਤਾਂ ਉਨ੍ਹਾਂ ਨੂੰ ਹੱਥ ਧੋਣ ਦੀ ਸਲਾਹ ਦਿਓ। ਇਸ ਲਈ ਤੁਸੀਂ ਉਸ ਨੂੰ ਹੈਂਡ ਵਾਸ਼ ਜਾਂ ਸੈਨੇਟਾਈਜ਼ਰ ਦਿਓ। ਇਸ ਦੇ ਨਾਲ ਤੁਸੀਂ ਤੇ ਤੁਹਾਡੇ ਪਰਿਵਾਰ ਹੱਥ ਧੋਣ ਦੀ ਆਦਤ ਪਾ ਲਓ।

**ਖ਼ੁਦ ਨੂੰ ਕੋਰੋਨਾ ਵਾਇਰਸ ਤੋਂ ਮੁਕਤ ਰੱਖੋ**

ਲਾਕ ਡਾਊਨ ਦੇ ਸਮੇਂ ਜਦੋਂ ਵੀ ਖਾਂਸੀ ਆਦਿ ਆਵੇ ਤਾਂ ਰੁਮਾਲ ਦਾ ਇਸਤੇਮਾਲ ਕਰੋ। ਇਸ ਨਾਲ ਤੁਹਾਡਾ ਘਰ ਵਾਇਰਸ ਮੁਕਤ ਹੋਵੇਗਾ। ਇਸ ਲਈ ਤੁਸੀਂ ੍ਹਿੰਦੀ ਐਡਵਾਈਜ਼ਰੀ ਨੂੰ ਦੇਖੋ।

**ਆਨਲਾਈਨ ਫੂਡ ਨੂੰ ਫ਼ਿਲਹਾਲ ਬੰਦ ਕਰੋ**

ਸਾਡੇ ’ਚ ਬਹੁਤ ਸਾਰੇ ਲੋਕ ਇਸ ਤਰ੍ਹਾਂ ਦੇ ਹਨ ਜੋ ਆਨਲਾਈਨ ਫੂਡ ਆਰਡਰ ਕਰਦੇ ਹਨ। ਇਸ ਸਮੇਂ ਤੁਹਾਨੂੰ ਬਚਣ ਦੀ ਬਹੁਤ ਜ਼ਰੂਰਤ ਹੈ। ਇਸ ਲਈ ਜੇ ਹੋ ਸਕੇ ਤਾਂ ਫ਼ਿਲਹਾਲ ਬਾਹਰਲੇ ਫੂਡ ਦਾ ਇਸਤੇਮਾਲ ਨਾ ਕਰੋ।

*****

Issue- 343, Vol-14, March 25, 2020

# ਪੰਜਾਬੀ ਫਿਲਮਾਂ ’ਚੋਂ ਗ਼ੈਰਹਾਜ਼ਰ ਹਾਸ਼ੀਆਗਤ ਔਰਤ

**ਦਵੀ ਦਵਿੰਦਰ ਕੌਰ**

ਪੰਜਾਬੀ ਸਿਨਮਾ ਅਜੇ ਵੀ ਵਿੱਤੀ ਪੱਖੋਂ ਜੂਝ ਰਿਹਾ ਹੈ। ਇਸ ਨੂੰ ਪੈਰਾਂ ਸਿਰ ਹੋਣ ਲਈ ਬਹੁਤ ਸੰਘਰਸ਼ ਕਰਨਾ ਪੈ ਰਿਹਾ ਹੈ। ਹਰ ਸਾਲ ਧੜਾਧੜ ਫਿਲਮਾਂ ਬਣਦੀਆਂ ਹਨ, ਪਰ ਸਫ਼ਲ ਬਹੁਤ ਥੋੜ੍ਹੀਆਂ ਹੁੰਦੀਆਂ ਹਨ। ਉਂਜ, ਬਾਹਰੀ ਤੌਰ ’ਤੇ ਇਹ ਸਭ ਬੜਾ ਚਮਕ-ਦਮਕ ਵਾਲਾ ਲੱਗਦਾ ਹੈ।


ਦੇਸ਼ ’ਚ ਮਰਾਠੀ, ਮਲਿਆਲੀ, ਬੰਗਾਲੀ ਤੇ ਅਸਾਮੀ ਸਿਨਮਾ ਦੀ ਆਪਣੀ ਵਿਲੱਖਣ ਪਛਾਣ ਹੈ। ਇਨ੍ਹਾਂ ਸੂਬਿਆਂ ਦੀਆਂ ਭਾਸ਼ਾਈ ਫਿਲਮਾਂ ਵਿਸ਼ਾ ਵਸਤੂ ਪੱਖੋਂ ਵੀ ਬਿਹਤਰ ਹੁੰਦੀਆਂ ਹਨ। ਇਨ੍ਹਾਂ ਦੇ ਮੁਕਾਬਲੇ ਪੰਜਾਬੀ ਸਿਨਮਾ ਹਾਲੇ ਮੁੱਢਲੇ ਪੜਾਅ ਵਿਚ ਹੈ। ਇਹ ਤਕਨੀਕ, ਕਹਾਣੀ, ਵਿਸ਼ਾ ਵਸਤੂ ਪੱਖੋਂ ਵੀ ਹਾਲੇ ਕਾਫ਼ੀ ਪਿੱਛੇ ਹੈ। ਸ਼ਾਇਦ ਇਸ ਦਾ ਇਕ ਵੱਡਾ ਕਾਰਨ ਵੱਡੇ ਪੰਜਾਬੀ ਫਿਲਮਸਾਜ਼ਾਂ ਦਾ ਮੁੰਬਈ ਸਿਨੇ ਜਗਤ ਵਿਚ ਜਾ ਕੇ ਟਿਕ, ਸਥਾਪਤ ਹੋ ਜਾਣਾ ਵੀ ਹੈ। ਉਥੇ ਹਿੰਦੀ ਤੇ ਹਿੰਦੋਸਤਾਨੀ ਵਿਚ ਉਨ੍ਹਾਂ ਕੋਲ ਦ੍ਰਿਸ਼ ਬਹੁਤ ਵੱਡਾ ਹੈ।

ਪੰਜਾਬ ਦਾ ਇਤਿਹਾਸ ਬੜਾ ਮਾਣਮੱਤਾ ਹੈ, ਪਰ ਇਸ ਦੇ ਬਾਸ਼ਿੰਦਿਆਂ ਦੇ ਸੰਘਰਸ਼ ਦੀ ਬਾਤ ਪੰਜਾਬੀ ਸਿਨਮਾ ’ਚ ਅਜੇ ਨਹੀਂ ਹੋਣ ਲੱਗੀ। ਹਾਲੀ ਤਾਂ ਇਸ ਕੋਲ ਜੱਟ, ਹਥਿਆਰ ਤੇ ਜ਼ਮੀਨ ਜਿਹੇ ਵਿਸ਼ੇ ਹੀ ਹਨ ਜਿਨ੍ਹਾਂ ਨੂੰ ਲੈ ਕੇ ਅਜੀਬੋ ਗ਼ਰੀਬ ਕਹਾਣੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਪੰਜਾਬੀ ਸਿਨਮੇ ਵਿਚ ਔਰਤਾਂ ਅਤੇ ਇਨ੍ਹਾਂ ਦੇ ਮਸਲਿਆਂ ਦੀ ਪੇਸ਼ਕਾਰੀ ਪਹਿਲਾਂ ਤਾਂ ਹੈ ਹੀ ਨਹੀਂ, ਜੇਕਰ ਹੈ ਤਾਂ ਉਹ ਰਵਾਇਤੀ ਅੰਦਾਜ਼ ਵਿਚ ਤੇ ਪਿੱਤਰਸੱਤਾ ਨੂੰ ਵਾਰਾ ਖਾਂਦੇ ਕਥਿਤ ਆਦਰਸ਼ ਦੇ ਰੂਪ ’ਚ ਹੈ। ਔਰਤਾਂ ਦੀ ਭੂਮਿਕਾ ਪੰਜਾਬੀ ਦੀਆਂ ਕੁਝ ਕੁ ਫਿਲਮਾਂ ਨੂੰ ਛੱਡ ਕੇ ਸਿਰਫ਼ ’ਸਜਾਵਟੀ’ ਪੱਖ ਤੋਂ ਹੀ ਹੈ। ਔਰਤਾਂ ਦੇ ਮਸਲੇ, ਉਨ੍ਹਾਂ ਦੇ ਸੰਘਰਸ਼, ਹਾਲੇ ਪੰਜਾਬੀ ਸਿਨਮੇ ’ਚ ਨਹੀਂ ਛਿੜੇ। ਦਲਿਤ ਤੇ ਹਾਸ਼ੀਆਗਤ ਔਰਤ ਦੇ ਮਸਲੇ ਹਾਲੇ ਇਸ ਵਿਧਾ ’ਚ ਜ਼ਿਕਰਯੋਗ ਸਥਾਨ ਹਾਸਲ ਨਹੀਂ ਕਰ ਸਕੇ।

ਕੁਝ ਕੁ ਫਿਲਮਾਂ ਦੇ ਹਵਾਲੇ ਨਾਲ ਪੰਜਾਬੀ ਸਿਨਮੇ ’ਚ ਹਾਸ਼ੀਆਗਤ ਔਰਤ ਦੀ ਪੇਸ਼ਕਾਰੀ ਦੀ ਚਰਚਾ ਕੀਤੀ ਜਾ ਸਕਦੀ ਹੈ।

ਹਰਪਾਲ ਟਿਵਾਣਾ ਦੀ ਫਿਲਮ ’ਲੌਂਗ ਦਾ ਲਿਸ਼ਕਾਰਾ’ 1986 ਵਿਚ ਆਈ ਜਿਸ ਵਿਚ ਹਾਸ਼ੀਆਗਤ ਵਰਗ ਨਾਲ ਸਬੰਧਤ ਪ੍ਰੀਤੋ ਨਾਇਕਾ ਹੈ, ਪਰ ਉਹ ਕਿਤੇ ਵੀ ਬਗ਼ਾਵਤ ਨਹੀਂ ਕਰਦੀ। ਉਸ ਦਾ ਸੁਭਾਅ ਭਾਣਾ ਮੰਨ ਲੈਣ ਵਾਲਾ ਹੈ। ਨਾਇਕ ਦੀ ਮੁਹੱਬਤ ਬਣ ਕੇ ਵੀ ਉਹ ਸਮਾਜ, ਆਲੇ-ਦੁਆਲੇ ਨਾਲ ਟੱਕਰ ਲੈਣ ਜੋਗੀ ਜੁਰੱਅਤ ਨਹੀਂ ਸਮੇਟ ਸਕਦੀ। ਫਿਲਮ ਦੀ ਕਹਾਣੀ ਮੁਤਾਬਿਕ ਸਥਿਤੀਆਂ ਹੀ ਉਸ ਨੂੰ ਉਸ ਦੀ ਮੰਜ਼ਿਲ ਤਕ ਪਹੁੰਚਾਉਂਦੀਆਂ ਹਨ, ਉਸ ਦਾ ਆਪਣਾ ਸੰਘਰਸ਼ ਜਾਂ ਇਸ ਸਬੰਧੀ ਚੇਤਨਾ ਨਦਾਰਦ ਹੈ।

1989 ’ਚ ਸੁਰਿੰਦਰ ਸਿੰਘ ਨੇ ’ਮੜ੍ਹੀ ਦਾ ਦੀਵਾ’ ਫਿਲਮ ਬਣਾਈ ਸੀ। ਇਹ ਫਿਲਮ ਇਸੇ ਸਿਰਲੇਖ ਵਾਲੇ ਗੁਰਦਿਆਲ ਸਿੰਘ ਦੇ ਨਾਵਲ ’ਤੇ ਆਧਾਰਿਤ ਸੀ। ਗੁਰਦਿਆਲ ਸਿੰਘ ਪੰਜਾਬੀ ਦੇ ਮਕਬੂਲ ਨਾਵਲਕਾਰ ਹਨ ਤੇ ਉਨ੍ਹਾਂ ਦੇ ਕਈ ਨਾਵਲਾਂ ’ਤੇ ਫਿਲਮਾਂ ਬਣ ਕੇ ਕਾਨਜ਼ ਮੇਲੇ ਤੱਕ ਪੁੱਜ ਚੁੱਕੀਆਂ ਹਨ। ਗੁਰਦਿਆਲ ਸਿੰਘ ਦੇ ਨਾਵਲ ਦੀ ਇਹ ਖ਼ਾਸੀਅਤ ਰਹੀ ਕਿ ਉਨ੍ਹਾਂ ਦੇ ਪਾਤਰ ਵੀ ਸਮਾਜ ਨਾਲ ਟੱਕਰ ਨਾ ਲੈ ਕੇ ਅੰਤ ਨੂੰ ਕਿਸਮਤ ’ਤੇ ਸਾਰਾ ਕੁਝ ਛੱਡ ਦਿੰਦੇ ਹਨ। ’ਮੜ੍ਹੀ ਦਾ ਦੀਵਾ’ ਫਿਲਮ ਦੀ ਨਾਇਕਾ ਭਾਨੀ ਪਿੰਡ ਦੇ ਇਕ ਹਾਸ਼ੀਆਗਤ ਪਰਿਵਾਰ ਦੀ ਸਜਵਿਆਹੀ ਨੂੰਹ ਹੈ। ਉਸ ਦਾ ਇਹ ਵਿਆਹ ਕਜੋੜ ਹੈ, ਪਰ ਉਹ ਇਸੇ ਪਿੰਡ ’ਚ ਰਹਿੰਦੇ ਆਪਣੇ ’ਹਾਣੀ’ (ਜਗਸੀਰ) ਨਾਲ ਤੁਰ ਪੈਣ ਲਈ ਨਾ ਕੋਈ ਸੰਘਰਸ਼ ਕਰਦੀ ਹੈ ਨਾ ਹੌਸਲਾ। ਦੋਵੇਂ ਨਾਇਕ ਨਾਇਕਾ ਹੀ ਨਹੀਂ ਸਗੋਂ ਫਿਲਮ ਵਿਚਲੇ ਬਹੁਤ ਸਾਰੇ ਕਿਰਦਾਰ ਹੋਣੀ ਦਾ ਦਿੱਤਾ ਭੋਗਦੇ ਦੁਖਾਂਤ ਵੱਸ ਪਏ ਹੋਏ ਹਨ। ਉਨ੍ਹਾਂ ਲਈ ਵੱਡੀ ਬਗ਼ਾਵਤ ਸਿਰਫ਼ ਰੱਬ ਨੂੰ ਗਾਲ੍ਹਾਂ ਕੱਢਣ ਤੱਕ ਸੀਮਤ ਹੈ। ਗੁਰਦਿਆਲ ਸਿੰਘ ਦੇ ਹੀ ਨਾਵਲ ’ਅੰਨ੍ਹੇ ਘੋੜੇ ਦਾ ਦਾਨ’ ਉੱਤੇ ਇਸੇ ਸਿਰਲੇਖ ਹੇਠ ਗੁਰਵਿੰਦਰ ਨੇ 2011 ਵਿਚ ਫਿਲਮ ਬਣਾਈ। ਇਸ ਫਿਲਮ ਵਿਚ ਵੀ ਸਮਾਜ ਦੇ ਹਾਸ਼ੀਆਗਤ ਲੋਕ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਔਰਤਾਂ ਹੋਣੀ ਭੋਗ ਰਹੇ ਹਨ। ਸੰਘਰਸ਼ ਕਰਨ ਜਾਂ ਵਕਤ ਬਦਲਣ ਲਈ ਉਹ ਬਹੁਤਾ ਹੀਲਾ ਕਰਦੇ ਨਹੀਂ ਜਾਪਦੇ ਸਗੋਂ ਜਗੀਰੂ ਸਮਾਜ ਦੀਆਂ ਪੈਦਾ ਕੀਤੀਆਂ ਜਕੜਨਾਂ ’ਚ ਹੀ ਸੰਤਾਪੇ ਹੋਏ ਬੀਤਦੇ ਹਨ। ਫਿਲਮ ’ਚ ਗੁੱਡੋ ਤੇ ਉਹਦੀ ਮਾਂ ਪ੍ਰਮੁੱਖ ਮਹਿਲਾ ਪਾਤਰ ਹਨ। ਮਾਂ, ਸਥਿਤੀਆਂ ਕਿਵੇਂ ਵੀ ਹਨ, ਉਨ੍ਹਾਂ ਨੂੰ ਆਪਣੀ ਤਕਦੀਰ ਮੰਨਦੀ ਹੈ। ਇੱਥੇ ਇੰਨੀ ਕੁ ਆਸ ਬੱਝਦੀ ਹੈ ਕਿ ਇਸ ਖੜੋਤ ’ਚ ਲਗਾਤਾਰ ਦਮ ਘੁੱਟਣ ਕਾਰਨ ਗੁੱਡੋ ਅੱਧੀ ਰਾਤ ਮਗਰੋਂ ਘਰੋਂ ਬਾਹਰ ਤੁਰ ਪੈਂਦੀ ਹੈ। ਉਹ ਸਾਹ ਲੈਣ ਜੋਗੀ ਸਪੇਸ ਚਾਹੁੰਦੀ ਹੈ। ਉਸ ਦਾ ਇਸ ਤਰ੍ਹਾਂ ਘਰੋਂ ਪੈਰ ਪੁੱਟਣਾ ਹੀ ਹਾਸ਼ੀਆਗਤ ਔਰਤ ਦੀ ਹੋਣੀ ਦਾ ਹਾਂਦਰੂ ਪੱਖ ਹੈ। ਫਿਰ ਲੰਮਾ ਸਮਾਂ ਥੁੜ੍ਹਾਂ ਮਾਰੇ, ਹਾਸ਼ੀਆਗਤ ਸਮਾਜ ਦੀਆਂ ਔਰਤਾਂ ਦੀ ਗੱਲ ਲੰਮਾ ਸਮਾਂ ਫਿਲਮਾਂ ’ਚ ਨਹੀਂ ਚੱਲੀ। 2017 ’ਚ ਦੋ ਫਿਲਮਾਂ ਆਈਆਂ, ਇਕ ’ਮੰਜੇ ਬਿਸਤਰੇ’ ਮਨੋਰੰਜਨ ਆਧਾਰਿਤ ਪੰਜਾਬੀ ਸਿਨਮੇ ਦੀ ਕਥਿਤ ਮੁੱਖ ਧਾਰਾ ਦੀ ਫਿਲਮ ਤੇ ਦੂਜੀ ’ਚੰਮ’। ਫਿਲਮ ’ਮੰਜੇ ਬਿਸਤਰੇ’ ਦੇ ਵਿਸ਼ਾ ਵਸਤੂ ਤੇ ਨਿਭਾਅ ਦੀ ਗੱਲ ਨਾ ਕਰਕੇ ਸਿਰਫ਼ ਥੁੜ੍ਹਾਂ ਮਾਰੇ ਸਮਾਜ ਦੀ ਪ੍ਰਤੀਨਿਧਤਾ ਕਰਦੀ ਵਿਆਹ ਦੇ ਕੰਮ ਵਾਲੀ ਦੀ ਭੂਮਿਕਾ ਦੀ ਸੰਖੇਪ ਚਰਚਾ ਕੀਤੀ ਜਾ ਸਕਦੀ ਹੈ ਜਿਸ ਨੂੰ ਮਖੌਲ ਦੀ ਪਾਤਰ ਬਣਾ ਕੇ ਬੜੇ ਫੂਹੜ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ’ਗ਼ਰੀਬ ਦੀ ਵਹੁਟੀ ਸਭ ਦੀ ਭਾਬੀ’ ਵਾਂਗ ਉਸ ਨਾਲ ਹਰ ਕੋਈ ’ਹਰ ਤਰ੍ਹਾਂ’ ਦੀ ਟਿੱਚਰ ਮਸ਼ਕਰੀ ਕਰਨੀ, ਉਸ ਨਾਲ ਸ਼ੋਹਦੇ ਢੰਗ ਨਾਲ ਵਿਹਾਰ ਕਰਨਾ ਆਪਣਾ ਅਧਿਕਾਰ ਸਮਝਦਾ ਹੈ। ਫਿਲਮ ’ਚ ਹਾਸੇ ਦੇ ਅੰਸ਼ ਪਾਉਣ ਲਈ ਕੁਝ ਹੋਰ ਉਸਾਰੂ ਕੀਤਾ ਜਾ ਸਕਦਾ ਸੀ। ਇਹ ਨਿੱਘਰੇ ਸਮਾਜਾਂ ਦੇ ਵਰਤਾਰੇ ਹਨ ਜਿੱਥੇ ਰੁਤਬੇ, ਪੈਸੇ ਤੇ ਜਾਇਦਾਦ ਦਾ ਹੀ ਸਤਿਕਾਰ ਹੁੰਦਾ ਹੈ, ਕਿਰਤ ਦਾ ਨਹੀਂ। ’ਚੰਮ’ ਫਿਲਮ ਪਿੰਡ ਦੇ ਦਲਿਤ ਤੇ ਮਰੇ ਡੰਗਰ ਚੁੱਕਣ ਵਾਲੇ ਪਰਿਵਾਰ ਦੀ ਕਹਾਣੀ ਹੈ।




ਇਸ ਕਹਾਣੀ ਦੇ ਬਹਾਨੇ ਪਿੰਡ ਦੀ ਜਗੀਰੂ ਬਣਤਰ ਤੇ ਸੱਤਾ ’ਤੇ ਕਾਬਜ਼ ਲੋਕਾਂ ਦੇ ਮਨਸ਼ਿਆਂ ਦੀ ਤੇ ਆਮ ਲੋਕਾਂ ਦੀ ਲੁੱਟ ਦੀ ਕਹਾਣੀ ਬਿਆਨ ਕੀਤੀ ਗਈ ਹੈ। ਫਿਲਮ ਦਾ ਨਿਰਦੇਸ਼ਕ ਸਿਨਮਾ ਨੂੰ ਸਮਾਜਿਕ ਜ਼ਿੰਮੇਵਾਰੀ ਭਰਪੂਰ ਕਰਾਰ ਦਿੰਦਿਆਂ ਲੋਕਪੱਖੀ ਸਿਨੇਮਾ ਦਾ ਹਾਮੀ ਹੈ, ਸੋ ਇਸ ਫਿਲਮ ਦੇ ਔਰਤ ਪਾਤਰ ਬੜੇ ਦਮਦਾਰ ਹਨ, ਭਾਵੇਂ ਉਹ ਗਰੀਬੜੀਆਂ ਔਰਤਾਂ ਹੋਣ ਤੇ ਭਾਵੇਂ ਪਿੰਡ ਦੀ ਪਸ਼ੂ ਡਿਸਪੈਂਸਰੀ ’ਚ ਨਵੀਂ ਆਈ ਮੁਟਿਆਰ ਡਾਕਟਰ ਹੋਵੇ। ਅੱਜ ਦੇ ਦੌਰ ਵਿਚ ਜਦੋਂ ਮੁਲਕ ਭਰ ਵਿਚ ਆਪਣੀ ਹੋਂਦ ਤੇ ਆਪਣੇ ਪੈਰਾਂ ਹੇਠਲੀ ਧਰਤੀ ਨੂੰ ਬਚਾਉਣ ਲਈ ਔਰਤਾਂ ਹਰ ਸੜਕ ਤੇ ਹਰ ਮੈਦਾਨ ’ਚ ਮੋਹਰੀ ਹੋ ਕੇ ਨਿੱਤਰ ਰਹੀਆਂ ਹਨ ਤਾਂ ਸਿਨਮਾ ਵਿਚ ਵੀ ਔਰਤਾਂ ਦੇ ਸੰਘਰਸ਼ ਦਾ ਜ਼ਿਕਰ ਛਿੜਨਾ ਚਾਹੀਦਾ ਹੈ।

ਪੰਜਾਬ ’ਚ ਵੀ ਕਿਸਾਨ, ਮਜ਼ਦੂਰ ਔਰਤਾਂ, ਪੜ੍ਹੀਆਂ ਲਿਖੀਆਂ ਬੇਰੁਜ਼ਗਾਰ ਅਧਿਆਪਕਾਵਾਂ ਲਗਾਤਾਰ ਸੜਕਾਂ ’ਤੇ ਸੰਘਰਸ਼ਸ਼ੀਲ ਹਨ, ਕੀ ਉਸ ਸਿਨਮੇ ਦੀਆਂ ਪਾਤਰ ਨਹੀਂ ਹੋ ਸਕਦੀਆਂ? ਆਉਂਦੇ ਸਮਿਆਂ ਵਿਚ ਜਦੋਂ ਸਿਨਮਾ ਦੇ ਇਤਿਹਾਸ ’ਚੋਂ ਕੋਈ ਖੋਜਾਰਥੀ ਪੰਜਾਬਣਾਂ ਦੇ ਸੰਘਰਸ਼ ਦੀ ਖੋਜ ਕਰਨੀ ਚਾਹੇਗਾ ਤਾਂ ਉਸ ਨੂੰ ਕੀ ਹਾਸਿਲ ਹੋਵੇਗਾ, ਇਹ ਸੋਚਣ ਵਿਚਾਰਨ ਵਾਲੀ ਗੱਲ ਹੈ।

# ਧਰਤੀ ‘ਤੇ ਹਰ ਪ੍ਰਾਣੀ ਦਾ ਬੁਨਿਆਦੀ ਹੱਕ ਹੈ ਪਾਣੀ

**ਡਾ.ਚਰਨਜੀਤ ਸਿੰਘ ‘ਨਾਭਾ’**

ਪਾਣੀ ਕੁਦਰਤ ਦੀ ਬਖ਼ਸ਼ੀ ਉਹ ਅਨਮੋਲ ਦਾਤ ਹੈ ਜਿਸ ਨੇ ਸਮੁੱਚੀ ਕਾਇਨਾਤ ਨੂੰ ਇਕ ਲੜੀ ਵਿਚ ਪਰੋਇਆ ਹੈ। ਇਸ ਦੇ ਬਿਨਾਂ ਜੀਵਨ ਅਸੰਭਵ ਹੈ। ਮਨੁੱਖੀ ਵਿਕਾਸ ਅਤੇ ਜੀਵਭਿੰਨਤਾ ਬਾਰੇ ਡਾਰਵਿਨ ਦੇ ਸਿਧਾਂਤ ਦਾ ਕੋਈ ਤੋੜ ਨਹੀਂ ਪਰ ਮਨੁੱਖ ਨੇ ਪਾਣੀ ਵਰਗੀ ਅਨਮੋਲ ਦਾਤ ਨੂੰ ਸਰਮਾਏਦਾਰੀ ਦਾ ਹਿੱਸਾ ਬਣਾਉਂਦਿਆਂ ਇਕ ਖ਼ਾਸ ਉਦੇਸ਼ ਤਹਿਤ ਇਸ ਨੂੰ ਵਸਤੂ ਵਜੋਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਸੰਸਾਰ ਬੈਂਕ ਅਤੇ ਸੰਯੁਕਤ ਰਾਸ਼ਟਰ ਨੇ ਪਾਣੀ ਨੂੰ ਪਰਿਭਾਸ਼ਤ ਕਰਦਿਆਂ ਕਿਹਾ ਹੈ ’ਪਾਣੀ ਮਨੁੱਖੀ ਜ਼ਰੂਰਤ ਹੈ ਪਰ ਮਨੁੱਖੀ ਅਧਿਕਾਰ ਨਹੀਂ। ਜ਼ਰੂਰਤਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ ਭਾਵੇਂ ਪੈਸੇ ਖ਼ਰਚ ਕੇ ਹੀ ਹੋਵੇ, ਪਰ ਮਨੁੱਖੀ ਅਧਿਕਾਰ ਦੀ ਖ਼ਰੀਦ-ਵੇਚ ਨਹੀਂ ਹੋ ਸਕਦੀ। ਇਸ ਫ਼ਲਸਫ਼ੇ ਦਾ ਆਧਾਰ ’ਵਾਸ਼ਿੰਗਟਨ ਸਹਿਮਤੀ’ ਸੀ ਜਿਸ ਅਨੁਸਾਰ ਸਮੁੱਚੇ ਸੰਸਾਰ ਦੀ ਆਰਥਿਕ ਮਜ਼ਬੂਤੀ ਖੁੱਲ੍ਹੇ ਬਾਜ਼ਾਰ ਵਿਚ ਹੈ ਅਤੇ ਹਰੇਕ ਜਨਤਕ ਵਸਤੂ ਇਕ ਜਿਣਸ ਹੈ ਜੋ ਕਿਤੇ ਵੀ ਵੇਚੀ ਜਾਂ ਖ਼ਰੀਦੀ ਜਾ ਸਕਦੀ ਹੈ। ਇਸ ਵਿਚ ਸਮਾਜਿਕ ਸੇਵਾਵਾਂ ਅਤੇ ਕੁਦਰਤੀ ਸਰੋਤ ਵੀ ਸ਼ਾਮਲ ਹਨ ਜੋ ਕਦੇ ਮਨੁੱਖੀ ਵਿਰਾਸਤ ਵਜੋਂ ਜਾਣੇ ਜਾਂਦੇ ਸਨ। ਪਾਣੀ ਵੀ ਹੁਣ ਜ਼ਰੂਰਤ ਤੋਂ ਵਸਤੂ ਬਣਾ ਕੇ ਬਾਜ਼ਾਰ ਵਿਚ ਵੇਚਿਆ ਜਾ ਰਿਹਾ ਹੈ।

ਪਾਣੀ ਸਮੁੱਚੀ ਕਾਇਨਾਤ ਦੀ ਜੀਵਨ-ਰੇਖਾ ਹੈ। ਕੁੱਲ ਪਾਣੀਆਂ ਦਾ 97.5 ਫ਼ੀਸਦੀ ਹਿੱਸਾ ਨਮਕੀਨ ਸਮੁੰਦਰੀ ਪਾਣੀ ਹੈ। ਜੋ 2.5 ਫ਼ੀਸਦੀ ਮਿੱਠਾ ਪਾਣੀ ਬਾਕੀ ਬਚਿਆ ਹੈ, ਉਸ ਦਾ ਵੱਡਾ ਹਿੱਸਾ ਬਰਫ਼ ਦੇ ਰੂਪ ਵਿਚ ਜੰਮਿਆ ਪਿਆ ਹੈ ਜਿਸ ਦਾ ਕੁਝ ਕੁ ਹਿੱਸਾ ਹੀ ਦਰਿਆਵਾਂ ਅਤੇ ਝੀਲਾਂ ਵਜੋਂ ਸਮੁੱਚੀ ਜੀਵਭਿੰਨਤਾ ਦੀਆਂ ਜ਼ਰੂਰਤਾਂ ਲਈ ਮੌਜੂਦ ਹੈ। ਮਨੁੱਖ ਦੀ ਆਪਣੀ ਬਣਤਰ ਦਾ 70 ਫ਼ੀਸਦੀ ਹਿੱਸਾ ਪਾਣੀ ਹੈ। ਮਨੁੱਖੀ ਸਰੀਰ ਵਿਚ ਇਹ 5 ਫ਼ੀਸਦੀ ਘੱਟ ਹੋਵੇ ਤਾਂ ਬੇਚੈਨੀ, 10 ਫ਼ੀਸਦੀ ਘੱਟ ਜਾਵੇ ਤਾਂ ਚੱਲਣ-ਫਿਰਨ ਤੋਂ ਅਸਮਰੱਥਾ ਅਤੇ ਜੇ 20 ਫ਼ੀਸਦੀ ਤਕ ਘੱਟ ਜਾਵੇ ਤਾਂ ਮੌਤ ਹੋ ਸਕਦੀ ਹੈ। ਜੇ ਦੇਖਿਆ ਜਾਵੇ ਤਾਂ ਪਾਣੀ ਦੀ ਦੁਰਵਰਤੋਂ ਸੱਭਿਅਤਾਵਾਂ ਦੇ ਵਿਕਾਸ ਨਾਲ ਸ਼ੁਰੂ ਹੋਈ ਅਤੇ ਅੱਜ ਇਹ ਸਿਖਰ ’ਤੇ ਹੈ। ਯੂਰਪੀ ਯੂਨੀਅਨ ਵਿਚ ਪ੍ਰਤੀ ਵਿਅਕਤੀ ਰੋਜ਼ਾਨਾ ਔਸਤਨ 130-180 ਲੀਟਰ ਪਾਣੀ ਵਰਤਿਆ ਜਾ ਰਿਹਾ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਇਹ ਔਸਤ ਸਿਰਫ਼ 30 ਲੀਟਰ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਚੰਗੀ ਸਿਹਤ ਅਤੇ ਜ਼ਿੰਦਗੀ ਲਈ ਪ੍ਰਤੀ ਵਿਅਕਤੀ ਰੋਜ਼ਾਨਾ ਘੱਟੋ-ਘੱਟ 25 ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ।

ਵਿਸ਼ਵ ਬੈਂਕ ਦੀ ਸੰਨ 2001 ਦੀ ਇਕ ਰਿਪੋਰਟ ਅਨੁਸਾਰ ਅਮਰੀਕਾ ਪਾਣੀ ਦੀ ਦੁਰਵਰਤੋਂ ਵਿਚ ਮੋਹਰੀ ਦੇਸ਼ ਹੈ ਜਿੱਥੇ 60 ਫ਼ੀਸਦੀ ਪਾਣੀ ਉਦਯੋਗ ਅਤੇ ਊਰਜਾ ਪੈਦਾਵਾਰ ਲਈ, 27 ਫ਼ੀਸਦੀ ਖੇਤੀਬਾੜੀ ਲਈ ਅਤੇ ਸਿਰਫ਼ 8 ਫ਼ੀਸਦੀ ਘਰੇਲੂ ਜ਼ਰੂਰਤਾਂ ਅਤੇ ਅਰੋਗਤਾ ਲਈ ਵਰਤਿਆ ਜਾ ਰਿਹਾ ਹੈ ਜਦਕਿ ਏਸ਼ੀਆ ਵਿਚ ਇਹ ਦਰ ਇਸ ਦੇ ਬਿਲਕੁਲ ਉਲਟ ਹੈ ਜਿੱਥੇ 8 ਫ਼ੀਸਦੀ ਪਾਣੀ ਖੇਤੀਬਾੜੀ ਲਈ ਵਰਤੇ ਜਾਣ ਦੇ ਨਾਲ-ਨਾਲ ਸਿਰਫ਼ 6 ਫ਼ੀਸਦੀ ਪਾਣੀ ਹੀ ਘਰੇਲੂ ਸਹੂਲਤਾਂ ਲਈ ਵਰਤਿਆ ਜਾਂਦਾ ਹੈ। ਜੋ ਅੰਕੜੇ ਵਿਸ਼ਵ ਬੈਂਕ ਦੁਆਰਾ ਪ੍ਰਚਾਰੇ ਜਾ ਰਹੇ ਹਨ, ਉਨ੍ਹਾਂ ਦਾ ਲੁਕਵਾਂ ਉਦੇਸ਼ ਪਾਣੀ ਨੂੰ ਇਕ ਵਸਤੂ ਵਜੋਂ ਸਥਾਪਤ ਕਰਨਾ ਅਤੇ ਉਸ ਦੀ ਖ਼ਰੀਦੋ-ਫਰੋਖ਼ਤ ਦੀ ਨੀਂਹ ਰੱਖਣਾ ਹੈ। ਇਸੇ ਕੜੀ ਤਹਿਤ ਇਸ ਬੈਂਕ ਦੀ ਲੁਕਵੀਂ ਮਦਦ ਨਾਲ ਇਕ ਸੰਸਥਾ ’ਵਰਲਡ ਵਾਟਰ ਕੌਂਸਲ’ ਜਿਸ ਦਾ ਦਫ਼ਤਰ ਮਾਰਸਲੀਜ਼ ਵਿਚ ਹੈ, ਖ਼ੁਦ ਨੂੰ ਸੰਸਾਰ ਦੇ ਪਾਣੀਆਂ ਦੀ ਨੀਤੀ ਤੈਅ ਕਰਨ ਵਾਲਾ ਵੱਡਾ ਦਿਮਾਗ ਮੰਨਦੀ ਹੈ। ਇਹ ਸੰਸਾਰ ਵਿਚ ਪਾਣੀਆਂ ਦੇ ਸਰੋਤਾਂ ਅਤੇ ਵੰਡ ਵਿਚ ਸੁਧਾਰ ਲਿਆਉਣ ਲਈ ਮੂਹਰੇ ਆ ਰਹੀ ਹੈ। ਇਸੇ ਤਰ੍ਹਾਂ ਸੰਨ 1996 ਵਿਚ ਸਟਾਕਹੋਮ ਵਿਖੇ ਸੰਸਾਰ ਬੈਂਕ, ਸੰਯੁਕਤ ਰਾਸ਼ਟਰ ਵਿਕਾਸ ਪ੍ਰਜੈਕਟ ਅਤੇ ਸਵੀਡਿਸ਼ ਇੰਟਰਨੈਸ਼ਨਲ ਸਟਾਕਹੋਮ ਏਜੰਸੀ ਨੇ ਸਾਂਝੇ ਤੌਰ ’ਤੇ ਇਕ ਸੰਸਥਾ ਬਣਾਈ ਜਿਸ ਦਾ ਨਾਂ ’ਗਲੋਬਲ ਵਾਟਰ ਪਾਰਟਨਰਸ਼ਿਪ’ ਰੱਖਿਆ ਗਿਆ। ਉਸ ਦਾ ਉਦੇਸ਼ ਉਨ੍ਹਾਂ ਸਮੁੱਚੀਆਂ ਸੰਸਥਾਵਾਂ, ਸਰਕਾਰੀ ਅਦਾਰਿਆਂ ਅਤੇ ਪਬਲਿਕkਪ੍ਰਾਈਵੇਟ ਸੰਸਥਾਵਾਂ ਵਿਚ ਇਕ ਰਾਇ ਪੈਦਾ ਕਰ ਕੇ ਇਹ ਸਥਾਪਤ ਕਰਨਾ ਸੀ ਕਿ ਪੀਣ ਵਾਲਾ ਸਾਫ਼ ਪਾਣੀ ਬਹੁਤ ਘੱਟ ਹੈ ਅਤੇ ਜ਼ਿੰਦਗੀ ਦੇ ਵਿਕਾਸ ਲਈ ਅਤੀ ਲੋੜੀਂਦਾ ਹੈ। ਇਸ ਦੀ ਇਕ ਆਪਣੀ ਆਰਥਿਕ ਮਹੱਤਤਾ ਹੈ। ਸੋ, ਇਸ ਨੂੰ ਇਕ ਵਸਤੂ ਵਜੋਂ ਸਵੀਕਾਰ ਕਰ ਲੈਣਾ ਚਾਹੀਦਾ ਹੈ।



’ਵਰਲਡ ਪਾਰਟਨਰਸ਼ਿਪ’ ਨੇ ਮਿਲ ਕੇ ਸੰਨ 2001’ਚ ਸੰਸਾਰ ਬੈਂਕ ਦੇ ਸਾਬਕਾ ਮੁਖੀ ਮਾਈਕਲ ਕੈਮਡੈਸਸ ਦੀ ਪ੍ਰਧਾਨਗੀ ਹੇਠ ਇਕ ਪੈਨਲ ਬਣਾਇਆ ਜਿਸ ਨੇ ਆਪਣੀ ਰਿਪੋਰਟ ’ਫਾਈਨਾਂਸਿੰਗ ਵਾਟਰ ਫਾਰ ਆਲ’ ਕਯੋਟੋ ਵਿਖੇ ਤੀਜੇ ਸੰਸਾਰ ਵਾਟਰ ਫੋਰਮ ਵਿਚ ਪੇਸ਼ ਕਰਦਿਆਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਇਸ ਖੇਤਰ ਵਿਚ ਨਿਵੇਸ਼ 75 ਬਿਲੀਅਨ ਅਮਰੀਕੀ ਡਾਲਰ ਤੋਂ ਤੁਰੰਤ ਵਧਾ ਕੇ 180 ਬਿਲੀਅਨ ਡਾਲਰ ਕਰ ਦੇਣਾ ਚਾਹੀਦਾ ਹੈ ਅਤੇ ਵਰਤੋਂ ਲਈ ਦਿੱਤੇ ਜਾਣ ਵਾਲੇ ਪਾਣੀ ਦਾ ਮੁੱਲ ਉਗਰਾਹਿਆ ਜਾਣਾ ਚਾਹੀਦਾ ਹੈ। ਹੇਗ ਅਤੇ ਕਯੋਟੋ ਵਿਚ ਪਾਣੀਆਂ ਬਾਰੇ ਹੋਏ ਸੰਸਾਰ ਪੱਧਰ ਦੇ ਇਕੱਠਾਂ ਵਿਚ ਕਿਸੇ ਸਰਕਾਰੀ ਏਜੰਸੀ ਨੂੰ ਆਪਣੇ ਵਿਚਾਰ ਪੇਸ਼ ਕਰਨ ਤਕ ਦਾ ਮੌਕਾ ਨਹੀਂ ਦਿੱਤਾ ਗਿਆ। ਸੰਯੁਕਤ ਰਾਸ਼ਟਰ ਨੇ ਸੰਨ 1998 ਵਿਚ ’ਵਰਲਡ ਕਮਿਸ਼ਨ ਫਾਰ ਵਾਟਰ’ ਨੂੰ 21ਵੀਂ ਸਦੀ ਵਿਚ ਪਾਣੀਆਂ ਦੀ ਵਰਤੋਂ ਬਾਰੇ ਇਕ ਦੂਰਅੰਦੇਸ਼ੀ ਰਿਪੋਰਟ ਦੇਣ ਲਈ ਕਿਹਾ ਸੀ। ਉਸ ਨੇ ਆਪਣੀ ਰਿਪੋਰਟ ਵਿਚ ਕਿਹਾ ’ਪਾਣੀ ਵੀ ਤੇਲ ਅਤੇ ਹੋਰ ਕੁਦਰਤੀ ਸਰੋਤਾਂ ਦੀ ਤਰ੍ਹਾਂ ਇਕ ਆਰਥਿਕ ਅਤੇ ਸਮਾਜਿਕ ਜਾਇਦਾਦ ਹੈ ਜਿਸ ’ਤੇ ਮੰਡੀ ਦੇ ਸਾਰੇ ਕਾਨੂੰਨ ਲਾਗੂ ਹੋਣੇ ਚਾਹੀਦੇ ਹਨ।’ ਇਹ ਸਾਰੀ ਚਰਚਾ ਖ਼ਾਸ ਕਿਸਮ ਦੇ ਸਵਾਲ ਖੜ੍ਹੇ ਕਰਦੀ ਹੈ ਮਸਲਨ ਪਾਣੀ ਕਿਸ ਦੀ ਜਾਇਦਾਦ ਹੈ? ਕੀ ਕੋਈ ਵੀ ਇਸ ਦਾ ਮਾਲਕ ਬਣ ਸਕਦਾ ਹੈ? ਜੇ ਪਾਣੀ ਵੇਚਿਆ ਜਾਣ ਲੱਗਾ ਤਾਂ ਕੁਦਰਤ ਅਤੇ ਕਾਇਨਾਤ ਲਈ ਲੋੜੀਂਦੇ ਪਾਣੀ ਦਾ ਮੁੱਲ ਕੌਣ ਤਾਰੇਗਾ? ਇਹ ਗ਼ਰੀਬ ਅਤੇ ਕਬਾਇਲੀਆਂ ਨੂੰ ਕਿਵੇਂ ਦਿੱਤਾ ਜਾਵੇਗਾ? ਕੌਮਾਂਤਰੀ ਕਾਰਪੋਰੇਸ਼ਨਾਂ ਨੂੰ ਸਮੁੱਚੇ ਸੰਸਾਰ ਦੇ ਪਾਣੀਆਂ ਨੂੰ ਖ਼ਰੀਦਣ ਤੇ ਵੇਚਣ ਦੇ ਅਧਿਕਾਰ ਕਿਸ ਨੇ ਦਿੱਤੇ? ਜੇ ਇਹ ਅਧਿਕਾਰ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਗਏ ਤਾਂ ਕੁਦਰਤੀ ਸਰੋਤਾਂ ਦੀ ਰਾਖੀ ਕੌਣ ਕਰੇਗਾ? ਪਾਣੀ ਪੱਖੋਂ ਅਮੀਰ ਦੇਸ਼ ਇਸ ਪੱਖੋਂ ਗ਼ਰੀਬ ਦੇਸ਼ਾਂ ਨਾਲ ਇਸ ਨੂੰ ਕਿਵੇਂ ਵੰਡਣਗੇ? ਕੁਦਰਤੀ ਜ਼ਿੰਦਗੀ ਅਤੇ ਜੀਵ-ਵਿਭਿੰਨਤਾ ਦਾ ਵਾਲੀਵਾਰਸ ਕੌਣ ਹੋਵੇਗਾ? ਇਹ ਸਵਾਲ ਖ਼ਾਸ ਚਰਚਾ ਦੀ ਮੰਗ ਕਰਦੇ ਹਨ। ਜਦੋਂ ਸੰਯੁਕਤ ਰਾਸ਼ਟਰ ਦੇ ਤਤਕਾਲੀ ਸਕੱਤਰ ਜਨਰਲ ਕੋਫੀ ਅਨਾਨ ਨੇ ਪਾਣੀ ਨੂੰ ਤੀਜੀ ਸੰਸਾਰ ਜੰਗ ਦਾ ਸੰਭਾਵਿਤ ਕਾਰਨ ਮੰਨਦੇ ਹੋਏ ਇਕ ਗਰੁੱਪ ਸਥਾਪਤ ਕੀਤਾ ਤਾਂ ਪਬਲਿਕ ਸਰਵਿਸ ਇੰਟਰਨੈਸ਼ਨਲ ਜੋ (ਗਲੋਬਲ ਟਰੇਡ ਯੂਨੀਅਨ ਕਨਫੈਡਰੇਸ਼ਨ) ਵਜੋਂ ਜਾਣੀ ਜਾਂਦੀ ਹੈ ਅਤੇ ਇੰਟਰਨੈਸ਼ਨਲ ਕਨਫੈਡਰੇਸ਼ਨ ਆਫ ਫ੍ਰੀ ਟਰੇਡ ਯੂਨੀਅਨ ਨੇ ਇਸ ਦਾ ਤਿੱਖਾ ਵਿਰੋਧ ਕੀਤਾ। ਉਨ੍ਹਾਂ ਨੇ ਮੰਗ ਕੀਤੀ ਕਿ ਇਸ ਗਰੁੱਪ ਵਿਚ ਗ਼ੈਰ-ਸਰਕਾਰੀ ਸੰਸਥਾਵਾਂ, ਮਜ਼ਦੂਰਾਂ, ਔਰਤਾਂ, ਝੁੱਗੀਆਂ-ਝੌਂਪੜੀਆਂ ਦੇ ਨੁਮਾਇੰਦਿਆਂ ਅਤੇ ਪਬਲਿਕ ਸੈਕਟਰ ਦੇ ਕਾਰਕੁੰਨਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਜਿਨ੍ਹਾਂ ਨੂੰ ਸਾਫ਼ ਪੀਣਯੋਗ ਪਾਣੀ ਦੀ ਤੁਰੰਤ ਲੋੜ ਹੈ। ਇਸ ਵਿਦਰੋਹ ਦਾ ਸਿੱਟਾ ਇਹ ਨਿਕਲਿਆ ਕਿ ਇਨ੍ਹਾਂ ਸੰਸਥਾਵਾਂ ਨੂੰ ਉਕਤ ਗਰੁੱਪ ’ਚ ਨਾਮਜ਼ਦ ਕਰਨਾ ਪਿਆ। ਇਨ੍ਹਾਂ ਸੰਸਥਾਵਾਂ ਨੇ ਸੰਯੁਕਤ ਰਾਸ਼ਟਰ ਦੇ ਗਰੁੱਪ ਨੂੰ ਦਲੀਲ ਦਿੱਤੀ ਕਿ ਪਾਣੀ ਧਰਤੀ ਦੀ ਇਕ ਦਾਤ ਹੈ ਜੋ ਸਮੁੱਚੀ ਕਾਇਨਾਤ ਲਈ ਹੈ ਅਤੇ ਇਹ ਨਿੱਜੀ ਮੁਨਾਫ਼ੇ ਲਈ ਵੇਚੀ ਨਹੀਂ ਜਾ ਸਕਦੀ। ਇਹ ਇਕ ਸੰਸਾਰ ਪੱਧਰੀ ਵਿਰਾਸਤ ਹੈ ਜੋ ਸਥਾਨਕ ਲੋਕਾਂ ਦੁਆਰਾ ਖ਼ਾਸ ਕਾਨੂੰਨ ਤਹਿਤ ਸੰਭਾਲੀ ਜਾਣੀ ਚਾਹੀਦੀ ਹੈ। ਇਹ ਸਭ ਤੋਂ ਉੱਚੀ ਬੋਲੀ ਦੇਣ ਵਾਲੇ ਦੀ ਜਾਇਦਾਦ ਨਹੀਂ ਬਣਨੀ ਚਾਹੀਦੀ ਕਿਉਂਕਿ ਪਾਣੀ ਹਰੇਕ ਜੀਵ ਦਾ ਬੁਨਿਆਦੀ ਅਧਿਕਾਰ ਹੈ। ਬਲਕਿ ਮੌਜੂਦਾ ਪੀੜ੍ਹੀ ਨੂੰ ਇਸ ਦੀ ਗੁਣਵੱਤਾ ਨਾਲ ਵੀ ਛੇੜਛਾੜ ਨਹੀਂ ਕਰਨੀ ਚਾਹੀਦੀ। ਇਸ ਪਾਸੇ ਹੋਰ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਸਮੁੱਚਾ ਜਲ ਪ੍ਰਬੰਧ ਅਤੇ ਉਸ ਨਾਲ ਜੁੜੀ ਜ਼ਿੰਦਗੀ ਬਚਾਈ ਜਾ ਸਕੇ। ਇਸ ਪਵਿੱਤਰ ਕਾਰਜ ਲਈ ਸਥਾਨਕ ਲੋਕ, ਕਬੀਲੇ, ਪਿੰਡਾਂ ਦੇ ਵਾਸੀ ਆਦਿ ਰਖਵਾਲੇ ਵਜੋਂ ਕੰਮ ਕਰਨ। ਪਾਣੀ ਨੂੰ ਬਚਾ ਕੇ ਰੱਖਣ ਲਈ ਸਾਨੂੰ ਆਪਣੀ ਜੀਵਨਸ਼ੈਲੀ ਵਿਚ ਵੱਡੀ ਤਬਦੀਲੀ ਲਿਆ ਕੇ ਕੁਦਰਤ ਨਾਲ ਇਕਸੁਰ ਹੋ ਕੇ ਰਹਿਣਾ ਪਵੇਗਾ। ਇਨ੍ਹਾਂ ਦਲੀਲਾਂ ਨਾਲ ਬੇਸ਼ੱਕ ਸੰਯੁਕਤ ਰਾਸ਼ਟਰ ਗਰੁੱਪ ਸਹਿਮਤ ਤਾਂ ਹੋਇਆ ਪਰ ਉਹ ਇਸ ਦਾ ਮੋਹ ਤਿਆਗਣ ਲਈ ਤਿਆਰ ਨਹੀਂ ਸੀ ਕਿਉਂਕਿ ਉਸ ਦੇ ਸ਼ਰਾਰਤੀ ਦਿਮਾਗ਼ ਵਿਚ ਪਾਣੀ ਤੋਂ ਹੋਣ ਵਾਲੀ ਅਰਬਾਂ-ਖਰਬਾਂ ਡਾਲਰਾਂ ਦੀ ਕਮਾਈ ਭਾਰੂ ਸੀ। ਲੋਕ ਨੁਮਾਇੰਦਿਆਂ ਨੇ ਉੱਚੀ ਆਵਾਜ਼ ਵਿਚ ਕਿਹਾ ਕਿ ਇਸ ਕੁਦਰਤ ਦੀ ਅਨੂਠੀ ਦੇਣ ਨੂੰ ਸ਼ੈਤਾਨ ਵਜੋਂ ਨਾ ਪ੍ਰਚਾਰੋ। ਕਿਉਂਕਿ ਪਾਣੀ ਕੁਦਰਤ ਦਾ ਇਕ ਅਦਭੁਤ ਕ੍ਰਿਸ਼ਮਾ ਹੈ, ਇਸ ਲਈ ਇਸ ਨੂੰ ਨਿਰਮਲ ਰੱਖਣਾ, ਬਚਾਉਣਾ, ਸਾਂਭਣਾ ਸਾਡੇ ਸਾਰਿਆਂ ਦਾ ਫ਼ਰਜ਼ ਹੈ।

# ਭਾਰਤ ਵਿਚ ਰਾਸ਼ਨ ਅਤੇ ਦਵਾਈ ਦੀਆਂ ਦੁਕਾਨਾਂ ਦੇ ਨਾਲ ਜਾਰੀ ਰਹਿਣਗੀਆਂ ਇਹ ਜ਼ਰੂਰੀ ਵਸਤਾਂ

ਨਵੀਂ ਦਿੱਲੀ- ਕੋਰੋਨਾ ਵਾਇਰਸ ਦੇ ਖ਼ਤਰੇ ਨੂੰ ਵੇਖਦੇ ਹੋਏ ਦੇਸ਼ ਭਰ 'ਚ 21 ਦਿਨਾਂ ਲਈ ਲਾਗੂ ਕੀਤੇ ਗਏ ਲਾਕਡਾਊਨ ਦੌਰਾਨ ਜ਼ਰੂਰੀ ਸੇਵਾਵਾਂ, ਪ੍ਰਭਾਵੀ ਉਪਾਵਾਂ ਅਤੇ ਅਫ਼ਵਾਹਾਂ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਗਾਈਡਲਾਈਨ ਜਾਰੀ ਕੀਤੀ ਹੈ। ਇਸ ਗਾਈਡਲਾਈਨ 'ਚ ਕਿਹਾ ਗਿਆ ਹੈ ਕਿ ਇਨ੍ਹਾਂ 21 ਦਿਨਾਂ ਦੌਰਾਨ ਕਿਹੜੀਆਂ ਸੇਵਾਵਾਂ ਚਾਲੂ ਰਹਿਣਗੀਆਂ। ਯਾਦ ਰਹੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਕੋਰੋਨਾ ਵਾਇਰਸ ਤੋਂ ਬਚਣ ਲਈ ਦੇਸ਼ ਨੂੰ 21 ਦਿਨਾ ਲਈ ਲਾਕਡਾਊਨ ਕੀਤਾ ਜਾਵੇਗਾ।

**ਖੁੱਲ੍ਹੀਆਂ ਰਹਿਣਗੀਆਂ ਇਹ ਦੁਕਾਨਾਂ**

ਸਰਕਾਰ ਵੱਲੋਂ ਜਾਰੀ ਗਾਈਡਲਾਈਨ ਅਨੁਸਾਰ, ਸਿਹਤ ਸੇਵਾਵਾਂ 'ਤੇ ਰੋਕ ਨਹੀਂ ਰਹੇਗੀ ਅਤੇ ਦਵਾਈ ਦੀਆਂ ਦੁਕਾਨਾਂ ਭਾਵ ਮੈਡੀਕਲ ਸਟੋਰ, ਮੈਡੀਕਲ ਇਕਵਿਪਮੈਂਟ ਦੀਆਂ ਦੁਕਾਨਾਂ, ਪੈਥ ਲੈਬ ਅਤੇ ਰਾਸ਼ਨ ਦੀਆਂ ਦੁਕਾਨਾਂ ਖੁੱਲ੍ਹੀਆਂ ਰਹਿਣਗੀਆਂ... ਭਾਵ ਹਸਪਤਾਲ, ਡਿਸਪੈਂਸਰੀ, ਕਲੀਨਿਕ, ਨਰਸਿੰਗ ਹੋਮ ਖੁੱਲ੍ਹੇ ਰਹਿਣਗੇ। ਇਹੀ ਨਹੀਂ, ਲੋਕਾਂ ਨੂੰ ਡਾਕਟਰ ਕੋਲ ਜਾਣ ਅਤੇ ਹਸਪਤਾਲ ਤੋਂ ਘਰ ਆਉਣ ਦੀ ਛੋਟ ਹੋਵੇਗੀ। ਪੈਟਰੋਲ, ਸੀਐਨਜੀ, ਐਲਪੀਜੀ, ਪੀਐਨਜੀ ਵਰਗੀਆਂ ਜ਼ਰੂਰੀ ਸੇਵਾਵਾਂ 'ਤੇ ਵੀ ਰੋਕ ਨਹੀਂ ਲੱਗੇਗੀ।

**ਖੁੱਲ੍ਹੇ ਰਹਿਣਗੇ ਪੈਟਰੋਲ ਪੰਪ**

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਗਾਈਡਲਾਈਨ 'ਚ ਕਿਹਾ ਗਿਆ ਹੈ ਕਿ ਪੈਟਰੋਲ, ਸੀਐਨਜੀ, ਐਲਪੀਜੀ, ਪੀਐਨਜੀ ਵਰਗੀਆਂ ਜ਼ਰੂਰੀ ਸੇਵਾਵਾਂ 'ਤੇ ਵੀ ਰੋਕ ਨਹੀਂ ਲੱਗੇਗੀ। ਇਹੀ ਨਹੀਂ ਬਿਜਲੀ ਉਤਪਾਦਨ, ਬਿਜਲੀ ਸਪਲਾਈ ਵੀ ਬੇਰੋਕ ਜਾਰੀ ਰਹੇਗੀ ਅਤੇ ਬਿਜਲੀ ਵਿਭਾਗ 'ਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਵੀ ਕੰਮ 'ਤੇ ਜਾਣ ਦੀ ਇਜਾਜ਼ਤ ਹੋਵੇਗੀ। ਇਹੀ ਨਹੀਂ ਪ੍ਰਾਈਵੇਟ ਸਕਿਉਰਿਟੀ ਸੇਵਾਵਾਂ ਵੀ ਜਾਰੀ ਰਹਿਣਗੀਆਂ।



**ਇਨ੍ਹਾਂ ਨੂੰ ਰਹੇਗੀ ਛੋਟ**

ਦੁਕਾਨਾਂ, ਪੀਡੀਐਸ ਤਹਿਤ ਚੱਲਣ ਵਾਲੇ ਰਾਸ਼ਨ ਡਿੱਪੂ, ਦੁਕਾਨਾਂ, ਖਾਣ-ਪੀਣ, ਦੁੱਧ, ਰਸੋਈ ਦੇ ਸਾਮਾਨ ਆਦਿ ਨਾਲ ਸਬੰਧਿਤ ਦੁਕਾਨਾਂ। ਹਾਲਾਂਕਿ, ਲੋਕਾਂ ਨੂੰ ਘਰਾਂ ਤੋਂ ਘੱਟ ਤੋਂ ਘੱਟ ਨਿਕਲਣਾ ਪਵੇ, ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਹੋਮ ਡਲਿਵਰੀ ਨੂੰ ਵਧਾਏਗੀ।

ਬੈਂਕ, ਇੰਸ਼ੋਰੈਂਸ ਦਫ਼ਤਰ, ਏਟੀਐਮ

ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ

ਦੂਰਸੰਚਾਰ, ਇੰਟਰਨੈੱਟ, ਬ੍ਰਾਡਕਾਸਟ ਤੇ ਕੇਬਲ ਸਰਵਿਸ, ਜ਼ਰੂਰੀ ਸੇਵਾਵਾਂ ਨਾਲ ਜੁੜੀਆਂ ਆਈਟੀ ਇਕਾਈਆਂ, ਹਾਲਾਂਕਿ ਜੇਕਰ ਸੰਭਵ ਹੋਵੇ ਵਰਕ ਐਟ ਹੋਮ।

**ਇਨ੍ਹਾਂ 'ਤੇ ਰਹੇਗੀ ਰੋਕ**

ਗਾਈਡਲਾਈਨ ਅਨੁਸਾਰ, ਵਪਾਰ ਅਤੇ ਨਿੱਜੀ ਕੰਪਨੀਆਂ ਬੰਦ ਰਹਿਣਗੀਆਂ। ਸਾਰੇ ਤਰ੍ਹਾਂ ਦੀ ਜਨਤਕ ਆਵਾਜਾਈ ਬੰਦ ਹੋਵੇਗੀ। ਹਵਾਈ ਅਤੇ ਸੜਕ ਆਵਾਜਾਈ ਵਰਗੀਆਂ ਬੱਸਾਂ ਦੇ ਨਾਲ ਰੇਲਾਂ ਨਹੀਂ ਚੱਲਣਗੀਆਂ। ਪ੍ਰਾਈਵੇਟ ਗੱਡੀਆਂ ਚਲਾਉਣ ਦੀ ਇਜਾਜ਼ਤ ਵੀ ਬੇਹੱਦ ਜ਼ਰੂਰੀ ਹਾਲਾਤ 'ਚ ਹੋਵੇਗੀ। ਮਾਲ, ਹਾਲ, ਜਿਮ, ਸਪਾ, ਸਪੋਰਟਸ ਕਲੱਬ ਬੰਦ ਰਹਿਣਗੇ।

# ਆਮ ਆਦਮੀ ਪਾਰਟੀ ਦੀ ਜਿੱਤ ਅਤੇ ਪੰਜਾਬ ਦੀ ਸਿਆਸਤ

(ਸਫ਼ਾ 11 ਦੀ ਬਾਕੀ)

ਗ਼ੈਰ-ਪੰਜਾਬੀ ਆਗੂਆਂ ਦਾ ਆਪਹੁਦਰਾਪਣ, ਜਿਹੜੇ ਪੰਜਾਬੀਆਂ ਨੂੰ ਆਪਣੀ ਮੁੱਠੀ ਵਿਚ ਹੀ ਸਮਝ ਰਹੇ ਸਨ। ਪਾਰਟੀ ਨੇ ਟਿਕਟਾਂ ਦੀ ਵੰਡ ਵਿਚ ਬਹੁਤ ਗੜਬੜ ਕੀਤੀ ਤੇ ਇਹ ਮਾਝੇ-ਦੋਆਬੇ ਦੀਆਂ 65 ਸੀਟਾਂ ਵਿਚੋਂ ਮਾਝੇ ਵਿਚੋਂ ਕੋਈ ਸੀਟ ਨਾ ਜਿੱਤ ਸਕੀ ਅਤੇ ਦੋਆਬੇ ਵਿਚੋਂ ਇਸ ਨੂੰ ਸਿਰਫ਼ ਦੋ ਸੀਟਾਂ ਮਿਲੀਆਂ। ਅੰਮ੍ਰਿਤਸਰ ਸੰਸਦੀ ਹਲਕੇ ਲਈ ਟਿਕਟ ਬਹੁਤ ਹੀ ਵਿਵਾਦਗ੍ਰਸਤ ਵਿਅਕਤੀ ਨੂੰ ਦਿੱਤੀ ਗਈ ਜਿਹੜਾ ਅਕਾਲੀ ਦਲ ਦੀ ਦਸ ਸਾਲਾ ਹਕੂਮਤ ਦੌਰਾਨ ਉਨ੍ਹਾਂ ਨਾਲ ਰਿਹਾ। ਬਹੁਤ ਸਾਰੇ ਉਮੀਦਵਾਰ ਕੇਂਦਰੀ ਆਗੂਆਂ ਦੀ ਮਿਹਰਬਾਨੀ ਨਾਲ ਰਾਤੋ-ਰਾਤ 'ਆਪ' ਦੀਆਂ ਟਿਕਟਾਂ ਲੈ ਗਏ, ਪਰ ਉਹ ਲੋਕਾਂ ਨੂੰ ਪਸੰਦ ਨਾ ਆਏ। ਇਸ ਤਰ੍ਹਾਂ ਸ੍ਰੀ ਕੇਜਰੀਵਾਲ ਬਹੁਤ ਸ਼ਾਤਿਰ ਸਿਆਸਤਦਾਨ ਬਣ ਕੇ ਉਭਰੇ, ਜਿਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਕਦੋਂ ਫੰਡ ਲੈਣ ਲਈ ਦਾਗ਼ੀ ਉਮੀਦਵਾਰ ਉਤਾਰਨੇ ਹਨ। ਇਸ ਦੌਰਾਨ ਉਨ੍ਹਾਂ ਦੀ ਇਕੋ ਵੇਲੇ ਧੁਰ ਸੱਜੇਪੱਖੀਆਂ ਤੇ ਨਾਲ ਹੀ ਖੱਬੇਪੱਖੀਆਂ ਨਾਲ ਗੰਢ-ਤੁੱਪ ਵੀ ਪਾਰਟੀ ਦੇ ਅਕਸ ਲਈ ਭਾਰੀ ਪਈ। ਉਪਰੋਂ ਉਨ੍ਹਾਂ ਦੇ ਸਾਥੀ ਮਨੀਸ਼ ਸਿਸੋਦੀਆ ਵੱਲੋਂ ਨਵਾਂਸ਼ਹਿਰ ਵਿਚ ਦਿੱਤੇ ਇਸ ਬਿਆਨ ਨੇ ਭੱਠਾ ਬਿਠਾ ਦਿੱਤਾ ਕਿ ਸ੍ਰੀ ਕੇਜਰੀਵਾਲ ਵੀ ਪੰਜਾਬ ਦੇ ਮੁੱਖ ਮੰਤਰੀ ਲਈ ਉਮੀਦਵਾਰ ਹੋ ਸਕਦੇ ਹਨ। ਚੋਣਾਂ ਤੋਂ ਬਾਅਦ ਦੇ ਪੰਜਾਬ ਦੇ ਅੰਕੜਿਆਂ ਤੋਂ ਜ਼ਾਹਰ ਹੈ ਕਿ ਪੰਜਾਬੀ ਕਦੇ ਬਾਹਰਲੇ ਬੰਦੇ ਨੂੰ ਆਪਣਾ ਮੁੱਖ ਮੰਤਰੀ ਨਹੀਂ ਮਨਜ਼ੂਰ ਕਰ ਸਕਦੇ, ਹਾਂ ਸਥਾਨਕ ਆਗੂ ਹਿੰਦੂ-ਸਿੱਖ ਕੋਈ ਵੀ ਚੱਲ ਸਕਦਾ ਹੈ। ਇਸ ਦੇ ਨਾਲ ਹੀ ਕਮਜ਼ੋਰ ਜਥੇਬੰਦਕ ਢਾਂਚਾ, ਸਿਆਸੀ ਤਜਰਬੇ ਦੀ ਘਾਟ, ਉਮੀਦਵਾਰਾਂ ਦੀ ਗ਼ਲਤ ਚੋਣ, ਫ਼ੈਸਲੇ ਲੈਣ ਦੀ ਦਿੱਲੀ ਆਧਾਰਿਤ ਪ੍ਰਕਿਰਿਆ ਆਦਿ ਕਾਰਨ ਪਾਰਟੀ ਦੀ ਜਿੱਤ ਦਾ ਰਾਹ ਔਖਾ ਹੋ ਗਿਆ।

ਇਸ ਹਾਰ ਤੋਂ ਬਾਅਦ ਵੀ ਪਾਰਟੀ ਨੇ ਸਬਕ ਨਹੀਂ ਸਿੱਖਿਆ ਤੇ ਇਸ ਵਿਚ ਅੰਦਰੂਨੀ ਉਥਲ-ਪੁਥਲ ਜਾਰੀ ਰਹੀ। ਸੁਖਪਾਲ ਸਿੰਘ ਖਹਿਰਾ ਨੂੰ 2019 ਦੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਇਆ ਜਾਣਾ, ਐਚ.ਐਸ. ਫੂਲਕਾ ਦਾ ਅਸਤੀਫ਼ਾ, ਹੋਰ ਕਈਆਂ ਦੇ ਅਸਤੀਫ਼ੇ ਤੇ ਪਾਰਟੀ ਨੂੰ ਛੱਡ ਜਾਣਾ ਤੇ ਹਾਲੀਆ ਅਸੈਂਬਲੀ ਜ਼ਿਮਨੀ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਤੋਂ ਪਾਰਟੀ ਸਾਫ਼ ਤੌਰ 'ਤੇ ਨਿਘਾਰ ਵੱਲ ਜਾਂਦੀ ਦਿਖਾਈ ਦੇ ਰਹੀ ਹੈ। 'ਆਪ' ਦਾ ਵਿਧਾਇਕ ਦਲ ਬੁਰੀ ਤਰ੍ਹਾਂ ਦੋਫਾੜ ਹੋ ਕੇ ਰਹਿ ਗਿਆ। ਇਸ ਦੇ ਨਾਲ ਹੀ ਸ੍ਰੀ ਕੇਜਰੀਵਾਲ ਵੱਲੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਮਾਣਹਾਨੀ ਦੇ ਕੇਸ ਵਿਚ ਮੁਆਫ਼ੀ ਮੰਗੇ ਜਾਣ ਨੇ ਉਨ੍ਹਾਂ ਦੇ ਮਜ਼ਬੂਤ ਆਗੂ ਹੋਣ ਦਾ ਵਹਿਮ ਵੀ ਲੋਕ ਮਨਾਂ ਵਿਚੋਂ ਕੱਢ ਦਿੱਤਾ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਸੰਗਰੂਰ ਦੀ ਇਕ ਸੀਟ ਹੀ ਜਿੱਤ ਸਕੀ ਤੇ ਇਸ ਦਾ ਵੋਟ ਆਧਾਰ ਵੀ 2014 ਦੇ 25 ਫ਼ੀਸਦੀ ਤੋਂ ਘਟ ਕੇ 2019 ਵਿਚ ਮਹਿਜ਼ 7.4 ਫ਼ੀਸਦੀ ਰਹਿ ਗਿਆ।

ਪਾਰਟੀ ਦਾ ਪੰਜਾਬ ਵਿਚਲਾ ਇਹ ਸੰਕਟ ਤੇ ਇਸ ਦੇ ਬਾਕੀ ਬਚੇ ਕਾਰਕੁਨਾਂ ਦਾ ਤਾਜ਼ਾ ਜੋਸ਼ ਇਕ ਵੱਡਾ ਸਵਾਲ ਖੜ੍ਹਾ ਕਰਦਾ ਹੈ ਜੋ ਜਥੇਬੰਦਕ ਮਜ਼ਬੂਤੀ, ਲੀਡਰਸ਼ਿਪ ਦੀ ਕੁਆਲਿਟੀ, ਉਮੀਦਵਾਰਾਂ ਦੀ ਚੋਣ ਤੇ ਇਸ ਦੇ ਏਜੰਡੇ ਵਿਚ ਇਖ਼ਲਾਕ ਤੇ ਦਿਆਨਤਦਾਰੀ ਵਰਗੇ ਮੁੱਦਿਆਂ ਸਬੰਧੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਪਾਰਟੀ ਨੂੰ ਆਪਣੀ ਰਣਨੀਤੀ ਦੀ ਨਜ਼ਰਸਾਨੀ ਕਰਨੀ ਪਵੇਗੀ ਤਾਂ ਕਿ ਇਸ ਵਿਚ ਲੋਕਾਂ ਦਾ ਭਰੋਸਾ ਬਹਾਲ ਹੋ ਸਕੇ। ਪਰ ਇਹ ਬਹੁਤ ਔਖਾ ਕੰਮ ਹੈ ਕਿਉਂਕਿ ਇਸ ਦਾ ਆਗੂ ਦਿੱਲੀ ਦੇ ਹਾਲੀਆ ਦੰਗਿਆਂ ਤੇ ਹੋਰ ਅਹਿਮ ਮੁੱਦਿਆਂ ਉੱਤੇ ਧਾਰੀ ਚੁੱਪ ਕਾਰਨ ਲੋਕਾਂ ਦਾ ਭਰੋਸਾ ਗੁਆ ਚੁੱਕਾ ਹੈ। ਦਿੱਲੀ ਦੇ ਇਨ੍ਹਾਂ ਦੰਗਿਆਂ ਨੇ ਪੰਜਾਬੀਆਂ ਨੂੰ 1984 ਦਾ ਕਤਲੇਆਮ ਚੇਤੇ ਕਰਵਾ ਦਿੱਤਾ ਹੈ। ਕਨ੍ਹੱਈਆ ਕੁਮਾਰ ਖ਼ਿਲਾਫ਼ ਦੇਸ਼ਧ੍ਰੋਹ ਦਾ ਕੇਸ ਚਲਾਉਣ ਦੀ ਦਿੱਲੀ ਸਰਕਾਰ ਵੱਲੋਂ ਦਿੱਤੀ ਇਜਾਜ਼ਤ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਵੀ ਪੰਜਾਬੀਆਂ ਦੇ ਗਲ਼ੇ ਨਹੀਂ ਉਤਰੀ। ਇਸ ਦੇ ਨਾਲ ਹੀ ਸ੍ਰੀ ਕੇਜਰੀਵਾਲ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹਾਲੀਆ ਮੀਟਿੰਗ ਨੇ ਵੀ ਉਨ੍ਹਾਂ ਵੱਲੋਂ 'ਆਪ' ਦੀ ਦਿੱਲੀ ਜਿੱਤ ਤੋਂ ਬਾਅਦ ਦੋਹਰੇ ਢੰਗ-ਤਰੀਕੇ ਅਪਣਾਏ ਜਾਣ ਦੇ ਕਈ ਮੁੱਦੇ ਖੜ੍ਹੇ ਕੀਤੇ ਹਨ।

ਇਹ ਕੁਝ ਅਜਿਹੇ ਬੁਨਿਆਦੀ ਮੁੱਦੇ ਹਨ ਜਿਨ੍ਹਾਂ 'ਤੇ ਪੰਜਾਬ ਵਾਸੀ 'ਆਪ' ਦੇ ਪੰਜਾਬ ਦੇ ਆਗੂਆਂ ਤੋਂ ਜਵਾਬ ਮੰਗਣਗੇ। ਉਹ ਆਪਣੇ ਪਾਰਟੀ ਸੁਪਰੀਮੋ ਦੀਆਂ ਇਨ੍ਹਾਂ ਕਾਰਵਾਈਆਂ ਦਾ ਜਵਾਬ ਦੇਣ ਤੇ ਇਨ੍ਹਾਂ ਨੂੰ ਵਾਜਬ ਠਹਿਰਾਉਣ ਵਿਚ ਕਾਮਯਾਬ ਰਹਿੰਦੇ ਹਨ ਜਾਂ ਨਹੀਂ, ਇਹ ਹੀ ਲੱਖਾਂ ਦਾ ਸਵਾਲ ਹੈ।

# ਜਾਂਚ ਏਜੰਸੀਆਂ ਨੂੰ ਮਿਲਣ ਹੋਰ ਅਧਿਕਾਰ

(ਸਫ਼ਾ 17 ਦੀ ਬਾਕੀ)

ਸਬੂਤ ਵਜੋਂ ਸਵੀਕਾਰ ਕਰੇ। ਚੇਤੇ ਰਹੇ ਕਿ ਅਜਿਹੀ ਜਾਂਚ ਦੀ ਘਾਟ ਵਿਚ ਪਤਾ ਨਹੀਂ ਕਿੰਨੇ ਅਪਰਾਧੀ ਸਜ਼ਾ ਤੋਂ ਬਚ ਜਾਂਦੇ ਹਨ। ਇਹ ਚੰਗੀ ਗੱਲ ਹੈ ਕਿ ਬਿਹਾਰ ਸਰਕਾਰ ਨੇ ਬੀਤੇ ਦਿਨੀਂ ਗਵਾਹਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣ ਦਾ ਐਲਾਨ ਕੀਤਾ ਹੈ ਪਰ ਉਹੀ ਕਾਫ਼ੀ ਨਹੀਂ ਹੈ। ਜਾਂਚ ਦਾ ਤਰੀਕਾ ਵੀ ਬਦਲਣ ਦੀ ਜ਼ਰੂਰਤ ਹੈ ਕਿਉਂਕਿ ਅਪਰਾਧ ਦੇ ਤਰੀਕੇ ਵੀ ਸਮੇਂ ਦੇ ਨਾਲ ਬਦਲਦੇ ਜਾ ਰਹੇ ਹਨ। ਸੰਨ 1960 ਦੇ ਦਹਾਕੇ ਤਕ ਭਾਰਤ ਵਿਚ 65 ਫ਼ੀਸਦੀ ਮੁਲਜ਼ਮਾਂ ਨੂੰ ਅਦਾਲਤਾਂ ਤੋਂ ਸਜ਼ਾ ਮਿਲ ਜਾਂਦੀ ਸੀ ਪਰ 1970 ਦੇ ਦਹਾਕੇ ਤੋਂ ਰਾਜਨੀਤੀ ਅਤੇ ਪ੍ਰਸ਼ਾਸਨ ਵਿਚ ਜੋ ਗਿਰਾਵਟ ਸ਼ੁਰੂ ਹੋਈ, ਉਸ ਦਾ ਸਿੱਧਾ ਅਸਰ ਅਪਰਾਧਕ ਨਿਆਂ ਵਿਵਸਥਾ 'ਤੇ ਪਿਆ। ਇਸ ਦਾ ਹੀ ਨਤੀਜਾ ਹੈ ਕਿ ਅੱਜ ਜਬਰ-ਜਨਾਹ ਦੇ ਮਾਮਲਿਆਂ ਵਿਚ ਸੌ ਮੁਲਜ਼ਮਾਂ ਵਿਚੋਂ 73 ਬਚ ਨਿਕਲਦੇ ਹਨ। ਇਸ ਦੇਸ਼ ਵਿਚ ਸੌ ਵਿਚੋਂ 64 ਕਾਤਲ ਸਜ਼ਾ ਤੋਂ ਬਚ ਜਾਂਦੇ ਹਨ। ਆਮ ਅਪਰਾਧਾਂ ਵਿਚ ਤਾਂ ਕੇਵਲ 46 ਫ਼ੀਸਦੀ ਮੁਲਜ਼ਮਾਂ ਨੂੰ ਹੀ ਸਜ਼ਾ ਮਿਲਦੀ ਹੈ। ਬਿਹਾਰ ਵਿਚ ਆਮ ਅਪਰਾਧ ਦੇ ਮੁਲਜ਼ਮਾਂ ਵਿਚੋਂ ਤਾਂ 90 ਫ਼ੀਸਦੀ ਨੂੰ ਕੋਈ ਸਜ਼ਾ ਹੀ ਨਹੀਂ ਹੁੰਦੀ ਜਦਕਿ ਬੰਗਾਲ ਵਿਚ ਸਿਰਫ਼ 11 ਫ਼ੀਸਦੀ ਨੂੰ ਹੀ ਸਜ਼ਾ ਹੁੰਦੀ ਹੈ। ਇਸ ਤੋਂ ਸਥਿਤੀ ਦੀ ਗੰਭੀਰਤਾ ਦਾ ਸਪਸ਼ਟ ਪਤਾ ਲਗਾਇਆ ਜਾ ਸਕਦਾ ਹੈ। ਆਖ਼ਰ ਕਿਹੜਾ ਅਪਰਾਧੀ ਚਾਹੇਗਾ ਕਿ ਉਸ ਦੀ ਅਜਿਹੀ ਵਿਗਿਆਨਕ ਜਾਂਚ ਹੋਵੇ ਜਿਸ ਕਾਰਨ ਉਸ ਦਾ ਅਪਰਾਧ ਪਕੜ ਵਿਚ ਆ ਜਾਵੇ? ਇਸ ਲਈ ਕਿਸੇ ਅਪਰਾਧੀ ਤੋਂ ਇਹ ਉਮੀਦ ਕਰਨੀ ਫਜ਼ੂਲ ਹੀ ਹੋਵੇਗੀ ਕਿ ਉਹ ਖ਼ੁਸ਼ੀ-ਖ਼ੁਸ਼ੀ ਅਜਿਹੀ ਜਾਂਚ ਲਈ ਸਹਿਮਤ ਹੋ ਜਾਵੇਗਾ। ਕੁਝ ਸਾਲ ਪਹਿਲਾਂ ਇਕ ਦੋਹਰਾ ਕਤਲਕਾਂਡ ਸਾਰੇ ਦੇਸ਼ ਵਿਚ ਚਰਚਾ ਦਾ ਵਿਸ਼ਾ ਬਣਿਆ ਸੀ। ਮੁਲਜ਼ਮ ਦੀ ਪਛਾਣ ਵੀ ਹੋ ਚੁੱਕੀ ਸੀ ਪਰ ਉਸ ਨੇ ਸੀਬੀਆਈ ਨੂੰ ਡੀਐਨਏ ਜਾਂਚ ਲਈ ਖ਼ੂਨ ਦਾ ਨਮੂਨਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਨਤੀਜਤਨ ਉਹ ਬਚ ਨਿਕਲਿਆ। ਯਾਦ ਰਹੇ ਕਿ ਅਜਿਹੀ ਜਾਂਚ ਦੀ ਘਾਟ ਵਿਚ ਪਤਾ ਨਹੀਂ ਕਿੰਨੇ ਖ਼ੂੰਖ਼ਾਰ ਅਪਰਾਧੀ ਅਤੇ ਦੇਸ਼ ਧ੍ਰੋਹੀ ਆਏ ਦਿਨ ਸਜ਼ਾ ਤੋਂ ਬਚਦੇ ਜਾ ਰਹੇ ਹਨ। ਸਾਰੇ ਗਵਾਹਾਂ ਨੂੰ ਸਰਕਾਰ ਵੱਲੋਂ ਸੁਰੱਖਿਆ ਮਿਲਣੀ ਸ਼ਾਇਦ ਵਿਵਹਾਰਕ ਤੌਰ 'ਤੇ ਸੰਭਵ ਨਾ ਹੋਵੇ ਪਰ ਨਾਰਕੋ ਟੈਸਟ ਤਾਂ ਸੰਭਵ ਹੈ।

ਅਪਰਾਧੀਆਂ ਦੇ ਹੌਸਲੇ ਉਦੋਂ ਹੀ ਤੋੜੇ ਜਾ ਸਕਦੇ ਹਨ ਜਦ ਉਨ੍ਹਾਂ ਨੂੰ ਸਜ਼ਾਵਾਂ ਮਿਲਣ ਦੀ ਪ੍ਰਤੀਸ਼ਤਤਾ ਵਧੇ। ਮੌਜੂਦਾ ਸਮੇਂ ਸਾਡੇ ਨਿਜ਼ਾਮ ਵਿਚ ਬਹੁਤ ਸਾਰੀਆਂ ਖ਼ਾਮੀਆਂ ਹਨ। ਅਪਰਾਧਾਂ ਦੀ ਤਫ਼ਤੀਸ਼ ਵਿਗਿਆਨਕ ਤਰੀਕੇ ਅਪਣਾ ਕੇ ਨਹੀਂ ਕੀਤੀ ਜਾਂਦੀ। ਵੱਢੀਖੋਰੀ ਅਤੇ ਤਰ੍ਹਾਂ-ਤਰ੍ਹਾਂ ਦੇ ਦਬਾਅ ਕਾਰਨ ਵੱਖ-ਵੱਖ ਜਾਂਚ ਏਜੰਸੀਆਂ ਸਹੀ ਨੂੰ ਗ਼ਲਤ ਅਤੇ ਗ਼ਲਤ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ਼ ਵਿਚ ਹੁੰਦੀਆਂ ਹਨ। ਅਦਾਲਤਾਂ ਵਿਚ ਮੁਕੱਦਮਿਆਂ ਦੇ ਲੱਗੇ ਅੰਬਾਰਾਂ ਕਾਰਨ ਫ਼ੈਸਲੇ ਆਉਣ ਵਿਚ ਕਈ-ਕਈ ਸਾਲ ਲੱਗ ਜਾਂਦੇ ਹਨ। ਫਿਰ ਫ਼ੈਸਲਿਆਂ ਨੂੰ ਉਚੇਰੀਆਂ ਅਦਾਲਤਾਂ ਵਿਚ ਚੁਣੌਤੀ ਦੇ ਕੇ ਮਾਮਲੇ ਨੂੰ ਇੰਨਾ ਲੰਬਾ ਖਿੱਚਿਆ ਜਾਂਦਾ ਹੈ ਕਿ ਪੀੜਤ ਧਿਰ ਤੌਬਾ ਕਰਨ ਲੱਗਦੀ ਹੈ। ਉਕਤ ਸਭ ਦਾ ਹੱਲ ਇਹੀ ਹੈ ਕਿ ਤਫ਼ਤੀਸ਼ੀ ਏਜੰਸੀਆਂ ਨੂੰ ਸਮੇਂ ਦੇ ਹਾਣ ਦੀਆਂ ਬਣਾਇਆ ਜਾਵੇ ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਦਬਾਅ ਦੇ ਕੰਮ ਕਰਨ ਦਿੱਤਾ ਜਾਵੇ। ਨਾਲ ਹੀ ਉਨ੍ਹਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ।

# ਸੱਤਾਧਾਰੀਆਂ ਦੀ ਕ੍ਰੋਨੋਲਾਜੀਕਲ ਸਿਆਸਤ

(ਸਫ਼ਾ 4 ਦੀ ਬਾਕੀ)

ਹੋਣ ਬਾਰੇ ਇਸੇ ਤਰ੍ਹਾਂ ਹੀ ਜ਼ੋਰ ਦਿੱਤਾ ਸੀ। ਇਸ ਕਰਕੇ ਆਉਣ ਵਾਲੇ ਸੰਕਟ ਦੀ ਕ੍ਰੋਨੋਲਾਜੀ ਨੂੰ ਵੀ ਸਮਝਣਾ ਬਣਦਾ ਹੈ।

ਸੰਸਦ ਦੇ ਸਰਦ ਰੁੱਤ ਦੇ ਸੈਸ਼ਨ ਵਿਚ ਅਮਿਤ ਸ਼ਾਹ ਨੇ ਸੀਏਏ, ਐਨਆਰਸੀ ਅਤੇ ਐਨਪੀਆਰ ਬਾਰੇ ਗੱਲ ਕਰਦਿਆਂ ਕਿਹਾ ਸੀ ਕਿ ਇਨ੍ਹਾਂ ਦੀ ਕ੍ਰੋਨੋਲਾਜੀ ਸਮਝੋ। ਇਸ ਕ੍ਰੋਨੋਲਾਜੀ ਨੂੰ ਦੋ ਹੋਰ ਪੱਖਾਂ ਤੋਂ ਸਮਝਣ ਦੀ ਲੋੜ ਹੈ; ਜਿਵੇਂ 1984 ਵਿਚ ਸਾਕਾ ਨੀਲਾ ਤਾਰਾ ਅਤੇ ਦਿੱਲੀ ਵਿਚ ਸਿੱਖ ਕਤਲੇਆਮ ਹੋਇਆ, 1992 ਵਿਚ ਬਾਬਰੀ ਮਸਜਿਦ ਢਾਹੀ ਗਈ, 1999 ਵਿਚ ਕੰਧਮਾਲ ਵਿਚ ਇਸਾਈਆਂ ਦਾ ਕਤਲੇਆਮ ਕੀਤਾ ਗਿਆ, 2002 ਵਿਚ ਗੁਜਰਾਤ ਵਿਚ ਮੁਸਲਿਮ ਕਤਲੇਆਮ ਹੋਇਆ, 2013 ਵਿਚ ਯੂਪੀ ਵਿਚ ਮੁਜ਼ੱਫਰ ਨਗਰ ਕਤਲੇਆਮ ਅਤੇ ਹੁਣ ਦਿਲੀ ਵਿਚ ਫਿਰ ਮੁਸਲਿਮ ਕਤਲੇਆਮ ਹੋਇਆ ਹੈ।

ਇਨ੍ਹਾਂ ਸਾਰੇ ਹਮਲਿਆਂ ਨੂੰ ਧਾਰਮਿਕ ਘੱਟ ਗਿਣਤੀਆਂ ਉੱਤੇ ਹੋਏ ਹਮਲਿਆਂ ਦੀ ਕ੍ਰੋਨੋਲਾਜੀ ਵਿਚ ਸਮਝਿਆ ਜਾ ਸਕਦਾ ਹੈ ਜਿਸ ਦਾ ਮੁੱਖ ਨਿਸ਼ਾਨਾ ਮੁਸਲਿਮ ਭਾਈਚਾਰੇ ਦੇ ਲੋਕ ਹਨ। ਇਨ੍ਹਾਂ ਸਾਰੇ ਸਮਿਆਂ ਨੂੰ ਵਿਧਾਨ ਸਭਾਵਾਂ ਅਤੇ ਲੋਕ ਸਭਾ ਚੋਣਾਂ ਤੋਂ ਐਨ ਪਹਿਲੇ ਹੋਣ ਦੀ ਕ੍ਰੋਨੋਲਾਜੀ ਵਿਚ ਸਮਝਣ ਨਾਲ ਤਸਵੀਰ ਬਹੁਤ ਸਾਫ਼ ਹੋ ਜਾਂਦੀ ਹੈ। ਇਸ ਦਾ ਇਕ ਪੱਖ ਹੋਰ ਵੀ ਹੈ, ਜਿਵੇਂ 1987 ਤੋਂ ਬਾਅਦ ਰਾਮ ਮੰਦਿਰ ਬਣਾਉਣ ਦੀ ਰੱਥ ਯਾਤਰਾ ਮੁਹਿੰਮ ਰਾਹੀਂ ਬੀਜੇਪੀ ਨੇ ਮੁਸਲਿਮ ਵਿਰੋਧੀ ਪ੍ਰਚਾਰ ਮੁਹਿੰਮ ਨੂੰ ਆਪਣੀ ਰਾਜਨੀਤੀ ਦੇ ਕੇਂਦਰ ਵਿਚ ਰੱਖ ਕੇ ਕੰਮ ਕੀਤਾ। 1985 ਦੀਆਂ ਲੋਕ ਸਭਾ ਚੋਣਾਂ ਸਮੇਂ ਇਸ ਪਾਰਟੀ ਕੋਲ ਦੋ ਸੀਟਾਂ ਸਨ ਜਿਹੜੀਆਂ 1989 ਤੱਕ ਵਧ ਕੇ 85 ਹੋ ਗਈਆਂ ਸਨ। ਇਸ ਤੋਂ ਬਾਅਦ ਅੱਜ ਸਪੱਸ਼ਟ ਬਹੁਮਤ ਤੱਕ ਪਹੁੰਚਣ ਦੇ ਸਫ਼ਰ ਨੂੰ ਹਿੰਦੂ ਬਹੁਗਿਣਤੀ ਵੋਟ ਬੈਂਕ ਵਿਚ ਹੋ ਰਹੇ ਵਾਧੇ ਦੀ ਕ੍ਰੋਨੋਲਾਜੀ ਨਾਲ ਸਮਝਣ ਦੀ ਲੋੜ ਹੈ।

ਇਸ ਵਰਤਾਰੇ ਨੂੰ ਸਮਝਣ ਲਈ ਬਹੁਤ ਸਾਰੇ ਪੁਖ਼ਤਾ ਤੱਥ ਅਤੇ ਸਬੂਤ ਮੌਜੂਦ ਹਨ। ਫਿਰ ਵੀ ਇਕ ਸਵਾਲ ਸਦਾ ਰਹਿੰਦਾ ਹੈ ਕਿ ਇਹ ਵਰਤਾਰਾ ਰੁਕਦਾ ਕਿਉਂ ਨਹੀਂ? ਇਹ ਕਤਲੇਆਮ ਕਿਉਂ ਕਰਵਾਏ ਜਾਂਦੇ ਹਨ? ਇਸ ਤਰ੍ਹਾਂ ਦੇ ਕਤਲੇਆਮ ਕਿਵੇਂ ਅੰਜਾਮ ਦਿੱਤੇ ਜਾਂਦੇ ਹਨ? ਇਸ ਵਿਚ ਕਿਹੜੀਆਂ ਸ਼ਕਤੀਆਂ ਜ਼ਿੰਮੇਵਾਰ ਹਨ? ਇਹ ਕਤਲੇਆਮ ਕੌਣ ਕਰਦਾ ਹੈ? ਇਨ੍ਹਾਂ ਸਵਾਲਾਂ ਨੂੰ ਭਾਰਤ ਅਤੇ ਸੰਸਾਰ ਦੇ ਇਤਿਹਾਸ ਤੇ ਵਰਤਮਾਨ ਦੇ ਹਵਾਲੇ ਨਾਲ ਪੜਤਾਲ ਕੇ ਹੀ ਸਮਝਿਆ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਤਾਂ ਇਸ ਵਰਤਾਰੇ ਲਈ ਜ਼ਿੰਮੇਵਾਰ ਕਾਰਨ ਸਮਝਣੇ ਜ਼ਰੂਰੀ ਹੈ। 1985 ਤੋਂ ਬਾਅਦ ਭਾਰਤੀ ਰਾਜਨੀਤੀ ਦੇ ਬੁਨਿਆਦੀ ਖਾਸੇ ਦਾ ਰੂਪ ਉਜਾਗਰ ਹੋਣਾ ਸ਼ੁਰੂ ਹੋਇਆ ਹੈ। ਭਾਰਤੀ ਹੁਕਮਰਾਨਾਂ ਨੇ ਇਸ ਗੱਲ ਨੂੰ ਸਮਝ ਲਿਆ ਕਿ ਹੁਣ ਵਿਕਾਸ, ਗਰੀਬੀ ਹਟਾਓ, ਮੰਡਲ ਕਮਿਸ਼ਨ ਆਦਿ ਨਾਲ ਸੱਤਾ ਹਾਸਿਲ ਕਰਨਾ ਮੁਸ਼ਕਿਲ ਹੈ। ਉਨ੍ਹਾਂ ਆਪਣੇ ਵਿਦੇਸ਼ੀ ਆਕਾਵਾਂ ਨੂੰ ਖ਼ੁਸ਼ ਕਰਨ ਲਈ ਭਾਰਤੀ ਮੰਡੀ ਲਈ ਵਿੱਤੀ ਪੂੰਜੀ ਦੇ ਰਾਹ 1991 ਵਿਚ ਖੋਲ੍ਹ ਦਿੱਤੇ ਸਨ। ਫਿਰ 1992 ਵਿਚ ਬੰਬਈ, ਮਾਲੇਗਾਓਂ, ਸਮਝੌਤਾ ਐਕਸਪ੍ਰੈੱਸ, ਬਾਟਲਾ ਹਾਊਸ ਅਤੇ ਕਈ ਹੋਰ ਧਮਾਕੇ ਹੋਏ। ਇਨ੍ਹਾਂ ਵਿਚ ਜ਼ਿਆਦਾਤਰ ਮੁਸਲਿਮਾਂ ਨੂੰ ਨਾਮਜ਼ਦ ਕੀਤਾ ਗਿਆ।

ਉਨ੍ਹਾਂ ਨੇ ਸਿੱਖਾਂ ਤੋਂ ਬਾਅਦ ਨਵੇਂ ਦੁਸ਼ਮਣ ਦੇ ਰੂਪ ਵਿਚ ਮੁਸਲਿਮ ਭਾਈਚਾਰੇ ਦੀ ਨਿਸ਼ਾਨਦੇਹੀ ਕਰ ਲਈ ਹੈ। ਇਸ ਭਾਈਚਾਰੇ ਨੂੰ ਦੁਸ਼ਮਣ ਦੱਸ ਕੇ ਭਾਰਤ ਦੀ 82 ਫ਼ੀਸਦੀ ਹਿੰਦੂ ਆਬਾਦੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੋਟਾਂ ਵਿਚ ਸੌਖਿਆਂ ਤਬਦੀਲ ਕੀਤਾ ਜਾ ਸਕਦਾ ਹੈ। ਇਸ ਤੱਥ ਨੂੰ ਸੁਪਰੀਮ ਕੋਰਟ ਦੇ ਸੰਸਦ ਹਮਲੇ ਵਾਲੇ ਫੈਸਲੇ ਦੇ ਇਕ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਅਫ਼ਜ਼ਲ ਗੁਰੂ ਨੂੰ ਫਾਂਸੀ ਦੀ ਸਜ਼ਾ ਦੇਣ ਸਮੇਂ ਕਿਹਾ ਗਿਆ ਸੀ ਕਿ ਬੇਸ਼ੱਕ ਕੁੱਲ 80 ਗਵਾਹਾਂ ਦੀ ਗਵਾਹੀ ਤੋਂ ਬਾਅਦ ਸਾਬਿਤ ਤਾਂ ਨਹੀਂ ਹੁੰਦਾ ਕਿ ਅਫ਼ਜ਼ਲ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੈ ਪਰ ਭਾਰਤ ਦੀ ਬਹੁਗਿਣਤੀ ਦੀਆਂ ਭਾਵਨਾਵਾਂ ਦੀ ਸੰਤੁਸ਼ਟੀ ਲਈ ਇਸ ਨੂੰ ਫਾਂਸੀ ਲਾਉਣਾ ਜ਼ਰੂਰੀ ਹੈ। ਦੰਗਿਆਂ ਵਾਲੇ ਵਰਤਾਰੇ ਦੇ ਨਾ ਰੁਕਣ ਦਾ ਕਾਰਨ ਇਹੀ ਹੈ।

ਸੱਤਾਧਿਰ ਹਿੰਦੂ ਧਰਮ ਵਿਚੋਂ ਗਰੀਬ, ਬੇਰੁਜ਼ਗਾਰ ਨੌਜਵਾਨਾਂ ਦੇ ਇਕ ਹਿੱਸੇ ਨੂੰ ਉਕਸਾ ਕੇ ਆਪਣੇ ਏਜੰਡੇ ਮੁਤਾਬਿਕ ਵਰਤਣ ਲਈ ਪੂਰਾ ਜ਼ੋਰ ਲਾ ਰਹੀ ਹੈ। ਰਿਪੋਰਟਾਂ ਹਨ ਕਿ ਆਰਐੱਸਐੱਸ ਦੀ ਸ਼ਾਖਾਵਾਂ ਅਤੇ ਸਕੂਲਾਂ ਵਿਚ ਇਕ ਖ਼ਾਸ ਫ਼ਿਰਕੇ ਖ਼ਿਲਾਫ਼ ਜ਼ਹਿਰ ਭਰਿਆ ਜਾ ਰਿਹਾ ਹੈ। ਕਥਿਤ ਕਤਲੇਆਮ ਲਈ ਰਾਜਕੀ ਮਸ਼ੀਨਰੀ ਦੀ ਸਿੱਧੀ ਹਮਾਇਤ ਲਈ ਜਾਂਦੀ ਹੈ। ਗੁਜਰਾਤ ਵਿਚ ਜੋ ਕੁਝ ਵੀ ਹੋਇਆ ਸੀ, ਇਸ ਵਿਚ ਰਾਜਕੀ ਮਸ਼ੀਨਰੀ ਬਾਰੇ ਤੱਥ ਰਾਣਾ ਅਯੂਬ, ਤੀਸਤਾ ਸੀਤਲਵਾੜ ਦੀਆਂ ਕਿਤਾਬਾਂ ਵਿਚੋਂ ਪੜ੍ਹੇ ਜਾ ਸਕਦੇ ਹਨ। ਇਸ ਦਾ ਮੀਡੀਆ ਅਤੇ ਸੋਸ਼ਲ ਮੀਡੀਆ ਨਾਲ ਵੀ ਸਬੰਧ ਹੈ। ਭਗਤ ਸਿੰਘ ਵੀ ਆਪਣੇ ਲੇਖ ਵਿਚ ਉਸ ਸਮੇਂ ਦੀਆਂ ਅਖ਼ਬਾਰਾਂ ਦੀ ਦੰਗਿਆਂ ਵਿਚਲੀ ਕਥਿਤ ਭਾਗੀਦਾਰੀ ਨੂੰ ਜ਼ਿੰਮੇਵਾਰ ਮੰਨਦਾ ਹੈ। ਅੱਜ ਇਹ ਕੰਮ ਮੁੱਖ ਰੂਪ ਵਿਚ ਟੀਵੀ ਅਤੇ ਮੋਬਾਇਲ ਰਾਹੀਂ ਕੀਤਾ ਜਾ ਰਿਹਾ ਹੈ। ਜ਼ਾਹਿਰ ਹੈ ਕਿ ਮੁਸਲਮਾਨਾਂ ਤੋਂ ਇਲਾਵਾ ਹੋਰ ਧਾਰਮਿਕ ਘੱਟਗਿਣਤੀਆਂ ਅਤੇ ਕੌਮਾਂ ਵੀ ਹੁਣ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਇਸ ਦੇ ਨਾਲ ਹੀ ਆਮ ਕਿਸਾਨ, ਮਜ਼ਦੂਰ, ਬੇਰੁਜ਼ਗਾਰ, ਔਰਤਾਂ, ਦਲਿਤ, ਆਦਿਵਾਸੀ ਸਭ ਇਸ ਦੀ ਮਾਰ ਹੇਠ ਹਨ। ਸੱਤਾਧਿਰ ਦੇ ਆਰੰਭ ਕੀਤੇ ਇਸ ਵਰਤਾਰੇ ਨੂੰ ਪਛਾਣਨ ਲਈ ਸਾਰੀਆਂ ਪੀੜਤ ਧਿਰਾਂ ਅਤੇ ਹੋਰ ਇਨਸਾਫ਼ ਪਸੰਦ ਲੋਕਾਂ ਦਾ ਏਕਾ ਹੀ ਅਜਿਹੀ ਕਤਲੋਗਾਰਤ ਅਤੇ ਲੁੱਟਖਸੁੱਟ ਤੋਂ ਨਿਜਾਤ ਕਰਵਾਉਣ ਵਿਚ ਕਾਮਯਾਬ ਹੋ ਸਕਦਾ ਹੈ। ਇਸ ਏਕਤਾ ਸਦਕਾ ਹੀ ਸਾਰੇ ਧਰਮਾਂ, ਤਬਕਿਆਂ, ਜਮਾਤਾਂ ਦੀ ਬਰਾਬਰੀ ਦਾ ਰਾਜ ਆ ਸਕਦਾ ਹੈ। ਇਸ ਨਾਲ ਹੀ ਮਨੁੱਖ ਹੱਥੋਂ ਵਾਲਾ ਰਾਜ ਖ਼ਤਮ ਕੀਤਾ ਜਾ ਸਕਦਾ ਹੈ। ਸ਼ਹੀਦ ਭਗਤ ਸਿੰਘ ਸਮੇਤ ਮਾਰਚ ਮਹੀਨੇ ਦੇ ਸ਼ਹੀਦਾਂ ਨੂੰ ਇਹੀ ਸੱਚੀ ਸ਼ਰਧਾਂਜਲੀ ਹੈ।

# ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਨਾਲ ਨਾਤਾ

ਮਜੀਦ ਸ਼ੇਖ਼

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਲਾਹੌਰ ਸ਼ਹਿਰ ਨੂੰ ਬਹੁਤ ਫ਼ਾਇਦਾ ਹੋਇਆ। ਜੇ ਇਸ ਸਬੰਧ ਵਿਚ ਉਨ੍ਹਾਂ ਦੇ ਚਿਰਸਥਾਈ ਯੋਗਦਾਨ ਨੂੰ ਦੇਖਣਾ ਹੈ ਤਾਂ ਅਸੀਂ ਅੰਦਰੂਨੀ ਸ਼ਹਿਰ ਦੇ ਉੱਤਰੀ ਹਿੱਸੇ ਅਤੇ ਇਸ ਦੇ ਕਿਲ੍ਹੇ ਦੀਆਂ ਦੀਵਾਰਾਂ ਨੂੰ ਦੇਖਣਾ ਚਾਹੀਦਾ ਹੈ।

ਇਸ 'ਇਕ ਅੱਖ ਵਾਲੇ ਮਹਾਰਾਜੇ' ਦੀ ਸੋਚ ਦੀ ਥਾਹ ਪਾਉਣ ਲਈ ਸਾਨੂੰ ਸਮਝਣਾ ਹੋਵੇਗਾ ਕਿ ਉਨ੍ਹਾਂ ਬਹੁਤ ਹੀ ਮਾਹਿਰਾਨਾ ਤੇ ਆਧੁਨਿਕ ਢੰਗ ਨਾਲ ਕੰਮ ਕੀਤਾ, ਖ਼ਾਸਕਰ ਆਪਣੇ ਸਮੇਂ ਦੇ ਹਿਸਾਬ ਨਾਲ। ਉਸ ਵਕਤ ਯੂਰੋਪ ਵਿਚ ਬਾਦਸ਼ਾਹ ਨੈਪੋਲੀਅਨ ਦੀ ਵਾਟਰਲੂ ਦੀ ਜੰਗ ਵਿਚ ਹਾਰ ਹੋਈ ਹੀ ਸੀ। ਭਾਰਤ ਵਿਚ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਦੇ ਭੇਸ 'ਚ ਕਬਜ਼ਾ ਜਮਾ ਲਿਆ ਸੀ ਤੇ ਉਹ ਦੇਸ਼ ਦੇ ਧੁਰ ਪੂਰਬੀ ਸਿਰੇ ਤੋਂ ਪੱਛਮ ਵੱਲ ਅੱਗੇ ਵਧ ਰਹੇ ਸਨ। ਜਦੋਂ ਤੱਕ ਮਹਾਰਾਜਾ ਜ਼ਿੰਦਾ ਰਿਹਾ, ਅੰਗਰੇਜ਼ ਪੰਜਾਬ ਤੋਂ ਲਾਂਭੇ ਹੀ ਰਹੇ। ਸ਼ੇਰ-ਏ-ਪੰਜਾਬ ਮਹਾਰਾਜਾ ਹਮੇਸ਼ਾ ਅੰਗਰੇਜ਼ਾਂ ਤੋਂ ਇਕ ਕਦਮ ਅਗਾਂਹ ਹੀ ਰਹਿੰਦਾ ਸੀ। ਮਹਾਰਾਜੇ ਨੇ ਜਦੋਂ ਸ਼ੇਰਾਂ ਵਾਲਾ ਗੇਟ ਉਸਾਰਿਆ ਤਾਂ ਦੋ ਅਸਲੀ ਸ਼ੇਰ ਉੱਥੇ ਬੰਨ੍ਹ ਦਿੱਤੇ, ਜਿੱਥੇ ਪਹਿਲਾਂ ਕਿਸੇ ਸਮੇਂ



ਖ਼ਿਜਰੀ ਗੇਟ ਹੁੰਦਾ ਸੀ।

ਲਾਹੌਰ ਵਿਚ ਪਹਿਲਾ ਯੂਰੋਪੀਅਨ 'ਹਥਿਆਰਬੰਦ ਅੱਡਾ' ਫਰਾਂਸੀਸੀਆਂ ਦਾ ਸੀ, ਨਾ ਕਿ ਅੰਗਰੇਜ਼ਾਂ ਦਾ। ਨੈਪੋਲੀਅਨ ਦੀ ਫ਼ੌਜ ਦੇ ਅਨੇਕਾਂ ਹਾਰੇ ਹੋਏ ਜਰਨੈਲ ਮਹਾਰਾਜੇ ਦੇ ਲਾਹੌਰ ਦਰਬਾਰ ਵਿਚ ਪੁੱਜ ਗਏ ਤੇ ਮਹਾਰਾਜੇ ਨੇ ਉਨ੍ਹਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ। ਇਨ੍ਹਾਂ ਫਰਾਂਸੀਸੀ ਜਰਨੈਲਾਂ ਨੇ ਲਾਹੌਰ ਦਾ ਸਿਵਲ ਸਕੱਤਰੇਤ ਬਣਾਇਆ ਜਿਹੜਾ ਅਨਾਰਕਲੀ ਦੇ ਮਕਬਰੇ ਦੇ ਨਾਲ ਲੱਗਦਾ ਸੀ। ਇਨ੍ਹਾਂ ਫਰਾਂਸੀਸੀ ਸਲਾਹਕਾਰਾਂ ਨੇ 'ਪੰਜਾਬ ਦੇ ਹਾਲਾਤ' ਦਾ ਅਧਿਐਨ ਕੀਤਾ। ਉਨ੍ਹਾਂ ਨੇ ਮਹਾਰਾਜੇ ਨੂੰ ਸਲਾਹ ਦਿੱਤੀ ਕਿ ਨਾ ਸਿਰਫ਼ ਲਾਹੌਰ ਦੀਆਂ ਦੀਵਾਰਾਂ ਨੂੰ ਮਜ਼ਬੂਤ ਕੀਤਾ ਜਾਵੇ ਸਗੋਂ ਇਨ੍ਹਾਂ ਦੁਆਲੇ ਇਕ ਖਾਈ ਵੀ ਪੁੱਟੀ ਜਾਵੇ। ਇਸ ਮਕਸਦ ਲਈ ਰਾਵੀ ਦਰਿਆ ਦਾ ਇਸਤੇਮਾਲ ਕੀਤਾ ਗਿਆ ਅਤੇ ਚੁੱਕਵੇਂ ਪੁਲ਼ ਬਣਾਏ ਗਏ। ਇਸ ਕਾਰਵਾਈ ਪਿੱਛੇ ਠੋਸ ਕਾਰਨ ਤੇ ਫ਼ੌਜੀ ਸੋਚ ਵਾਲਾ ਤਰਕ ਸੀ। ਤੋਪਾਂ ਦੇ ਆਉਣ ਨਾਲ ਦੀਵਾਰਾਂ ਨੂੰ ਆਸਾਨੀ ਨਾਲ ਡੇਗਿਆ ਜਾ ਸਕਦਾ ਸੀ ਜਿਸ ਕਾਰਨ ਘੁਸਪੈਠਾਂ ਨੂੰ ਰੋਕਣ ਲਈ ਵਾਧੂ ਅੜਿੱਕੇ ਕਾਇਮ ਕਰਨ ਦੀ ਲੋੜ ਸੀ। ਇਸ ਲਈ ਦੀਵਾਰ ਦੇ ਨਾਲ ਖਾਈ ਵਧੀਆ ਤਰੀਕਾ ਸੀ ਅਤੇ ਮਹਾਰਾਜੇ ਨੇ ਇਹ ਉਸਾਰੀ ਵੱਡੇ ਪੱਧਰ 'ਤੇ ਕੀਤੀ।

ਸੰਨ 1847 ਤੋਂ ਬਾਅਦ ਅੰਗਰੇਜ਼ਾਂ ਨੇ ਖਾਈਆਂ ਭਰ ਦਿੱਤੀਆਂ ਅਤੇ ਉੱਥੇ ਮੁੜ ਮੁਗ਼ਲ ਜ਼ਮਾਨੇ ਵਾਂਗ ਬਾਗ਼ ਲਾ ਦਿੱਤੇ। ਅਸਲ ਵਿਚ ਇਹ ਅੰਗਰੇਜ਼ਾਂ ਦੀ ਸੋਚੀ-ਸਮਝੀ ਚਾਲ ਸੀ ਤਾਂ ਕਿ ਦੁਬਾਰਾ 1857 ਦੇ ਗ਼ਦਰ ਵਰਗੀ ਘਟਨਾ ਵਾਪਰਨ ਦੀ ਸੂਰਤ ਵਿਚ ਪੰਜਾਬੀ ਲੋਕ ਲਾਹੌਰ ਦੀ ਰਾਖੀ ਨਾ ਕਰ ਸਕਣ।

ਉਂਜ ਅੰਗਰੇਜ਼ਾਂ ਨੇ ਸਾਰੀਆਂ ਦੀਵਾਰਾਂ ਨਹੀਂ ਢਾਹੀਆਂ। ਉਨ੍ਹਾਂ ਜਾਣ-ਬੁੱਝ ਕੇ, ਜਿਵੇਂ ਕਿ ਪੰਜਾਬ ਗਜ਼ਟ ਵੀ ਸ਼ਾਹਦੀ ਭਰਦਾ ਹੈ, ਇਸ ਗੱਲ ਨੂੰ ਉਤਸ਼ਾਹਿਤ ਕੀਤਾ ਕਿ ਦੱਖਣ ਵੱਲ ਦੀਆਂ ਦੀਵਾਰਾਂ ਢਾਹ ਦਿੱਤੀਆਂ ਜਾਣ ਤੇ ਉੱਤਰੀ ਪਾਸੇ ਦੀਆਂ ਕੰਧਾਂ ਨੂੰ ਉਨ੍ਹਾਂ ਸਲਾਮਤ ਰੱਖਿਆ। ਸੰਭਵ ਤੌਰ 'ਤੇ ਇਹ ਇਕ ਰਣਨੀਤੀ ਤਹਿਤ ਕੀਤਾ ਗਿਆ ਤਾਂ ਕਿ ਜੇ ਲੋੜ ਪਵੇ ਤਾਂ ਇਕ ਵਾਰੀ ਦੱਖਣ, ਜਿਸ ਪਾਸੇ ਅੰਗਰੇਜ਼ਾਂ ਦੀ ਫ਼ੌਜ ਦਾ ਮੁੱਖ ਗੜ੍ਹ ਸੀ, ਨੂੰ ਸੁਰੱਖਿਅਤ ਕਰ ਲੈਣ ਤੋਂ ਬਾਅਦ ਸ਼ਹਿਰ ਵਿਚਲੇ ਸਾਰੇ 'ਬਾਗ਼ੀਆਂ' ਨੂੰ ਖ਼ਤਮ ਕੀਤਾ ਜਾ ਸਕੇ। ਇਹ ਇਤਿਹਾਸ ਦਾ ਇਕ ਅਫ਼ਸੋਸਨਾਕ ਤੱਥ ਹੈ ਕਿ ਪੰਜਾਬੀ ਜਾਗੀਰੂ ਮਾਲਕਾਂ ਨੇ 'ਆਜ਼ਾਦੀ ਦੀ ਜੰਗ' ਨੂੰ ਦਰੜਨ ਲਈ ਅੰਗਰੇਜ਼ਾਂ ਦੀ ਭਰਪੂਰ ਮਦਦ ਕੀਤੀ ਅਤੇ ਅੱਜ ਵੀ ਭਾਰਤ ਅਤੇ ਪਾਕਿਸਤਾਨ ਦੋਵਾਂ ਦੀਆਂ ਹਥਿਆਰਬੰਦ ਫ਼ੌਜਾਂ ਵਿਚ ਪੰਜਾਬੀਆਂ ਦਾ ਦਬਦਬਾ ਹੈ।

ਦੀਵਾਰਾਂ ਵਾਲੇ ਅੰਦਰੂਨੀ ਸ਼ਹਿਰ ਦੇ ਉੱਤਰੀ ਹਿੱਸੇ ਵਿਚ, ਐਨ ਮਸਤੀ ਗੇਟ ਤੋਂ ਸ਼ੁਰੂ ਹੋ ਕੇ ਕਸ਼ਮੀਰੀ ਗੇਟ ਤੱਕ ਅਤੇ ਅਗਾਂਹ ਸ਼ੇਰਾਂਵਾਲਾ ਗੇਟ, ਜਿਸ ਨੂੰ ਪਹਿਲਾਂ ਖ਼ਿਜ਼ਰੀ ਗੇਟ ਆਖਿਆ ਜਾਂਦਾ ਸੀ ਤੇ ਇਸ ਤੋਂ ਵੀ ਅਗਾਂਹ ਯੱਕੀ ਗੇਟ ਤੱਕ ਲੰਬੀਆਂ ਤੇ ਮਜ਼ਬੂਤ ਕਿਲ੍ਹੇਬੰਦ ਦੀਵਾਰਾਂ ਸਨ। ਅੰਗਰੇਜ਼ਾਂ ਨੇ 1857 ਦੇ ਗੜਬੜਜ਼ਦਾ ਦਿਨਾਂ ਦੌਰਾਨ ਇਨ੍ਹਾਂ ਸਾਰੇ ਗੇਟਾਂ ਨੂੰ ਬੰਦ ਕਰ ਦਿੱਤਾ ਅਤੇ ਇੰਝ ਸ਼ਹਿਰ ਦੇ ਉੱਤਰੀ ਹਿੱਸੇ ਨੂੰ ਇਕ ਤਰ੍ਹਾਂ ਬਾਕੀ ਸ਼ਹਿਰ ਨਾਲੋਂ ਕੱਟ ਦਿੱਤਾ। ਉਨ੍ਹਾਂ ਬਾਕੀ ਦੇ ਗੇਟਾਂ ਨਾਲ ਵੀ ਇੰਝ ਹੀ ਕੀਤਾ ਅਤੇ ਸਿਰਫ਼ ਟਕਸਾਲੀ ਗੇਟ, ਭੱਟੀ ਗੇਟ ਤੇ ਲੋਹਾਰੀ ਗੇਟ ਹੀ ਖੁੱਲ੍ਹੇ ਛੱਡੇ। ਇਸ ਪਿੱਛੇ ਇਹ ਸੋਚ ਕੰਮ ਕਰਦੀ ਸੀ ਕਿ ਜੇ ਲਾਹੌਰ ਉੱਤੇ ਹਮਲਾ ਹੋਇਆ ਤਾਂ ਇਨ੍ਹਾਂ ਗੇਟਾਂ ਦੀ ਨਾਕਾਬੰਦੀ ਆਸਾਨੀ ਨਾਲ ਕੀਤੀ ਜਾ ਸਕੇਗੀ ਤੇ ਸ਼ਹਿਰ ਦੀ ਹਿਫ਼ਾਜ਼ਤ ਹੋ ਸਕੇਗੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਲਖਨਊ ਤੇ ਹੋਰ ਉੱਤਰੀ ਸ਼ਹਿਰਾਂ ਵਿਚ ਕੀਤਾ ਗਿਆ ਸੀ। ਇਸ ਦੌਰਾਨ ਸ਼ਹਿਰ ਦੀ ਬਣਤਰ ਨੂੰ ਵੀ ਜ਼ਿਹਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਜੇ ਤੁਸੀਂ ਸ਼ਹਿਰ ਦੇ ਟਕਸਾਲੀ ਤੇ ਲੋਹਾਰੀ ਗੇਟਾਂ ਵਾਲੇ ਖੇਤਰ ਨੂੰ ਵੱਖ ਕਰਨਾ ਹੋਵੇ ਅਤੇ ਬਾਹਰੀ ਬਿੰਦੂ ਬਾਰੂਦਖ਼ਾਨੇ ਦੇ ਲਾਗੇ ਧਿਆਨ ਸਿੰਘ ਦੀ ਹਵੇਲੀ ਨੂੰ ਮੰਨਿਆ ਜਾਵੇ ਤਾਂ ਤੁਸੀਂ ਦੇਖੋਗੇ ਕਿ ਭੱਟ ਰਾਜਪੂਤ, ਜਾਂ ਸਿੱਧੇ ਤੌਰ 'ਤੇ ਆਖੀਏ ਭੱਟੀ ਲੋਕ ਜਿਹੜੇ ਬਹੁਤ ਹੀ ਆਜ਼ਾਦੀਪਸੰਦ ਸਨ, ਇਸ ਸਾਰੇ ਇਲਾਕੇ ਵਿਚ ਵੱਸੇ ਹੋਏ ਸਨ। ਅੰਗਰੇਜ਼ ਅੰਦਰੋ-ਅੰਦਰੀ ਉਨ੍ਹਾਂ ਤੋਂ ਭੈਅ ਖਾਂਦੇ ਸਨ ਤੇ ਸ਼ਹਿਰ ਦਾ ਇਹੋ ਉਹ ਹਿੱਸਾ ਸੀ ਜਿਹੜਾ ਉਨ੍ਹਾਂ ਨੇ ਹਾਲਾਤ ਦੇ ਬੇਕਾਬੂ ਹੋ ਜਾਣ ਦੀ ਸੂਰਤ ਵਿਚ ਸੇਫ਼ਟੀ ਵਾਲਵ (ਸੁਰੱਖਿਆ ਰਸਤੇ) ਵਜੋਂ ਰੱਖ ਲਿਆ ਸੀ। ਇਤਿਹਾਸ ਗਵਾਹ ਹੈ ਕਿ ਅਜਿਹਾ ਨਹੀਂ ਹੋ ਸਕਿਆ ਅਤੇ 1857 ਦੇ ਗ਼ਦਰ ਦੀ ਨਾਕਾਮੀ ਲਈ ਲੀਡਰਸ਼ਿਪ ਦੀ ਕਮੀ ਸਭ ਤੋਂ ਵੱਡਾ ਕਾਰਨ ਸੀ। ਹਿੰਦੋਸਤਾਨੀ ਬਰ-ਏ-ਸਗ਼ੀਰ ਵਿਚ ਕੁਝ ਚੀਜ਼ਾਂ ਕਦੇ ਨਹੀਂ ਬਦਲਦੀਆਂ।



ਦੋਮੋਰੀਆ ਪੁਲ਼ ਦੇ ਐਨ ਸਾਹਮਣੇ ਸਥਿਤ ਯੱਕੀ ਗੇਟ ਉਹ ਥਾਂ ਸੀ ਜਿੱਥੇ ਘੋੜਾ ਤੇ ਬੈਲ ਗੱਡੀਆਂ ਖੜ੍ਹਨ ਲਈ ਅੱਡਾ ਬਣਿਆ ਸੀ। ਇਸ ਦਾ ਨਾਂ ਵੀ 'ਯੱਕਾ' ਤੋਂ ਪਿਆ ਸੀ ਜਿਹੜੇ ਉਸ ਵੇਲੇ ਆਵਾਜਾਈ ਲਈ ਵਰਤੇ ਜਾਂਦੇ ਆਮ ਵਾਹਨ ਸਨ। ਇਸੇ ਗੇਟ ਰਾਹੀਂ ਸਬਜ਼ੀਆਂ ਤੇ ਹੋਰ ਜ਼ਰੂਰੀ ਚੀਜ਼ਾਂ ਸ਼ਹਿਰ ਪੁੱਜਦੀਆਂ ਸਨ, ਸਾਰੀਆਂ ਵਿਸ਼ੇਸ਼ ਚੀਜ਼ਾਂ ਅਗਾਂਹ ਅੰਦਰੂਨੀ ਸ਼ਹਿਰ ਵਿਚਲੇ ਆਪੋ-ਆਪਣੇ ਖ਼ਾਸ ਬਾਜ਼ਾਰਾਂ ਵਿਚ ਜਾਂਦੀਆਂ। ਇਕ ਤਰ੍ਹਾਂ ਪਿਛਲੇ ਇਕ ਹਜ਼ਾਰ ਤੋਂ ਵੱਧ ਸਾਲਾਂ ਤੋਂ ਅਜਿਹਾ ਚੱਲਦਾ ਆ ਰਿਹਾ ਸੀ। ਹੁਣ ਇਨ੍ਹਾਂ ਵਿਚੋਂ ਸਿਰਫ਼ ਸਬਜ਼ੀਆਂ ਵਾਲਾ ਹਿੱਸਾ ਹੀ ਇੱਥੋਂ ਬਦਲ ਕੇ ਪੱਛਮ ਵੱਲ ਨੂੰ ਚਲਾ ਗਿਆ ਹੈ ਅਤੇ ਅਜੋਕੀ ਸਬਜ਼ੀ ਮੰਡੀ ਰੇਲਵੇ ਲਾਈਨਾਂ ਦੇ ਕਰੀਬ ਹੈ ਜਿੱਥੋਂ ਇਹ ਅਗਾਂਹ ਰਾਵੀ ਵੱਲ ਜਾਂਦੀਆਂ ਹਨ।

ਅੰਦਰੂਨੀ ਸ਼ਹਿਰ ਦੇ ਇਸ ਉੱਤਰ-ਪੂਰਬੀ ਹਿੱਸੇ ਵਿਚ ਸੜਕਾਂ ਸਭ ਤੋਂ ਵੱਧ ਭੀੜੀਆਂ ਸਨ। ਇਸ ਦਾ ਬਾਹਰਲਾ ਟਿਕਾਣਾ ਮੁਹੱਲਾ ਤੇਲੀਆਂ ਸੀ ਜਿੱਥੇ ਗੱਡਿਆਂ ਰਾਹੀਂ ਸਰ੍ਹੋਂ ਦੀ ਫ਼ਸਲ ਲਿਆਂਦੀ ਜਾਂਦੀ ਅਤੇ ਉਸ ਦਾ ਤੇਲ ਕੱਢਿਆ ਜਾਂਦਾ। ਹੁਣ ਸਿਹਤ ਬਾਰੇ ਸੁਚੇਤ ਹੋਣ ਕਾਰਨ ਵੱਡੀ ਗਿਣਤੀ ਲੋਕ ਮੁੜ ਇਸ ਤੇਲ ਦਾ ਇਸਤੇਮਾਲ ਕਰਨ ਲੱਗੇ ਹਨ, ਕਿਉਂਕਿ ਪੱਛਮੀ ਸਿਹਤ ਮਾਹਿਰਾਂ ਨੇ ਹਾਲ ਹੀ ਵਿਚ ਪਤਾ ਲਾਇਆ ਹੈ ਕਿ ਇਹ (ਸਰ੍ਹੋਂ ਦਾ ਤੇਲ) ਕੋਲੈਸਟਰੋਲ ਘਟਾਉਂਦਾ ਹੈ ਅਤੇ ਇਸ ਵਿਚ ਉਹ ਸਾਰੇ ਤੱਤ ਮੌਜੂਦ ਹਨ ਜਿਹੜੇ ਤੰਦਰੁਸਤ ਤੇ ਜਵਾਨ ਰਹਿਣ ਲਈ ਲੋੜੀਂਦੇ ਹਨ। ਇਹ ਹਾਲੇ ਵੀ ਅੰਦਰੂਨੀ ਸ਼ਹਿਰ ਦਾ ਅਜਿਹਾ ਹਿੱਸਾ ਹੈ ਜਿੱਥੇ ਬੜੇ ਘੱਟ ਲੋਕ ਜਾਂਦੇ ਹਨ, ਭਾਵੇਂ ਕਿ ਇੱਥੇ ਸੰਭਵ ਤੌਰ 'ਤੇ ਸ਼ਹਿਰ ਦੀਆਂ ਸਭ ਤੋਂ ਪੁਰਾਣੀਆਂ ਇਮਾਰਤਾਂ ਮੌਜੂਦ ਹਨ। ਨਾਲ ਹੀ ਇਹੋ ਸ਼ਹਿਰ ਦਾ ਉਹ ਹਿੱਸਾ ਸੀ ਜਿਸ ਨੂੰ ਬਾਦਸ਼ਾਹ ਬਾਬਰ ਨੇ ਢਹਿ ਢੇਰੀ ਨਹੀਂ ਸੀ ਕੀਤਾ। ਸ਼ਹਿਰ ਦੇ ਇਸੇ ਹਿੱਸੇ ਵਿਚ ਵਜ਼ੀਰ ਖ਼ਾਨ ਮਸਜਿਦ ਵੀ ਹੈ ਜੋ ਸੰਭਵ ਤੌਰ 'ਤੇ ਬਰ-ਏ-ਸਗ਼ੀਰ ਦੀ ਸਭ ਤੋਂ ਖ਼ੂਬਸੂਰਤ ਮਸਜਿਦ ਹੈ।

ਅਫ਼ਸੋਸ, ਬਰ-ਏ-ਸਗ਼ੀਰ ਦੀ ਵੰਡ ਵੇਲੇ ਫ਼ਿਰਕੂ ਜਨੂੰਨੀਆਂ ਨੇ ਵੱਡੀ ਗਿਣਤੀ ਲੋਕਾਂ ਨੂੰ ਅੱਗਾਂ ਲਾ ਕੇ ਸਾੜ ਦਿੱਤਾ ਅਤੇ ਇਸ ਹਿੱਸੇ ਨੂੰ ਸੀਲ ਕੀਤਾ ਗਿਆ ਹੋਣ ਕਾਰਨ ਲੋਕਾਂ ਨੂੰ ਬਚ ਨਿਕਲਣ ਦਾ ਮੌਕਾ ਨਾ ਮਿਲਿਆ। ਨੁਕਸਾਨ ਸ਼ਹਿਰ ਦੇ ਅੰਦਰੋਂ ਹੀ ਹੋਇਆ। ਪਾਕਿਸਤਾਨੀ ਕੱਪੜਾ ਬਾਜ਼ਾਰ ਦੀ ਹੋਂਦ ਇਸ ਗੱਲ ਦਾ ਸਬੂਤ ਹੈ ਕਿ ਕਿਵੇਂ ਅਸੀਂ ਆਪਣੀ ਉਸ ਬਿਹਤਰੀਨ ਵਿਰਾਸਤ ਨੂੰ ਮੁੜ ਉਸਾਰਨ ਵਿਚ ਕਾਮਯਾਬ ਹੋਏ ਹਾਂ ਜਿਸ ਨੂੰ ਅਸੀਂ ਆਪਣੇ ਹੱਥੀਂ ਤਬਾਹ ਕਰ ਦਿੱਤਾ ਸੀ। ਮੁਗ਼ਲ ਕਾਲ ਵਿਚ ਲਾਹੌਰ ਸ਼ਹਿਰ ਦੁਆਲੇ ਨੌਂ ਮੀਟਰ ਉੱਚੀ ਕੰਧ ਬਣੀ ਹੋਈ ਸੀ ਜਿਸ ਦੇ ਨਾਲ ਡੂੰਘੀ ਖਾਈ ਪੁੱਟੀ ਹੋਈ ਸੀ। ਸ਼ਹਿਰ ਅੰਦਰ ਵੜਣ ਲਈ 13 ਦਰਵਾਜ਼ੇ ਸਨ ਜਿਨ੍ਹਾਂ ਦੇ ਨਾਂ ਸਨ: ਦਿੱਲੀ ਦਰਵਾਜ਼ਾ, ਰੌਸ਼ਨਾਈ ਦਰਵਾਜ਼ਾ, ਅਕਬਰੀ ਦਰਵਾਜ਼ਾ, ਯੱਕੀ ਦਰਵਾਜ਼ਾ, ਭੱਟੀ ਦਰਵਾਜ਼ਾ, ਸ਼ੇਰਾਂ ਵਾਲਾ ਦਰਵਾਜ਼ਾ, ਲੋਹਾਰੀ ਦਰਵਾਜ਼ਾ, ਕਸ਼ਮੀਰੀ ਦਰਵਾਜ਼ਾ, ਮੋਰੀ ਦਰਵਾਜ਼ਾ, ਮਸਤੀ ਦਰਵਾਜ਼ਾ, ਸ਼ਾਹ ਆਲਮ ਦਰਵਾਜ਼ਾ, ਟਕਸਾਲੀ ਦਰਵਾਜ਼ਾ, ਮੋਚੀ ਦਰਵਾਜ਼ਾ। ਹੁਣ ਇਨ੍ਹਾਂ ਵਿਚੋਂ ਛੇ ਦਰਵਾਜ਼ੇ ਹੀ ਬਚੇ ਹਨ। ਬਾਕੀ ਦਰਵਾਜ਼ੇ ਹਮਲਾਵਰਾਂ ਦੇ ਹਮਲਿਆਂ ਅਤੇ ਹੋਰ ਕਾਰਨਾਂ ਕਰਕੇ ਢਹਿ ਢੇਰੀ ਹੋ ਗਏ। ਇਸ ਸਭ ਦੇ ਬਾਵਜੂਦ ਲਾਹੌਰ ਦੇ ਦਰਵਾਜ਼ੇ ਏਨੇ ਪ੍ਰਸਿੱਧ ਹਨ ਕਿ ਇਨ੍ਹਾਂ ਬਾਬਤ ਗੀਤ ਵੀ ਲਿਖੇ ਗਏ। ਜਗਮੋਹਨ ਕੌਰ ਦਾ ਗਾਇਆ ਇਹ ਗੀਤ ਕਾਫ਼ੀ ਮਕਬੂਲ ਹੋਇਆ:

ਦਾਲ ਦੱਸ ਖਾਂ ਸ਼ਹਿਰ ਲਾਹੌਰ ਅੰਦਰ
ਬਈ ਕਿੰਨੇ ਬੂਹੇ ਤੇ ਕਿੰਨੀਆਂ ਬਾਰੀਆਂ ਨੇ।
ਨਾਲੇ ਦੱਸ ਖਾਂ ਉੱਥੋਂ ਦੀਆਂ ਇੱਟਾਂ,
ਕਿੰਨੀਆਂ ਟੁੱਟੀਆਂ ਤੇ ਕਿੰਨੀਆਂ ਸਾਰੀਆਂ ਨੇ।

# ਸੋਸ਼ਲ ਮੀਡੀਆ 'ਤੇ ਨਾ ਕਰੋ ਵਕਤ ਦੀ ਬਰਬਾਦੀ

ਸੋਸ਼ਲ ਮੀਡੀਆ ਦੀ ਆਮਦ ਨਾਲ ਕੌਮਾਂ ਦੇ ਬੌਧਿਕ ਪੱਧਰ ਦਾ ਸੱਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਰੋਜ਼ਾਨਾ ਵਾਇਰਲ ਹੋ ਰਹੀਆਂ ਵੀਡੀਓਜ਼ 'ਚੋਂ 99 ਫ਼ੀਸਦੀ ਵਕਤ ਦੀ ਬਰਬਾਦੀ ਤੋਂ ਸਿਵਾਏ ਕੁਝ ਨਹੀਂ ਹੁੰਦੀਆਂ। ਇਨ੍ਹਾਂ ਵੀਡੀਓਜ਼ ਵਿਚ ਪੰਜਾਬੀਆਂ ਦੀ ਬੌਧਿਕ ਕੰਗਾਲੀ ਦੀ ਮੂੰਹ ਬੋਲਦੀ ਤਸਵੀਰ ਨੂੰ ਵੇਖਿਆ ਤੇ ਸਮਝਿਆ ਜਾ ਸਕਦਾ ਹੈ। ਇਕੱਲੇ ਪੰਜਾਬੀਆਂ 'ਚ ਹੀ ਸੋਸ਼ਲ ਮੀਡੀਆ ਉੱਪਰ ਗ਼ੈਰ ਜ਼ਰੂਰੀ ਤੇ ਫ਼ਜ਼ੂਲ ਵੀਡੀਓਜ਼ ਦੇਖਣ ਵਾਲੀ ਬਿਮਾਰੀ ਨਹੀਂ ਚਿੰਬੜੀ ਹੋਈ ਸਗੋਂ ਹਰ ਤਬਕੇ ਵਿਚ ਇਹ ਬਿਮਾਰੀ ਵੱਡਾ ਤੇ ਖ਼ਤਰਨਾਕ ਰੂਪ ਅਖ਼ਤਿਆਰ ਕਰ ਚੁੱਕੀ ਹੈ।

ਅੱਜਕੱਲ੍ਹ ਸੋਸ਼ਲ ਮੀਡੀਆ ਉੱਪਰ ਪਤੀ- ਪਤਨੀ , ਸਕੂਲ- ਕਾਲਜ, ਖੇਤੀਬਾੜੀ, ਦਫ਼ਤਰਾਂ, ਲੜਾਈ- ਝਗੜੇ ਤੇ ਅਸ਼ਲੀਲਤਾ ਨਾਲ ਸਬੰਧਤ ਵੀਡੀਓ ਰੋਜ਼ ਵਾਇਰਲ ਹੋ ਰਹੀਆਂ ਹਨ। ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਇਨ੍ਹਾਂ ਵੀਡੀਓਜ਼ ਨੂੰ ਪ੍ਰਮੋਟ ਕੀਤਾ ਜਾਂਦਾ ਹੈ। ਚੰਗੇ ਪੜ੍ਹੇ- ਲਿਖੇ ਲੋਕ ਕੁਮੈਂਟ, ਲਾਈਕ ਤੇ ਸ਼ੇਅਰ ਕਰਦੇ ਵੇਖੇ ਜਾ ਸਕਦੇ ਹਨ। ਇਨ੍ਹਾਂ ਵੀਡੀਓਜ਼ ਵਿਚ ਕਦੇ ਲੜਾਈ- ਝਗੜੇ ਨੂੰ ਕੌਮਾਂ ਦੀ ਅਣਖ਼ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ ਤੇ ਕਦੇ ਬਹਾਦਰੀ ਨਾਲ।

ਕਦੇ ਮਾਨਸਿਕ ਰੂਪ ਵਿਚ ਕਮਜ਼ੋਰ ਵਿਅਕਤੀ ਨੂੰ ਪੇਸ਼ ਕੀਤਾ ਜਾਂਦਾ ਹੈ ਤੇ ਕਦੇ ਬੇਸੁਰੇ ਬੰਦਿਆਂ ਨੂੰ ਗੀਤ ਗਾਉਂਦਿਆਂ। ਕਦੇ ਅਸ਼ਲੀਲ ਗੱਲਬਾਤ ਨੂੰ ਦੋਹਰੇ ਅਰਥਾਂ ਵਿਚ ਬੋਲਿਆ ਜਾਂਦਾ ਹੈ ਤੇ ਕਦੇ ਔਰਤਾਂ ਪ੍ਰਤੀ ਗੰਦੇ ਮਜ਼ਾਕ ਕੀਤੇ ਜਾਂਦੇ ਹਨ। ਬੇਸ਼ਰਮੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਬੀਬੀਆਂ ਵੀ ਅਸ਼ਲੀਲ ਗੱਲਬਾਤ, ਨਾਚ, ਕੱਪੜੇ ਤੇ ਲੜਾਈ ਨੂੰ ਵੀਡੀਓਜ਼ ਰਾਹੀਂ ਸੋਸ਼ਲ ਮੀਡੀਆ ਉੱਪਰ ਪਾਉਂਦੀਆਂ ਤੇ ਪ੍ਰਮੋਟ ਕਰਦੀਆਂ ਹਨ। ਇਨ੍ਹਾਂ ਦਾ ਮੂਲ ਮਕਸਦ ਮਸ਼ਹੂਰੀ ਪ੍ਰਾਪਤ ਕਰਨਾ ਹੁੰਦਾ ਹੈ। ਇਹ ਲੋਕ ਆਪਣੇ ਆਪ ਨੂੰ 'ਸਟਾਰ' ਤੇ ਸਮਾਜ ਵਿਚ ਪਛਾਣ ਬਣਾਉਣਾ ਚਾਹੁੰਦੇ ਹਨ। ਇਸੇ ਲਈ ਹਜ਼ਾਰਾਂ ਵੀਡੀਓਜ਼ ਸੋਸ਼ਲ ਮੀਡੀਆ ਉੱਪਰ ਵਾਇਰਲ ਹੋ ਰਹੀਆਂ ਹਨ।

ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਵੀ ਹੈ ਕਿ ਅੱਜਕੱਲ੍ਹ ਸੋਸ਼ਲ ਮੀਡੀਆ ਉੱਪਰ ਫ਼ਜ਼ੂਲ ਦੇ 'ਪੇਜ' ਧੜਾਧੜ ਬਣ ਰਹੇ ਹਨ। ਇਨ੍ਹਾਂ 'ਪੇਜਾਂ' ਨੂੰ ਲੱਖਾਂ ਲੋਕ ਫਾਲੋ ਕਰਦੇ ਹਨ। ਟੀਵੀ ਦੇਖਣ ਦਾ ਰੁਝਾਨ ਘਟਦਾ ਜਾ ਰਿਹਾ ਹੈ ਤੇ ਲੋਕ ਮੋਬਾਈਲ ਉੱਪਰ ਹੀ ਸਾਰੀਆਂ ਖ਼ਬਰਾਂ ਪ੍ਰਾਪਤ ਕਰਨਾ ਚਾਹੁੰਦੇ ਹਨ। ਸ਼ਾਇਦ ਇਸੇ ਕਰਕੇ ਹੀ ਵੈੱਬ ਟੀਵੀ ਦਾ ਰੁਝਾਨ ਸਿਖ਼ਰਾਂ 'ਤੇ ਹੈ। ਹਰ ਤੀਜੇ ਦਿਨ ਨਵਾਂ ਚੈਨਲ ਸੋਸ਼ਲ ਮੀਡੀਆ ਉੱਪਰ ਪੈਦਾ ਹੋ ਰਿਹਾ ਹੈ। ਇਹ ਚੈਨਲ ਹਰ ਹੀਲੇ ਲੋਕਾਂ ਨੂੰ ਆਪਣੇ ਨਾਲ ਜੋੜਨਾ ਚਾਹੁੰਦੇ ਹਨ। ਇਸੇ ਕਰਕੇ ਹਰ ਤਰ੍ਹਾਂ ਦੀ ਵੀਡੀਓ ਨੂੰ ਬਿਨਾਂ ਸੋਚੇ- ਵਿਚਾਰੇ ਦਰਸ਼ਕਾਂ ਸਾਹਮਣੇ ਪਰੋਸ ਦਿੱਤਾ ਜਾਂਦਾ ਹੈ।

ਆਈਟੀ ਦੇ ਜਾਣਕਾਰ ਲੋਕ 'ਵੈੱਬ ਪੇਜ' ਬਣਾ ਕੇ ਲੱਖਾਂ ਰੁਪਏ ਦਾ ਵਪਾਰ ਕਰ ਰਹੇ ਹਨ ਪਰ ਆਮ ਲੋਕ ਇਨ੍ਹਾਂ 'ਪੇਜਾਂ' ਦੇ ਚੱਕਰ ਵਿਚ ਗ਼ਲਤ ਜਾਣਕਾਰੀ ਹਾਸਲ ਕਰ ਰਹੇ ਹਨ। ਇਨ੍ਹਾਂ ਗ਼ਲਤ ਜਾਣਕਾਰੀਆਂ ਕਰਕੇ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਕਦੇ- ਕਦੇ ਤਾਂ ਸਮਾਜ ਵਿਚ ਤਣਾਅ ਦਾ ਮਾਹੌਲ ਵੀ ਬਣ ਜਾਣ ਜਾਂਦਾ ਹੈ। ਇਨ੍ਹਾਂ ਦਾ ਮੂਲ ਕਾਰਨ ਆਪੂ ਬਣੇ ਚੈਨਲਾਂ ਦੀਆਂ ਬੇਤੁਕੀਆਂ ਖ਼ਬਰਾਂ ਹੁੰਦੀਆਂ ਹਨ। ਇਨ੍ਹਾਂ ਚੈਨਲਾਂ ਦਾ ਮੂਲ ਮਕਸਦ ਆਪਣੀ ਮਸ਼ਹੂਰੀ ਕਰਨਾ, ਪੈਸਾ ਕਮਾਉਣਾ ਤੇ ਵੱਧ ਤੋਂ ਵੱਧ ਲੋਕਾਂ ਤਕ ਆਪਣੀ ਪਹੁੰਚ ਬਣਾਉਣਾ ਹੁੰਦਾ ਹੈ। ਇੱਥੇ ਕੁਝ ਅਹਿਮ ਨੁਕਤੇ ਦਿੱਤੇ ਜਾ ਰਹੇ ਹਨ, ਜਿਸ ਨਾਲ ਅਜਿਹੇ ਲੋਕਾਂ ਨੂੰ ਠੱਲ ਪਾਈ ਜਾ ਸਕਦੀ ਹੈ।

ਇਨ੍ਹਾਂ ਨੁਕਤਿਆਂ 'ਤੇ ਚੱਲ ਕੇ ਅਜਿਹੇ ਲੋਕਾਂ ਨੂੰ ਅਸਫ਼ਲ ਕੀਤਾ ਜਾ ਸਕਦਾ ਹੈ, ਜਿਹੜੇ ਨਕਾਰਾਤਮਕਤਾ ਭਰਪੂਰ ਵੀਡੀਓਜ਼ ਰਾਹੀਂ ਮਕਬੂਲ ਹੋਣਾ ਚਾਹੁੰਦੇ ਹਨ, ਸੋਸ਼ਲ- ਮੀਡੀਆ ਉੱਪਰ ਸਫ਼ਲ ਹੋਣਾ ਤੇ ਪੈਸਾ ਕਮਾਉਣਾ ਚਾਹੁੰਦੇ ਹਨ।



ਸਭ ਤੋਂ ਪਹਿਲਾਂ ਤਾਂ ਵਾਧੂ ਦੀਆਂ ਵੀਡੀਓਜ਼ ਨੂੰ ਵੇਖਣਾ ਬੰਦ ਕਰਨਾ ਚਾਹੀਦਾ ਹੈ। ਜਿਸ ਜਾਣਕਾਰੀ ਦੀ ਤੁਹਾਨੂੰ ਜ਼ਰੂਰਤ ਹੈ, ਉਸ ਜ਼ਰੂਰਤ ਦੇ ਮੁਤਾਬਕ ਵੀਡੀਓ ਦੀ ਭਾਲ (ਸਰਚ) ਕੀਤੀ ਜਾ ਸਕਦੀ ਹੈ। ਵਾਧੂ ਦੀਆਂ ਵੀਡੀਓਜ਼ ਨੂੰ ਬਿਨਾਂ ਵੇਖੇ ਹੀ ਛੱਡ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਗ਼ੈਰ ਜ਼ਰੂਰੀ ਚੈਨਲਾਂ ਨੂੰ ਸਬਸਕਰਾਈਬ ਤੇ ਫਾਲੋ ਨਹੀਂ ਕਰਨਾ ਚਾਹੀਦਾ ਕਿਉਂਕਿ ਇਕ ਵਾਰ ਵੀਡੀਓ ਵੇਖਣ ਤੋਂ ਬਾਅਦ ਉਸ ਚੈਨਲ ਦੀ ਹਰ ਵੀਡੀਓ ਤੁਹਾਡੇ ਅਕਾਊਂਟ 'ਤੇ ਦਿਖਾਈ ਦੇਵੇਗੀ। ਅਸਲ ਵਿਚ ਭਾਰਤੀ ਤੇ ਪੰਜਾਬੀ ਲੋਕਾਂ ਦੀ ਮਨੋਬਿਰਤੀ ਹਰ ਥਾਂ ਉੱਪਰ ਨਕਾਰਾਤਮਕਤਾ ਨੂੰ ਭਾਲਦੀ ਹੈ। ਜਦੋਂ ਅਜਿਹੀਆਂ ਵੀਡੀਓਜ਼ ਅਪਲੋਡ ਹੁੰਦੀਆਂ ਹਨ ਤਾਂ ਲੋਕ ਆਪਣਾ ਮਨੋਰੰਜਨ ਕਰਨ ਹਿੱਤ ਅਜਿਹੀਆਂ ਵੀਡੀਓਜ਼ ਵੇਖਦੇ ਹਨ। ਜਦੋਂ ਵੀਡੀਓ ਨੂੰ ਬਹੁਤ ਲੋਕ ਵੱਡੀ ਗਿਣਤੀ 'ਚ ਦੇਖਦੇ, ਲਾਈਕ ਤੇ ਸ਼ੇਅਰ ਕਰਦੇ ਹਨ ਤਾਂ ਵੀਡੀਓ ਬਣਾਉਣ ਵਾਲੇ ਲੋਕ ਆਪਣੇ ਅਸਲ ਮਕਸਦ ਵਿਚ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਕਾਮਯਾਬੀ ਲਈ ਹੀ ਅਜਿਹੀ ਵੀਡੀਓ ਬਣਾਈ ਹੁੰਦੀ ਹੈ। ਇਨ੍ਹਾਂ ਲੋਕਾਂ ਦੀ ਕਾਮਯਾਬੀ ਕਰਕੇ ਹੋਰ ਲੋਕਾਂ ਨੂੰ ਹੱਲਾਸ਼ੇਰੀ ਮਿਲਦੀ ਹੈ ਤੇ ਉਹ ਵੀ ਅਜਿਹੀਆਂ ਫ਼ਜ਼ੂਲ ਵੀਡੀਓਜ਼ ਬਣਾ ਕੇ ਸੋਸ਼ਲ ਮੀਡੀਆ ਉੱਪਰ ਪਾਉਣ ਲੱਗਦੇ ਹਨ। ਇਸ ਕਰਕੇ ਅੱਜ 99 ਫ਼ੀਸਦੀ ਵੀਡੀਓਜ਼ ਫ਼ਜ਼ੂਲ ਹੁੰਦੀਆਂ ਹਨ, ਜਿਨ੍ਹਾਂ ਨਾਲ ਵਕਤ ਦੀ ਬਰਬਾਦੀ ਹੁੰਦੀ ਹੈ ਪਰ ਅਸੀਂ ਅਣਜਾਣਪੁਣੇ ਵਿਚ ਅਜਿਹੀਆਂ ਵੀਡੀਓਜ਼ ਨੂੰ ਸਫ਼ਲ ਕਰ ਦਿੰਦੇ ਹਾਂ।

ਹਰ ਵੀਡੀਓ ਉੱਪਰ ਕੁਮੈਂਟ ਨਹੀਂ ਕਰਨਾ ਚਾਹੀਦਾ। ਹਾਂ, ਜੇ ਤੁਸੀਂ ਆਪਣੇ ਵਿਚਾਰ ਸਾਂਝੇ ਕਰਨਾ ਚਾਹੁੰਦੇ ਹੋ ਤਾਂ ਸਾਰਥਿਕ ਵੀਡੀਓ ਉੱਪਰ ਵਿਚਾਰ ਜ਼ਰੂਰ ਸਾਂਝੇ ਕਰੋ ਪਰ ਐਵੇਂ ਹਰ ਨਾਂਹ-ਪੱਖੀ ਵੀਡੀਓ ਉੱਪਰ ਕੁਮੈਂਟ ਕਰਨਾ ਫ਼ਜ਼ੂਲ ਵੀਡੀਓ ਨੂੰ ਪ੍ਰਮੋਟ ਕਰਨ ਵਾਲਾ ਕੰਮ ਹੋ ਨਿ-ਬੜਦਾ ਹੈ। ਇਸ ਨਾਲ ਇਕ ਨੁਕਸਾਨ ਇਹ ਵੀ ਹੁੰਦਾ ਹੈ ਕਿ ਉਹ ਵੀਡੀਓ ਤੁਹਾਡੇ ਦੋਸਤਾਂ-ਮਿੱਤਰਾਂ ਨੂੰ ਵੀ ਦਿਖਾਈ ਦੇਣ ਲੱਗਦੀ ਹੈ ਤੇ ਉਨ੍ਹਾਂ ਦੇ ਦੇਖਣ ਨਾਲ ਵੀਡੀਓ ਪ੍ਰਮੋਟ ਤੇ ਸਫ਼ਲ ਹੁੰਦੀ ਜਾਂਦੀ ਹੈ। ਇਹ ਲੜੀ ਇਸੇ ਤਰ੍ਹਾਂ ਅੱਗੇ ਤੋਂ ਅੱਗੇ ਤੁਰਦੀ ਜਾਂਦੀ ਹੈ ਤੇ ਵੀਡੀਓ ਬਣਾਉਣ ਵਾਲਾ ਆਪਣੇ ਮਕਸਦ ਵਿਚ ਸਫ਼ਲ ਹੋ ਜਾਂਦਾ ਹੈ।

ਦੂਜੀ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸੋਸ਼ਲ ਮੀਡੀਆ 'ਤੇ ਵਾਧੂ ਦੇ ਚੈਨਲਾਂ ਨੂੰ ਸਬਸਕਰਾਈਬ ਜਾਂ ਫਾਲੋ ਨਾ ਕਰੋ ਕਿਉਂਕਿ ਇਨ੍ਹਾਂ ਦੀਆਂ ਫ਼ਜ਼ੂਲ ਜਾਣਕਾਰੀਆਂ ਸਮਾਜ ਲਈ ਘਾਤਕ ਸਿੱਧ ਹੁੰਦੀਆਂ ਹਨ। ਉਪਰੋਕਤ ਨੁਕਤਿਆਂ 'ਤੇ ਚੱਲ ਕੇ ਅਸੀਂ ਬੇਲੋੜੀਆਂ ਵੀਡੀਓਜ਼ ਤੋਂ ਬਚ ਸਕਦੇ ਹਾਂ ਤੇ ਅਜਿਹੀਆਂ ਵੀਡੀਓਜ਼ ਦੇ ਅਸਲ ਮਕਸਦ ਨੂੰ ਠੱਲ ਪਾ ਸਕਦੇ ਹਾਂ ਤਾਂ ਕਿ ਭਵਿੱਖ ਵਿਚ ਅਜਿਹੀਆਂ ਗ਼ੈਰ ਜ਼ਰੂਰੀ ਵੀਡੀਓਜ਼ ਦੀ ਗਿਣਤੀ ਵਿਚ ਗਿਰਾਵਟ ਆ ਸਕੇ ਪਰ ਇਹ ਹੁੰਦਾ ਕਦੋਂ ਹੈ, ਇਹ ਅਜੇ ਭਵਿੱਖ ਦੀ ਕੁੱਖ 'ਚ ਹੈ।

**- ਡਾ. ਨਿਸ਼ਾਨ ਸਿੰਘ ਰਾਠੌਰ**

# MISSION PEAK BROKERS, INC

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CALIFORNIA ASSOCIATION OF BUSINESS BROKERS CABB
REALTOR